# ਕੈਨੇਡਾ ਦਰਪਣ

ਜਨਵਰੀ 15, 1983

**January 15, 1983**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

25¢ Out Of Greater Vancouver 40¢

# ਕੈਨੇਡਾ ਦਰਪਣ

THE CANADA DARPAN
PUNJABI FORTNIGHTLY

ADDRESS:
P.O. BOX 67344 STN. 'O'
VANCOUVER, B.C. V5W 3T1
CANADA

Publisher: ASIA BOOK COMPANY LTD.
Vol. 1 , No. 6 January 15,1983
PHONE: 324-6111

Hon.Editor DARSHAN GILL

## ਭਾਰਤ ਸਰਕਾਰ ਤੇ ਅਕਾਲੀ ਲੀਡਰਾਂ ਵਿਚਕਾਰ ਗਲਬਾਤ ਚੰਡੀਗੜ੍ਹ ਵਿਚ ਸ਼ੁਰੂ ਹੋ ਗਈ

## ਸਮੱਸਿਆਵਾਂ ਹੱਲ ਹੋਣ ਦੀ ਸੰਭਾਵਨਾ

ਚੰਡੀਗੜ੍ਹ(ਫੋਨ ਰਾਹੀਂ)—ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤ ਸਰਕਾਰ ਵਿਚ ਆਖਰ ਮੰਗਲਵਾਰ ਗਲਬਾਤ ਸ਼ੁਰੂ ਹੋ ਗਈ ਹੈ। ਭਾਰਤ ਸਰਕਾਰ ਵਲੋਂ ਸਮਝੌਤੇ ਲਈ ਗ੍ਰਹਿ ਮੰਤਰੀ ਪਰਕਾਸ਼ ਚੰਦ ਸੇਠੀ, ਰੱਖਿਆ ਮੰਤਰੀ ਰਾਮਾਸਵਾਮੀ ਵੈਂਕਟਰਮਨ ਅਤੇ ਊਰਜਾ ਮੰਤਰੀ ਸ਼ਿਵ ਸ਼ੰਕਰ ਸ਼ਾਮਲ ਹਨ।

ਇਸ ਗਲਬਾਤ ਦੌਰਾਨ ਪੰਜਾਬ ਦਾ ਗੰਧਲਿਆ ਵਾਤਾਵਰਣ ਸਾਫ ਕਰਨ ਲਈ ਯਤਨ ਕੀਤੇ ਜਾ ਰਹੇ ਹਨ।

ਲੰਮੀ ਜਦੋ ਜਹਿਦ ਪਿਛੋਂ ਅਕਾਲੀ ਦਲ ਵੀ ਇਸ ਗੱਲ ਲਈ ਰਜ਼ਾਮੰਦ ਹੋ ਗਿਆ ਹੈ ਕਿ ਮੋਰਚੇਬਾਜ਼ੀ ਨਾਲ ਪੰਜਾਬ ਦਾ ਮਾਹੌਲ ਵਿਗੜ ਰਿਹਾ ਹੈ ਤੇ ਖਾਲਿਸਤਾਨੀ ਤੇ ਅਤਿਵਾਦੀ ਅੰਸ਼ ਇਸ ਸਥਿਤੀ ਨੂੰ ਵਰਤ ਰਹੇ ਹਨ।

ਸਿਆਸੀ ਅਰਾਈਆਂ ਹਨ ਕਿ ਮੁੜ ਅਰੰਭੀ ਗਲਬਾਤ ਦੇ ਸਿੱਟੇ ਚੰਗੇ ਨਿਕਲਣਗੇ।

ਦੱਖਣੀ ਭਾਰਤ ਦੀਆਂ ਕਰਨਾਟਕ, ਆਂਧਰਾ ਪ੍ਰਦੇਸ਼ ਤੇ ਤਰੀਪੁਰਾ ਚੋਣਾਂ ਹਾਰਨ ਪਿਛੋਂ ਕਾਂਗਰਸੀ ਆਗੂ ਵੀ ਇਹ ਮਹਿਸੂਸ ਕਰਨ ਲਗ ਪਏ ਹਨ ਕਿ ਜੋ ਆਰਥਿਕ ਅਸੰਤੋਸ਼ ਲੋਕਾਂ ਵਿਚ ਫੈਲਿਆ ਹੈ। ਇਸ ਨਾਲ ਸਮੁੱਚੇ ਭਾਰਤ ਵਿਚ ਅਸੁਖਾਵੀਂ ਸਥਿਤੀ ਬਣ ਰਹੀ ਹੈ।

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ਼ ਵੀ ਅੰਦਰੂਨੀ ਫੁੱਟ, ਕਾਰਨ ਧੜਿਆਂ ਵਿਚ ਵੰਡੀਆਂ ਤੇ ਮੋਰਚੇ ਦੇ ਲੰਮੇ ਹੋ ਜਾਣ ਕਾਰਨ ਹੁਣ ਸੰਜੀਦਗੀ ਨਾਲ ਇਸ ਗਲਬਾਤ ਨੂੰ ਲੈ ਰਿਹਾ ਹੈ।

ਮੰਗਲਵਾਰ 11 ਜਨਵਰੀ ਨੂੰ ਇਹ ਗਲਬਾਤ ਚੰਡੀਗੜ੍ਹ ਵਿਚ ਸ਼ੁਰੂ ਹੋ ਗਈ ਹੈ। ਸਰਕਾਰੀ ਸੂਤਰਾਂ ਅਨੁਸਾਰ ਸਿੱਖਾਂ ਦੀਆਂ ਧਾਰਮਿਕ ਮੰਗਾਂ ਸਬੰਧੀ ਕੋਈ ਅੜਚਣ ਨਹੀਂ ਹੈ। ਅੰਮ੍ਰਿਤਸਰ ਨੂੰ ਪਵਿਤਰ ਸ਼ਹਿਰ ਦਾ ਦਰਜਾ ਵੀ ਦਿਤੇ ਜਾਣ ਦੀ ਸੰਭਾਵਨਾ ਹੈ।

ਗਲਬਾਤ ਵਿਚ ਸੂਬਿਆਂ ਨੂੰ ਵਧ ਅਧਿਕਾਰਾਂ ਦੇਣ ਦੇ ਸੁਆਲ ਤੇ ਹੀ ਅੜਚਣ ਪੈਣ ਦਾ ਖਤਰਾ ਹੈ।

ਇਹ ਸੰਭਾਵਨਾ ਵੀ ਰੱਦ ਨਹੀਂ ਕੀਤੀ ਜਾ ਸਕਦੀ ਕਿ ਭਾਰਤ ਵਿਚ ਮੁੜ ਤੋਂ ਕੇਂਦਰ ਤੇ ਰਾਜਾਂ ਦੇ ਅਧਿਕਾਰਾਂ ਬਾਰੇ ਕੋਈ ਕਮਿਸ਼ਨ ਨਿਯੁਕਤ ਕਰ ਦਿਤਾ ਜਾਏ।

---

**ਅਗਲੇ ਅੰਕ ਵਿਚ ਵਿਸ਼ੇਸ਼ ਸਪਲੀਮੈਂਟ ਪਾਕਿਸਤਾਨੀ ਪੰਜਾਬੀ ਲੇਖਕ ਫ਼ਖਰ ਜ਼ਮਾਨ**

### ਅੰਦਰ ਪੜ੍ਹੋ —

ਭਿੰਡਰਾਂਵਾਲੇ ਦਾ ਖਾਲਿਸਤਾਨੀ 'ਰਾਸ਼ਟਰਪਤੀ' ਨੂੰ ਖਤ

ਆਂਧਰਾ ਪ੍ਰਦੇਸ਼ ਵਿਚ ਇਕ ਫਿਲਮ ਸਾਜ਼ ਨੇ ਇੰਦਰਾ ਕਾਂਗਰਸ ਹਰਾ ਦਿਤੀ

ਬਦੇਸ਼ਾਂ ਵਿਚ ਕੁਝ ਲੋਕ ਪੰਜਾਬ ਦੀ ਸਥਿਤੀ ਵਿਗਾੜਨ ਦੇ ਜਤਨਾਂ ਵਿਚ

ਪਾਕਿ ਭਰਤੀ ਅਗਵਾਕਾਰਾਂ ਉਤੇ ਮੁਕੱਦਮਾ ਚਲਾਏਗਾ

ਸਪੈਸ਼ਲ ਕਾਲਮ —

ਵੀਡੀਓ ਦਾ ਜਾਦੂ

ਆਜ਼ਾਦੀ ਦੀ ਪਹਿਲੀ ਵੀਰਾਂਗਨ ਮਹਾਰਾਣੀ ਜ਼ਿੰਦਾਂ

ਮੂੰਹ ਆਈ ਬਾਤ ਨਾ ਰਹਿੰਦੀ ਹੈ

ਸਿੰਘ ਸਾਹਿਬ ਦੀ ਸ਼ਹਾਦਤ

ਫਿਲਮੀ ਦਰਪਣ

ਖੇਡ ਦਰਪਣ

**ਏਸ਼ੀਆ ਬੁੱਕ ਕੰਪਨੀ ਤੇ ਕਿਤਾਬਾਂ ਦੀ ਨਵੀਂ ਸ਼ਿਪਮੈਂਟ ਪਹੁੰਚ ਗਈ ਹੈ ਕਿਤਾਬਾਂ ਖਰੀਦਣ ਲਈ ਹੁਣੇ ਹੀ ਪਹੁੰਚੋ**



ਸਾਰੇ ਪੰਜਾਬੀ ਜਗਤ ਲਈ ਤੇ ਵਿਸ਼ੇਸ਼ ਕਰਕੇ ਪੰਜਾਬੀ ਬੋਲੀ ਦੇ ਦਾਅਵੇਦਾਰ ਸਿਖਾਂ ਲਈ ਇਹ ਗਲ ਜਿਥੇ ਖੁਸ਼ੀ ਲਿਆਂਉਂਦੀ ਹੈ ਉਸਦੇ ਨਾਲ ਹੀ ਸ਼ਰਮ ਦਾ ਪਰਗਟਾਵਾ ਵੀ ਕਿ ਜਦ ਆਵਾਸੀ ਸਿਖਾਂ ਦੀ ਸੰਤਾਨ ਪੰਜਾਬੀ ਬੋਲੀ ਤੇ ਸਭਿਆਚਾਰ ਨੂੰ ਦਿਨੋਂ ਦਿਨ ਤਲਾਂਜਲੀ ਦੇ ਰਹੀ ਹੈ ਉਥੇ ਅੰਗਰੇਜ ਸਾਡੀ ਬੋਲੀ ਨੂੰ ਅਪਨਾ ਹੀ ਨਹੀਂ ਰਹੇ ਸਗੋਂ ਨਾਮਨਾ ਵੀ ਖੱਟ ਰਹੇ ਹਨ। ਇਹ ਤਸਵੀਰ ਇਕ ਗੋਰੀ ਸੂਜਨ ਡਨੀਸ ਦੀ ਹੈ ਜਿਸਨੇ ਡਿਗਵਥ ਸਿਵਿਕ ਹਾਲ ਬਰਮਿੰਘਮ ਵਿਖੇ ਪੰਜਾਬੀ ਵਿਚ ਗੀਤ ਗਾਕੇ ਪਹਿਲਾ ਦਰਜਾ ਹਾਸਲ ਕੀਤਾ। ਇਹ ਗੋਰੀ ਅੰਨ੍ਹੀ ਹੈ ਅਤੇ ਇਸਨੂੰ ਪਰੋਮੋਟ ਕਰਨ ਵਾਲੇ ਸ: ਚੈਨ ਸਿਘ ਗਿੱਲ ਹਨ। ਸੰਗੀਤ ਸਤੀਸ਼ ਪਰਾਸ਼ਰ ਨੇ ਦਿਤਾ।

ਨਵੀਂ ਦਿੱਲੀ—ਭਿੰਡਰਾਂਵਾਲੇ ਨੇ ਜੋ ਖਤ ਡਾ: ਜਗਜੀਤ ਸਿੰਘ ਦੇ ਨਾਂ ਇੰਗਲੈਂਡ ਵਿਚ ਭੇਜਿਆ ਹੈ ਉਸਤੋਂ ਇਹ ਭਲੀ ਭਾਂਤ ਸਪੱਸ਼ਟ ਹੈ ਕਿ ਖਾਲਿਸਤਾਨੀ ਅਤੇ ਅਤਿਵਾਦੀ ਅੰਸ਼ ਮਿਲ ਕੇ ਲੌਂਗੋਵਾਲ, ਬਾਦਲ ਆਦਿ ਦੇ ਧੜੇ ਦੀਆਂ ਨਰਮ ਪਾਲਿਸੀਆਂ ਨੂੰ ਹਾਨੀ ਪਹੁੰਚਾਣਗੇ।

ਨਵੀਂ ਦਿੱਲੀ ਤੇ ਪੰਜਾਬ ਦੀਆਂ ਖਬਰਾਂ ਤੋਂ ਇਹ ਸੰਕੇਤ ਵੀ ਮਿਲੇ ਹਨ ਕਿ ਇਕ ਪਾਸੇ ਜਗਦੇਵ ਸਿੰਘ ਤਲਵੰਡੀ, ਟੌਹੜਾ, ਰਾਜਿੰਦਰ ਕੌਰ, ਭਿੰਡਰਾਂਵਾਲਾ ਆਦਿ ਦੇ ਧੜੇ ਇਕ ਪਲੇਟਫਾਰਮ ਤੇ ਇਕੱਠੇ ਹੋ ਰਹੇ ਹਨ ਤੇ ਦੂਜੇ ਪਾਸੇ ਬਾਦਲ, ਬਲਵੰਤ ਸਿੰਘ, ਰਵੀਇੰਦਰ ਸਿੰਘ ਤੇ ਲੌਂਗੋਵਾਲ ਦੇ ਧੜੇ ਆਪੋ ਵਿਚ ਇਕੱਠੇ ਹੋ ਰਹੇ ਹਨ। ਸੁਖਜਿੰਦਰ ਸਿੰਘ ਧੜਾ ਤਲਵੰਡੀ, ਟੌਹੜਾ, ਭਿੰਡਰਾਂ ਵਾਲਾ ਤੇ ਰਾਜਿੰਦਰ ਕੌਰ ਨੂੰ ਖਾਲਿਸਤਾਨੀ ਅਨਸਰਾਂ ਵੱਲ ਪਰੇਰ ਰਿਹਾ ਹੈ

26 ਜਨਵਰੀ ਨੂੰ ਰੀਪਬਲਿਕ ਦਿਵਸ ਤੇ ਅਕਾਲੀਆਂ ਦੇ ਵੱਖੋ ਵੱਖ ਧੜਿਅ ਵਲੋਂ ਵੱਖਰੇ ਵੱਖਰੇ ਪ੍ਰੋਗਰਾਮਾਂ ਬਾਰੇ ਬਿਆਨ ਬਾਜ਼ੀ ਚਲ ਰਹੀ ਹੈ।



ਇਹ ਤਸਵੀਰ ਸਰਦਾਰ ਸਤਨਾਮ ਸਿੰਘ ਦੀ ਹੈ ਜੋ ਕਿ ਹਾਲ ਹੀ ਵਿਚ ਬ੍ਰਿਟੇਨ ਵਿਚ ਸਪੈਸ਼ਲ ਪੁਲਿਸ ਕਾਨਸਟੇਬਲ ਨਿਯੁਕਤ ਹੋਇਆ ਹੈ। ਇਹ ਰਾਜਸਥਾਨ ਦਾ ਵਸਨੀਕ ਰਾਜਸਥਾਨ ਵਿਚ ਹੀ ਪੁਲਿਸ ਦੇ ਅਹੁਦੇ ਤੇ ਸੀ। ਇਹ ਪਹਿਲਾ ਸਿੱਖ ਹੈ ਜਿਸਨੂੰ ਕਿ ਪਗੜੀ ਸਮੇਤ ਇਹ ਅਹੁਦਾ ਪ੍ਰਾਪਤ ਹੋਇਆ।

## ਦਲ ਤੇ ਕੇਂਦਰ ਨੂੰ ਵਾਰਤਾ ਲਈ ਅਪੀਲ

ਪਟਨਾ—ਬਿਹਾਰ ਘੱਟ ਗਿਣਤੀ ਕਮਿਸ਼ਨ ਦੇ ਉਪ ਪ੍ਰਧਾਨ ਜੋਗਿੰਦਰ ਸਿੰਘ ਜੋਗੀ ਤੇ ਭਾਰਤ ਸਰਕਾਰ ਦੇ ਘਟ ਗਿਣਤੀ ਕਮਿਸ਼ਨ ਦੇ ਮੈਂਬਰ ਗਿਆਨੀ ਸੁਜਾਨ ਸਿੰਘ ਨੇ ਅਕਾਲੀ ਲੀਡਰਸ਼ਿਪ ਨੂੰ ਕੇਂਦਰ ਨਾਲ ਪੁਰਅਮਨ ਵਾਰਤਾ ਦੀ ਅਪੀਲ ਕੀਤੀ ਹੈ।

ਇਥੇ ਜਾਰੀ ਕੀਤੇ ਸਾਂਝੇ ਬਿਆਨ ਵਿਚ ਉਹਨਾਂ ਕਿਹਾ ਕਿ ਕੇਂਦਰ ਧਾਰਮਿਕ ਮੰਗ ਮੰਨ ਲਵੇ ਇਸ ਨਾਲ ਵਾਰਤਾ ਲਈ ਰਾਹ ਤਿਆਰ ਹੋਵੇਗਾ।

## ਪੰਜਾਬੀ ਸਿੱਖਾਂ ਦੀ ਬੋਲੀ —ਜ਼ੈਲ ਸਿੰਘ

ਨਵੀਂ ਦਿੱਲੀ—"ਪੰਜਾਬੀ ਸਿੱਖਾਂ ਦੀ ਬੋਲੀ ਹੈ" ਇਹ ਗੱਲ ਰਾਸ਼ਟਰਪਤੀ ਨੇ ਸ਼੍ਰੋਮਣੀ ਪੰਜਾਬੀ ਦੇ ਸਨਮਾਨ ਸਮਾਰੋਹ ਵਿਚ ਬੋਲਦਿਆਂ ਕਹੀ।

ਗਿਆਨੀ ਜ਼ੈਲ ਸਿੰਘ ਨੇ ਮਾਣ ਨਾਲ ਕਿਹਾ ਕਿ ਹਿੰਦੀ ਬੋਲੀ ਹਿੰਦੂਆਂ ਦੀ ਨਹੀਂ ਭਾਰਤ ਦੀ ਹੈ ਉਰਦੂ ਵੀ ਮੁਸਲਮਾਨਾਂ ਦੀ ਬੋਲੀ ਨਹੀਂ ਪਰ ਪੰਜਾਬੀ ਸੱਚੇ ਅਰਥਾਂ ਵਿਚ ਸਿੱਖਾਂ ਦੀ ਬੋਲੀ ਕਹੀ ਜਾ ਸਕਦੀ ਹੈ।

ਦੋ ਦਿਨ ਪਹਿਲਾਂ ਕੁਲ ਸੰਸਾਰ ਪੰਜਾਬੀ ਕਨਵੈਨਸ਼ਨ ਦਾ ਉਦਘਾਟਨ ਕਰਨ ਸਮੇਂ ਅੰਗਰੇਜ਼ੀ ਵਿਚ ਹੋ ਰਹੀਆਂ ਗੱਲਾਂ ਤੇ ਰਾਸ਼ਟਰਪਤੀ ਨੇ ਸਖਤ ਨਰਾਜ਼ਗੀ ਦਾ ਇਜ਼ਹਾਰ ਕੀਤਾ ਉਹਨਾਂ ਕਿਹਾ ਕਿ ਜਿਸ ਬੋਲੀ ਨੂੰ ਉਸਦੇ ਆਪਣੇ ਹੀ ਨਹੀਂ ਸਤਿਕਾਰਦੇ ਦੂਜਿਆਂ ਤੋਂ ਕੀ ਆਸ ਰੱਖੀ ਜਾ ਸਕਦੀ ਹੈ। ਉਹਨਾਂ ਪੰਜਾਬੀਆਂ ਨੂੰ ਸੱਦਾ ਦਿਤਾ ਕਿ ਉਹ ਪੰਜਾਬੀ ਭਾਵਨਾ ਪੈਦਾ ਕਰਦੇ ਸਮੇਂ ਦੂਜੀਆਂ ਬੋਲੀਆਂ ਦਾ ਵੀ ਸਤਿਕਾਰ ਕਰਨ। ਉਹਨਾਂ ਬੋਲੀ ਨੂੰ ਧਰਮ ਨਾਲ ਨਾ ਜੋੜਨ ਲਈ ਕਿਹਾ।

## ਬਰਤਾਨਵੀ ਫੌਜ 'ਚ ਭਾਰਤੀ ਅਫਸਰ ਦਾ ਸਨਮਾਨ

ਬਰਤਾਨੀਆਂ ਦੀ ਮਾਲਿਕਾ ਵਲੋਂ ਬ੍ਰਿਟਿਸ਼ ਫੌਜ ਵਿਚ ਕਮਾਂਡਿੰਗ ਅਫਸਰ ਵਜੋਂ ਕੰਮ ਕਰਨ ਵਾਲੇ ਇਕੋ ਇਕ ਸਿੱਖ ਡਾ: ਕੁਲਵੰਤ ਸਿੰਘ ਸੇਠੀ ਨੂੰ ਉਹਨਾਂ ਦੀਆਂ ਸੇਵਾਵਾਂ ਨੂੰ ਮੁਖ ਰਖਦਿਆਂ ਸਨਮਾਨਿਤ ਕੀਤਾ ਗਿਆ, ਫਾਕਲੈਂਡ ਨਾਲ ਲੜਾਈ ਸਮੇਂ ਉਹਨਾਂ ਨੇ ਐਂਬੂਲਸ ਟਾਸਕਫੋਰਸ ਨਾਲ ਕੰਮ ਕੀਤਾ ਸੀ।

## ਪ੍ਰਗਤੀਸ਼ੀਲ ਲੇਖਕਾਂ ਦਾ ਕੌਮੀ ਸਮਾਗਮ ਸ਼ੁਰੂ

ਜੈਪੁਰ—ਕੌਮੀ ਤਰੱਕੀ ਪਸੰਦ ਲੇਖਕ ਯੂਨੀਅਨ ਦਾ ਕੌਮੀ ਸਮਾਗਮ ਅੱਜ ਇਥੇ ਸ਼ੁਰੂ ਹੋ ਗਿਆ। ਇਸ ਵਿਚ ਦੇਸ਼ ਦੇ ਸਾਰੇ ਹਿੱਸਿਆ ਦੇ ਤਕਰੀਬਨ 500 ਪਰਮੁਖ ਲੇਖਕ ਹਿਸਾ ਲੈ ਰਹੇ ਹਨ। ਇਸ ਤੋਂ ਇਲਾਵਾ ਸੋਵੀਅਤ ਯੂਨੀਅਨ, ਫਲਸਤੀਨ, ਵੀਅਤਨਾਮ ਪਾਕਿਸਤਾਨ ਆਦਿ ਕਈ ਦੇਸ਼ਾਂ ਦੇ ਉਘੇ ਲੇਖਕ ਸੱਜਣ ਹਿਸਾ ਲੈ ਰਹੇ ਹਨ। ਹਿੰਦ ਵਿਚ ਬੁਲਗਾਰੀਆ ਦਾ ਰਾਜਦੂਤ ਵੀ ਇਸ ਸਮਾਗਮ ਵਿਚ ਪਹੁੰਚੇ ਹਨ।

# ਭਿੰਡਰਾਂਵਾਲੇ ਦਾ ਖਾਲਿਸਤਾਨੀ 'ਰਾਸ਼ਟਰਪਤੀ' ਨੂੰ ਖਤ

ੴ ਵਾਹਿਗੁਰੂ ਜੀ ਕੀ ਫਤਹਿ

ਜਰਨੈਲ ਸਿੰਘ ਖਾਲਸਾ
(ਗੁਰੂ ਨਾਨਕ ਨਿਵਾਸ,
ਸ੍ਰੀ ਅੰਮ੍ਰਿਤਸਰ)
ਮਿਤੀ: 12-12-1982

ਪ੍ਰੇਮ ਸਤਿਕਾਰ ਯੋਗ ਡਾਕਟਰ ਜਗਜੀਤ ਸਿੰਘ ਜੀ,
ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ॥

ਮੈਨੂੰ ਇਸ ਗੱਲ ਦੀ ਅਤੀ ਪ੍ਰਸੰਨਤਾ ਹੈ ਕਿ ਤੁਸੀਂ ਯੂਰਪ [illegible] ਆਦਿ ਦੇਸ਼ਾਂ ਵਿਚ [illegible] ਅਤੇ ਅਮਰੀਕਾ ਤੇ ਕੈਨੇਡਾ ਦਾ ਦੌਰਾ ਕਰਦੇ ਹੋਏ, ਸਿੱਖ ਕੌਮ ਅਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਦਿਨ ਰਾਤ ਇਕ ਕਰਕੇ ਕੰਮ ਕਰ ਰਹੇ ਹੋ। ਤੁਹਾਡਾ ਜੋ ਮੈਨੂੰ ਪਿਛਲੇ ਦਿਨੀਂ ਬਲਬੀਰ ਸਿੰਘ ਸੰਧੂ ਰਾਹੀਂ ਪੱਤਰ ਭੇਜਿਆ ਸੀ ਉਸਨੂੰ ਪੜ੍ਹ ਕੇ ਮੈਂ ਇਸ ਸਿੱਟੇ 'ਤੇ ਪੁੱਜਾ ਹਾਂ ਕਿ ਤੁਸਾਂ ਜੋ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ, ਸਿੰਘ ਸਾਹਿਬ ਜਥੇਦਾਰ ਕਿਰਪਾਲ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਹੋਰ ਅਕਾਲੀ ਆਗੂਆਂ ਨੂੰ ਤੇ ਪੰਥ ਦਰਦੀਆਂ ਨੂੰ ਵਰਤਮਾਨ ਦੌਰ ਵਿਚ ਚੱਲ ਰਹੇ ਅਕਾਲੀ ਮੋਰਚੇ ਦੇ ਸਬੰਧ ਤੇ [illegible] ਸਬੰਧੀ ਸੁਝਾਅ ਦਿੱਤੇ ਤੇ ਸਲਾਹ ਦਿੱਤੀ ਹੈ ਉਹ ਬਹੁਤ ਹੱਦ ਤੱਕ ਠੀਕ ਹੀ ਹੈ ਅਤੇ ਪੰਥ ਨੂੰ ਲੋੜੀਂਦੀ ਸੇਧ ਤੇ ਸ਼ਕਤੀ ਦੇਣ ਪੱਖੋਂ ਉਸਾਰੂ ਵੀ ਹੈ।

ਮੈਂ ਤੁਹਾਡੀ ਇਸ ਗੱਲ ਨਾਲ ਸਹਿਮਤ ਹਾਂ ਕਿ ਸਾਡੀ ਨਜ਼ਾਤਾ [illegible] ਤੋਂ ਬਿਨਾ ਕੌਮ ਦੀਆਂ ਕੁਰਬਾਨੀਆਂ ਦੇ ਅਜਾਈਂ ਜਾਣ ਦਾ ਡਰ ਹੁੰਦਾ ਹੈ। ਇਸ ਕਰਕੇ ਪੰਥਕ ਆਗੂਆਂ ਨੂੰ ਪੰਥ ਦਾ [illegible] ਨਿਸ਼ਾਨਾ ਮਿਥ ਕੇ ਫਿਰ ਸਰਕਾਰ ਨਾਲ ਲੜਾਈ ਪੂਰੇ ਜੋਸ਼ ਤੇ ਜਜ਼ਬੇ ਨਾਲ ਲੜਨੀ ਚਾਹੀਦੀ ਹੈ। ਤੁਸਾਂ ਪੰਥਕ ਆਗੂਆਂ ਦੇ [illegible] ਵਿਚ ਪੰਥ ਦੇ ਸਾਹਮਣੇ ਆਪਣੀ ਦੇਸ਼ ਇਕ [illegible] ਵੀ ਪੇਸ਼ ਕੀਤਾ ਸੀ ਕਿ ਦੂਜਾ ਅਧਿਕਾਰ ਲੈਣੇ ਔਖੇ ਹਨ ਅਤੇ ਖਾਲਿਸਤਾਨ ਬਣਾਉਣਾ ਸੌਖਾ ਹੈ। ਖੈਰ, ਇਸ ਬਾਰੇ ਤਾਂ ਸਮੁੱਚਾ ਖਾਲਸਾ ਹੀ ਫੈਸਲਾ ਕਰੇਗਾ। ਪਰ ਮੈਂ ਤਾਂ ਆਪ ਵਰਗੇ ਪੰਥ ਦੀ ਆਜ਼ਾਦ ਹਸਤੀ ਨੂੰ ਪ੍ਰਮਾਣ ਕਰਨ ਅਤੇ ਖਾਲਸਾ ਜੀ ਦੇ ਬੋਲ ਬਾਲੇ ਨੂੰ [illegible] ਵੇਖਣ ਵਾਲੇ ਜੋ ਭਾਰੀ ਯਤਨ ਤੇ [illegible] ਕਰ ਰਹੇ ਹੋ ਉਸ ਨੂੰ ਆਪ ਦਾ ਇਕ ਬਹੁਤ ਹੀ ਸ਼ਲਾਘਾ ਯੋਗ ਉਦੱਮ ਤੇ ਕਰਮ ਸਮਝਦਾ ਹਾਂ।

ਮੈਂ ਤਾਂ ਆਪ ਇਸ ਗੱਲ ਦਾ ਕਾਇਲ ਹਾਂ ਕਿ "ਆਜ਼ਾਦੀ ਦੀ [illegible] ਹਰ ਪੰਛੀ ਨੂੰ ਵੀ ਹੁੰਦੀ ਹੈ। ਸਿੱਖ ਤਾਂ ਫਿਰ ਵੀ ਇਕ ਮਹਾਨ ਕੌਮ ਹਨ ਅਤੇ ਇਸ ਮਹਾਨ ਖਾਲਸਾ ਪੰਥ ਦੀ ਸਿਰਜਣਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਕਿਰਪਾ ਸਦਕਾ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪ ਕੀਤੀ ਸੀ ਅਤੇ ਆਪ ਜੀ ਨੇ ਆਪਣੇ ਖਾਲਸੇ ਨੂੰ ਅਕਾਲ ਪੁਰਖ ਦੀ ਫੌਜ ਹੋਣ ਦਾ ਦਰਜਾ ਦਿੱਤਾ ਹੈ।



ਖਾਲਸਾ ਤਾਂ ਪੈਦਾ ਹੀ ਆਜ਼ਾਦ ਹੋਇਆ ਹੈ ਅਤੇ ਆਜ਼ਾਦੀ ਇਸਦਾ ਜਨਮ ਸਿੱਧ ਅਧਿਕਾਰ ਹੈ।"

ਪਿਆਰੇ ਡਾਕਟਰ ਸਾਹਿਬ, ਮੈਂ ਤਾਂ ਗੁਰੂ ਨਾਨਕ ਘਰ ਅਤੇ ਖਾਲਸਾ ਪੰਥ ਦਾ ਇਕ ਨਿਮਾਣਾ ਜਿਹਾ ਸੇਵਕ ਹਾਂ ਅਤੇ ਗੁਰੂ ਪੰਥ ਦਾ ਦਾਸ ਹੋਣ ਦੇ ਨਾਤੇ ਮੇਰੇ ਹਿਰਦੇ ਵਿਚ ਹਰ ਉਸ ਵਿਅਕਤੀ ਲਈ ਆਦਰ ਤੇ ਪਿਆਰ ਹੈ ਅਤੇ ਮੈਂ ਉਸਦੀ ਸਦਾ ਹੀ ਪੁਰ ਜ਼ੋਰ ਸ਼ਲਾਘਾ ਕਰਦਾ ਹਾਂ, ਜੋ ਸਿੱਖਾਂ ਦੀ ਗੁਲਾਮੀ ਦੂਰ ਕਰਨ ਵਾਸਤੇ, ਸਿੱਖਾਂ ਲਈ ਆਜ਼ਾਦੀ ਪ੍ਰਾਪਤ ਕਰ ਕੇ ਖੁਦਮੁਖਤਾਰੀ ਦਾ ਸਿੱਖ ਪਰਚਾਰ ਕਰਨ ਵਾਲੇ ਵਾਤਾਵਰਨ ਨੂੰ ਕਾਇਮ ਕਰਨ ਅਤੇ ਗੌਰਵ ਤੇ ਮਾਣ ਦੀ ਭਾਵਨਾ ਪੈਦਾ ਕਰਨ ਵਾਸਤੇ ਕੋਈ ਛੋਟਾ ਵੱਡਾ ਕਾਰਜ ਕਰਦਾ ਹੈ।...... ਤੁਸੀਂ ਤਾਂ ਸਿੱਖ ਕੌਮ ਲਈ ਭਾਰੀ ਤੇ ਮਹਾਨ ਕਾਰਜ ਕਰਦੇ ਹੋ ਤੇ ਬਹੁਤ ਕੁਝ ਕਰ ਰਹੇ ਹੋ।

ਮੈਨੂੰ ਇਸ ਗੱਲ ਦਾ ਭਾਰੀ ਖੇਦ ਤੇ ਦੁੱਖ ਹੈ ਕਿ ਹਿੰਦੂ ਕਾਂਗਰਸੀ ਹਕੂਮਤ ਤੇ ਹਿੰਦੂਆਂ ਨੇ 1947 ਤੋਂ ਪਹਿਲਾਂ ਜੋ ਸਿੱਖ ਕੌਮ ਨਾਲ ਵਾਇਦੇ ਕੀਤੇ ਸਨ ਉਹਨਾਂ ਤੋਂ ਉਹ ਅੱਜ ਮੁਨਕਰ ਹੋ ਰਹੇ ਹਨ। ਪਰ ਇਸਦੇ ਨਾਲ ਹੀ ਮੈਨੂੰ ਇਸ ਗੱਲ ਦੀ ਖੁਸ਼ੀ ਵੀ ਹੈ ਕਿ ਤੁਸੀਂ ਅੱਜ ਸਿੱਖਾਂ ਨਾਲ ਵਿਸ਼ਵਾਸਘਾਤ ਕਰਨ ਵਾਲਿਆਂ ਨੂੰ ਦੁਨੀਆਂ ਭਰ ਵਿਚ ਨੰਗਿਆਂ ਕਰਕੇ ਸੰਸਾਰ ਭਰ ਦੇ ਲੋਕਾਂ ਸਾਹਮਣੇ ਸਿਖ ਸਿਧਾਂਤ ਤੇ ਸਿਆਸਤ ਨਾਲ ਕੇਸ ਪੇਸ਼ ਕਰ ਰਹੇ ਹੋ ਉਸਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਉਹ ਥੋੜ੍ਹੀ ਹੈ। ਤੁਸੀਂ ਸਿਖੀ ਸਿਧਾਂਤਾਂ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕਰਦੇ ਗੁਰੂ ਘਰ ਦੀ ਮੋਹਰ ਸਦਕਾ ਪੰਥ ਤੁਹਾਡੇ ਨਾਲ ਹੋਇਆ ਰਹੇਗਾ। ਬੱਸ! ਤੁਸਾਂ ਸਦਾ ਪੰਥ ਦੇ ਬਣਕੇ ਰਹਿਣਾ। ਮੇਰੀ ਇਹ ਅਰਦਾਸ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਆਪ ਉਪੱਰ ਸਦਾ ਮਿਹਰ ਭਰਿਆ ਹੱਥ ਰੱਖ ਅਤੇ ਵਾਹਿਗੁਰੂ ਆਪ ਦੇਸ਼ ਅੰਦਰ ਹੋਏ ਕਾਰਜ ਕਰਨ ਵਿਚ ਸਫਲਤਾ ਬਖਸ਼ੇ। ਵਾਹਿਗੁਰੂ ਕਰੇ ਗੁਰੂ ਨਾਨਕ ਘਰ ਦੀਆਂ ਖਾਲਸਾ ਗੁਰੂ ਪੰਥ ਦੀਆਂ ਖੁਸ਼ੀਆਂ ਆਪ ਨੂੰ ਪ੍ਰਾਪਤ ਹੋਣ।

ਤੁਸਾਂ ਸਾਨਕ ਨਾਲ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ ਦੇ ਮਹਾਂ ਵਾਕ ਵਿਚ ਸਭ ਨੂੰ ਮੁਖ ਰਖਦਿਆਂ ਹੋਇਆਂ ਆਪਣੇ ਕਰਮ ਤੇ ਯਤਨ ਵੀ ਪੂਰੀ ਪੂਰੀ ਸੂਝਬੂਝ ਨਾਲ ਜਾਰੀ ਰੱਖਣਾ। ਖਾਲਸਾ ਜੀ ਦੀ ਚੜ੍ਹਦੀ ਕਲਾ ਤੇ ਦਸਮ ਪਿਤਾ ਦੇਸ਼ ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ' ਦੇ ਬੋਲਿਆਂ ਨੂੰ ਸਾਰ ਵਰਤ ਲਾਉਣ ਵਾਸਤੇ ਕੰਮ ਕਰਦੇ ਰਹਿਣਾ। ਸਿਖਿਆਂ ਤੋਂ ਬਚ ਕੇ ਰਹਿਣਾ ਤੇ ਸਿੱਖਾਂ ਨੂੰ ਇਸ ਗੱਲ ਦੀ ਪ੍ਰੇਰਨਾ ਕਰਦੇ ਰਹਿਣਾ। ਵਾਹਿਗੁਰੂ ਦੀ ਕਿਰਪਾ ਸਦਕਾ ਉਮੀਦ ਸਦਾ ਆਪ ਦੇ ਅੰਗ ਸੰਗ ਰਹਿਣ।

ਡਾਕਟਰ ਜਗਜੀਤ ਸਿੰਘ
ਪ੍ਰੈਜ਼ੀਡੈਂਟ
ਸੀਪਬਲਿਕ ਆਫ ਖਾਲਿਸਤਾਨ
(Republic OF Khalistan)
34, FULMEAD ROAD
READING (U.K.)

ਗੁਰੂ ਪੰਥ ਦਾ ਦਾਸ
ਜਰਨੈਲ ਸਿੰਘ ਖਾਲਸਾ
12.12.82
ਦਮਦਮੀ ਟਕਸਾਲ ਜਥਾ (ਭਿੰਡਰਾਂ-ਮਹਿਤਾ)
ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼
ਮਹਿਤਾ-ਚੌਕ (ਅੰਮ੍ਰਿਤਸਰ)

# NATIONAL LIFE
### ASSURANCE COMPANY
# OF CANADA
## TWO NEW APPOINTMENTS

The National Life Assurance Co. Of Canada is pleased to announce the appointment of Mr. Satnam Singh Johal as a Sales Representative associated with the Vancouver office located 501—1155 W. Pender.

Mr. Johal who has a Post-graduater degree from Punjab University in Geography has been associated with lumberindustry since his arrival in Canada ,

Mr. Johal, who recently completed a substantial training course, will specialize in family indexed inflation plans, educational and R R S P accumulation.

Mr. Johal can be contacted at at 685-7231 for further information.

Sd :—J.S. Sidhu
Sales Manager

The National Life is pleased to announce the appointment of Mr. DARSHAN GILL as Sales Representative. Mr. Gill is an internationally famous writer. He has successfully completed substantial training for his new career.

Mr. Gill is a specialist in Family Plans indexed to inflation, R R S P, educational and Pension Accumulation.

Contact Mr. Gill at 685-7231 for professional advice.

Sales Manager Sd :— J. S. Sidhu

# ਧਾਰਮਿਕ ਮੰਗਾਂ ਵਿਚ ਅੜਚਨ ਨਹੀਂ ਤਾਂ ਐਲਾਨ ਕਿਉਂ ਨਹੀਂ ਕੀਤਾ ਜਾ ਰਿਹਾ

### ਜ: ਪਾਰਟੀ ਆਗੂ ਹਰਭਜਨ ਸਿੰਘ ਦਾ ਬਿਆਨ

ਮੁਕਤਸਰ—ਪੰਜਾਬ ਜਨਤਾ ਪਾਰਟੀ ਦੇ ਪਰਧਾਨ ਸ੍ਰ: ਹਰਭਜਨ ਸਿੰਘ ਨੇ ਆਖਿਆ ਹੈ ਕਿ ਇੰਦਰਾ ਗਾਂਧੀ, ਸੇਠੀ ਤੇ ਦਰਬਾਰਾ ਸਿੰਘ ਹਰ ਸਮੇਂ ਆਖਦੇ ਹਨ ਕਿ ਅਕਾਲੀਆਂ ਦੀਆਂ ਧਾਰਮਿਕ ਮੰਗਾਂ ਮੰਨਣ ਲਈ: ਸਰਕਾਰ ਤਿਆਰ ਹੈ। ਜੇ ਗੱਲ ਇਹੀ ਹੈ ਤਾਂ ਸਰਕਾਰ ਮੰਗਾਂ ਮੰਨਣ ਦਾ ਐਲਾਨ ਕਿਉਂ ਨਹੀਂ ਕਰਦੀ ? ਉਹਨਾਂ ਪੁਛਿਆ ਕਿ ਅਕਾਲੀਆਂ ਨੂੰ ਤਾਂ ਅਸੀਂ ਆਖਦੇ ਹਾਂ ਕਿ ਉਹ ਰਾਜਸੀ ਮੰਗਾਂ ਨੂੰ ਧਾਰਮਕ ਮੰਗਾਂ ਨਾਲ ਨਾ ਜੋੜਨ ਪਰ ਸਰਕਾਰ ਇਨਾਂ ਦੋਹਾਂ ਨੂੰ ਕਿਉਂ ਜੋੜੀ ਬੈਠੀ ਹੈ ? ਸ੍ਰ: ਹਰਭਜਨ ਸਿੰਘ, ਜੋ ਇਥੇ ਪੱਤਰਕਾਰਾਂ ਨਾਲ ਗੱਲ ਕਰ ਰਹੇ ਸਨ, ਨੇ ਆਖਿਆ ਕਿ ਜਨਤਾ ਪਾਰਟੀ ਚਾਹੁੰਦੀ ਹੈ ਕਿ ਚੰਡੀਗੜ੍ਹ ਹੈਡਵਰਕਸ ਤੁਰੰਤ ਪੰਜਾਬ ਦੇ ਹਵਾਲੇ ਕੀਤੇ ਜਾਣ ਅਤੇ ਭਾਸ਼ਾਈ ਇਲਾਕਿਆਂ ਬਾਰੇ ਪਿੰਡਾਂ ਨੂੰ ਇਕਾਈ ਮੰਨ ਕੇ ਕਮਿਸ਼ਨ ਬਣਾਇਆ ਜਾਵੇ ਅਤੇ ਪਾਣੀ ਦਾ ਮਸਲਾ ਸੁਪਰੀਮ ਕੋਰਟ ਦੇ ਜੱਜਾਂ ਦੇ ਹਵਾਲੇ ਕੀਤਾ ਜਾਵੇ। ਉਹਨਾਂ ਮੰਗ ਕੀਤੀ ਕਿ ਕੇਂਦਰੀ ਸਰਕਾਰ ਇਕ ਉਚ ਅਧਿਕਾਰਾਂ ਵਾਲੀ ਕਾਨੂੰਨੀ ਮਾਹਰਾਂ ਦਾ ਕਮਿਸ਼ਨ ਬਣਾਵੇ ਜੋ ਬਦਲੇ ਹੋਏ ਹਾਲਾਤਾਂ ਕਾਰਨ ਕੇਂਦਰ ਤੇ ਰਾਜਾਂ ਦੇ ਅਧਿਕਾਰਾਂ ਦਾ ਫੈਸਲਾ ਕਰੇ। ਉਹਨਾ ਦੋਸ਼ ਲਾਇਆ ਕਿ ਹਰਿਆਣਾ ਵਿਚ ਸਿੱਖਾਂ ਦੀ ਸਮੁੱਚੇ ਤੌਰ ਤੇ ਬੇਇਜ਼ਤੀ ਹੋਈ ਜਿਸ ਦੇ ਲਈ ਇੰਦਰਾ ਗਾਂਧੀ ਜ਼ਿੰਮੇਵਾਰ ਹੈ। ਉਹਨਾ ਆਖਿਆ ਕਿ ਉਤਰ ਪਰਦੇਸ਼ ਦਾ ਝੋਨਾ ਸ਼ੈਲਰਾਂ ਤੋਂ ਹਰਿਆਣੇ ਦਾ ਰੇਲਵੇ ਸਟੇਸ਼ਨਾਂ ਤੋਂ, ਖਰੀਦ ਕੀਤਾ ਜਾ ਰਿਹਾ ਹੈ ਜਦ ਕਿ ਝੋਨਾ ਬਾਰੇ ਦੂਜੇ ਰਾਜਾਂ ਤਕ ਪੰਜਾਬ ਲਈ ਜਾਂਦੀ ਹੈ ਅਤੇ ਕੇਂਦਰ ਪੰਜਾਬ ਦਾ 50 ਕਰੋੜ ਰੁਪਏ ਦੱਬੀ ਬੈਠਾ ਹੈ।

## "ਕੇਂਦਰ ਨੂੰ ਮੂੰਹ ਤੋੜ ਜਵਾਬ ਦਿਉ"

### ਦਲ ਦਾ ਇਸ਼ਤਿਹਾਰ

ਅੰਮ੍ਰਿਤਸਰ—ਸੰਤ ਅਕਾਲੀ ਦਲ ਦੇ ਪਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਨਾਂ ਤੇ ਕੱਢੇ ਗਏ ਇਕ ਇਸ਼ਤਿਹਾਰ ਵਿਚ ਸਿਖ ਜਨਤਾ ਨੂੰ "ਸਿੱਖਾਂ ਦੀ ਵੱਖਰੀ ਸ਼ਨਾਖਤ, ਫਿਲਾਸਫੀ ਅਤੇ ਸਭਿਆਚਾਰ ਉਤੇ ਕੇਂਦਰ ਦੇ ਹਮਲੇ ਦਾ ਮੂੰਹ ਤੋੜ ਜਵਾਬ ਦੇਣ ਦਾ ਸੱਦਾ ਦਿਤਾ ਗਿਆ ਹੈ।"

ਇਸ ਵਿਚ ਕਿਹਾ ਗਿਆ ਹੈ ਕਿ "ਧਾਰਮਿਕ, ਆਰਥਕ ਤੇ ਰਾਜਨੀਤਕ ਗੁਲਾਮੀ ਦੀਆਂ ਜੰਜੀਰਾਂ ਤੋੜਨ ਅਤੇ ਨਵੇਂ ਮੁਗਲਾਂ ਦੀਆਂ ਖਤਰਨਾਕ ਚਾਲਾਂ ਨੂੰ ਫੇਲ ਕਰਨ ਲਈ ਸਿਖ ਜਨਤਾ ਇਕ ਮੁਠ ਹੋਵੇ।"

# ਆਂਧਰਾ ਪਰਦੇਸ਼ ਵਿਚ ਫ਼ਿਲਮਸਾਜ਼ ਨੇ ਕਾਂਗਰਸ ਹਰਾ ਦਿਤੀ

### ਕਰਨਾਟਕ ਵਿਚ ਬਾਗ਼ੀ ਕਾਂਗਰਸੀ ਧੜਾ ਕਾਬਜ ਤੇ ਤਰੀਪੁਰਾ ਕਮਿਊਨਿਸਟਾਂ ਕੋਲ

ਨਵੀਂ ਦਿੱਲੀ — 5 ਜਨਵਰੀ ਨੂੰ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਇੰਦਰਾਂ ਕਾਂਗਰਸ ਨੂੰ ਬੁਰੀ ਤਰਾਂ ਹਾਰ ਦਾ ਮੂੰਹ ਦੇਖਣਾ ਪਿਆ। ਆਂਧਰਾ ਪਰਦੇਸ਼ ਜੋ ਇੰਕਾ ਕਾਂਗਰਸ ਦਾ ਗੜ੍ਹ ਮੰਨਿਆ ਜਾਂਦਾ ਸੀ, ਇੰਦਰਾਂ ਕਾਂਗਰਸ ਨੂੰ ਇਕ ਫਿਲਮੀ ਐਕਟਰ ਤੇ ਪਰਡਿਊਸਰ, ਐਨ. ਟੀ. ਰਾਮਾ ਰਾਓ ਦੀ ਪਾਰਟੀ ਨੇ ਹਰਾ ਦਿਤਾ।

ਕਰਨਾਟਕ ਵਿਚ ਇੰਦਰਾ ਕਾਂਗਰਸ ਤੋਂ ਬਾਗ਼ੀ ਹੋਏ ਧੜੇ ਨੂੰ ਜਿੱਤ ਹੋਈ।

ਰਾਮਾ ਰਾਓ 60 ਸਾਲ ਦਾ ਬਜ਼ੁਰਗ ਫਿਲਮਸਾਜ਼ ਹੈ ਤੇ ਇੰਦਰਾ ਗਾਂਧੀ ਆਪ ਆਂਧਰਾ ਪ੍ਰਦੇਸ਼ ਤੋਂ ਪਾਰਲੀਮੈਂਟ ਦੀ ਮੈਂਬਰ ਹੈ। ਕਾਂਗਰਸੀ ਧੜਿਆ ਦੀ ਜਾਤੀ ਹਵਸ ਨੇ ਰਾਮਾ ਰਾਓ ਲਈ ਮੈਦਾਨ ਸਾਫ ਕਰ ਦਿਤਾ।

ਤ੍ਰੀਪੁਰਾ ਵਿਚ ਸੀ. ਪੀ. ਐਮ. ਦੀ ਅਗਵਾਈ ਹੇਠ ਦੁਬਾਰਾ ਕੁਲੀਸ਼ਨ ਨੂੰ ਸਰਕਾਰ ਬਣਾਉਣ ਦਾ ਮੌਕਾ ਮਿਲਿਆ ਹੈ।

# ਮਲੇਰਕੋਟਲਾ ਨੇੜੇ ਦੋ ਮਿੱਲਾਂ ਨੂੰ ਭਿਆਨਕ ਅੱਗ

ਲੁਧਿਆਣਾ — ਇਥੋਂ ਲਗਪਗ 40 ਕਿਲੋਮੀਟਰ ਦੂਰ ਮਲੇਰਕੋਟਲਾ ਨੇੜੇ ਇਕ ਵੂਲਨ ਮਿਲ ਅਤੇ ਇਕ ਪੇਪਰ ਮਿਲ ਨੂੰ ਲਗੀ ਭਿਆਨਕ ਅੱਗ ਨਾਲ ਭਾਰੀ ਨੁਕਸਾਨ ਹੋਇਆ ਹੈ।

ਲੁਧਿਆਣਾ ਮਿਊਂਸਪਲ ਕਾਰਪੋਰੇਸ਼ਨ ਦੇ ਪੰਜ ਅੱਗ ਬੁਝਾਉਣ ਵਾਲੇ ਇੰਜਣਾਂ ਨੇ ਵੂਲਨ ਮਿਲਜ 'ਚ ਲੱਗੀ ਅੱਗ ਬੁਝਾਉਣ ਵਿਚ 6 ਘੰਟਿਆਂ ਤੋਂ ਵਧ ਦਾ ਸਮਾਂ ਲਗਾਇਆ।

ਪੇਪਰ ਮਿਲ ਵਿਚ ਲਗੀ ਅੱਗ ਤੇ ਕਾਬੂ ਪਾਉਣ ਲਈ ਪਟਿਆਲਾ, ਲੁਧਿਆਣਾ, ਮੋਗਾ ਅਤੇ ਸੰਗਰੂਰ ਤੋਂ ਅੱਗ ਬੁਝਾਉਣ ਵਾਲੇ ਇੰਜਣ ਮੰਗਵਾਏ ਗਏ।


## ਪੰਜਾਬੀ ਮਾਰਕਿਟ ਵਿਚ ਨਵਾਂ ਗਰੌਸਰੀ ਸਟੋਰ

# ਏ. ਜੇ. ਸੁਪਰਮਾਰਕਿਟ

## ਜਿਸ ਦਾ ਉਦਘਾਟਨ

# ਸ਼ਨਿਚਰਵਾਰ 29 ਜਨਵਰੀ, 1983 ਨੂੰ

## ਸਵੇਰੇ ਦਸ ਵਜੇ ਹੋਵੇਗਾ

ਲਾਈਟ ਰੀਫਰੈਸ਼ਮੈਂਟ ਦਾ ਇੰਤਜ਼ਾਮ ਹੋਵੇਗਾ



Amrik Gill

# ਆਓ, ਵਹੀਰਾਂ ਘੱਤ ਦਿਓ



Jessie Jhooty

## ਜਿਥੋਂ ਤੁਹਾਨੂੰ ਇੰਡੋ-ਕੈਨੇਡੀਅਨ ਗਰੌਸਰੀ ਹਰ ਕਿਸਮ ਦੀ ਮਿਲ ਸਕੇਗੀ

IN PUNJABI MARKET
For Your All Groceries

# A. J. SUPERMARKET

# 6502, Main St. VANCOUVER, B.C.

(49th Main)

# PHONE : 324-3014

ਜੋ ਸਭ ਤੋਂ ਪਹਿਲੀ ਜੇਲ ਮੈਂ ਵੇਖੀ, ਉਸ ਦੀ ਕੰਧ 'ਤੇ ਲਿਖਿਆ ਹੋਇਆ ਸੀ :

'ਬੁਰਾਈ ਕਰਨਾ ਛਡ ਦਿਉ, ਚੰਗੇ ਬਣਨਾ ਸਿਖੋ ।'

ਇਹ ਗੱਲ ਜੇਲ ਦੀ ਬਾਹਰਲੀ ਕੰਧ ਤੇ ਲਿਖੀ ਹੋਈ ਸੀ, ਜਿਥੇ ਕਿ ਕੈਦੀ ਉਸ ਨੂੰ ਪੜ੍ਹ ਨਹੀਂ ਸਨ ਸਕਦੇ ।

ਜਾਰਜ ਬਰਨਾਰਡ ਸ਼ਾ

## ਸੰਪਾਦਕੀ

# ਕੇਂਦਰ ਬਨਾਮ ਅਕਾਲੀ ਦਲ

ਅਗਸਤ 1982 ਤੋਂ ਪੰਜਾਬ ਦੀ ਹਾਲਤ ਗੰਭੀਰ ਪੜਾਵਾਂ ਵਿਚੋਂ ਗੁਜ਼ਰਨ ਪਿਛੋਂ ਸੰਜੀਦਗੀ ਵੱਲ ਪਰਤ ਰਹੀ ਹੈ । ਅਜਿਹੀ ਸੰਜੀਦਗੀ ਦੀ ਆਸ ਸੰਜੀਦਾ ਸੁਭਾਅ ਵਾਲੇ ਬੰਦੇ ਪਹਿਲਾਂ ਤੋਂ ਕਰ ਰਹੇ ਸਨ । ਆਖਰ ਚੰਡੀਗੜ੍ਹ ਵਿਚ ਕੇਂਦਰੀ ਮੰਤਰੀਆਂ ਤੇ ਅਕਾਲੀ ਲੀਡਰਾਂ ਵਿਚਕਾਰ ਗੱਲਬਾਤ ਆਰੰਭ ਹੋ ਗਈ ਹੈ । ਇਸ ਨੂੰ ਸ਼ੁਭ ਸ਼ਗਨ ਗਿਣਿਆ ਜਾਣਾ ਚਾਹੀਦਾ ਹੈ। ਇਸ ਗਲਬਾਤ ਤੋਂ ਇਹ ਅੰਦਾਜ਼ਾ ਲਗਾਉਣਾ ਅਜੇ ਮੁਮਕਿਨ ਨਹੀਂ ਕਿ ਹਰ ਮਸਲੇ ਦਾ ਹੱਲ ਏਨੀ ਜਲਦੀ ਲੱਭ ਲਿਆ ਜਾਵੇਗਾ। ਅਕਾਲੀ ਲੀਡਰਸ਼ਿਪ ਵਿਚ ਮਤਭੇਦ ਉਸੇ ਤਰਾਂ ਕਾਇਮ ਹਨ । ਸਗੋਂ ਜਿਉਂ ਜਿਉਂ ਗਲਬਾਤ ਅੱਗੇ ਵਧੇਗੀ ਤਿਉਂ ਤਿਉਂ ਅਕਾਲੀਆਂ ਵਿਚ ਘੁਸੇ ਅਤਿਵਾਦੀ ਅਨਸਰ ਇਸ ਨੂੰ ਤਾਰਪੀਡੋ ਕਰਨ ਦਾ ਜਤਨ ਕਰਨਗੇ। ਭਿੰਡਰਾਂਵਾਲਾ ਦੀ ਡਾ: ਜਗਜੀਤ ਸਿੰਘ ਨੂੰ ਲਿਖੀ ਚਿੱਠੀ ਵਿਚ ਭਿੰਡਰਾਂਵਾਲਾ ਦਾ ਕਥਨ ਹੈ ਕਿ ਡਾ: ਜਗਜੀਤ ਸਿੰਘ ਨੇ ਜੋ ਚਿੱਠੀ ਲੌਂਗੋਵਾਲ ਨੂੰ ਲਿਖੀ ਹੈ ਉਹ ਬਹੁਤ ਹੱਦ ਤਕ ਠੀਕ ਹੈ । ਇਸ ਤਰਾਂ ਭਿੰਡਰਾਂਵਾਲਾ ਡਾ: ਜਗਜੀਤ ਸਿੰਘ ਦੀ ਖਤਮ ਹੋਈ ਸਾਖ ਨੂੰ ਫਿਰ ਜਿਉਂਦਿਆਂ ਕਰਨ ਲਈ ਤਤਪਰ ਹੈ । ਭਿੰਡਰਾਂਵਾਲਾ ਦੇ ਆਪਣੇ ਬਿਆਨ ਏਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਉਹ ਲੌਂਗੋਵਾਲ ਦੀ ਬਣੀ ਸਾਖ ਨੂੰ ਢਾਹ ਲਾਕੇ ਅਕਾਲੀ ਦਲ ਉਪਰ ਕਾਬਜ਼ ਹੋਣ ਲਈ ਹੰਭਲੇ ਮਾਰ ਰਿਹਾ ਹੈ । ਚਾਹੇ ਉਹ ਸ੍ਰੀ ਅਕਾਲ ਤਖਤ ਸਾਹਿਬ ਦੀ ਜਥੇਦਾਰੀ ਰਾਹੀਂ ਸੰਭਵ ਹੋ ਸਕੇ ਜਾਂ ਸ਼ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਰਾਹੀਂ ।

ਭਿੰਡਰਾਂਵਾਲਾ ਦੇ ਇਨ੍ਹਾਂ ਜਤਨਾਂ ਦਾ ਵਿਰੋਧ ਬਾਦਲ ਗਰੁਪ ਕੇਵਲ ਇਸ ਢੰਗ ਨਾਲ ਹੀ ਕਰ ਸਕਦਾ ਹੈ ਕਿ ਉਹ ਲੌਂਗੋਵਾਲ ਦੀ ਅਗਵਾਈ ਕਬੂਲ ਕਰੇ । ਅਕਾਲੀ ਦਲ ਵਿਚ ਨਵੇਂ ਜੋੜ ਤੋੜਾਂ ਦੀ ਅੰਤਰਗਤੀ ਲਹਿਰ ਇਸ ਪਾਸੇ ਵੱਲ ਵਧ ਰਹੀ ਹੈ। ਅਕਾਲੀ ਦਲ ਦੇ ਅੰਦਰਲੇ ਜੋੜ ਤੋੜਾਂ ਤੇ ਹੀ ਇਹ ਨਿਰਭਰ ਕਰੇਗਾ ਕਿ ਕੇਂਦਰੀ ਲੀਡਰਾਂ ਨਾਲ ਗਲਬਾਤ ਵਿਚ ਉਹ ਕਿਹੜੀ ਪਹੁੰਚ ਅਪਣਾਉਂਦੇ ਹਨ । ਅਤਿਵਾਦੀ 'ਸਿੱਖਾਂ ਦੇ ਬੋਲਬਾਲੇ' ਵਾਲੇ ਸ਼ਬਦਾਂ ਨੂੰ ਜਿਉਂ ਦੇ ਤਿਉਂ ਰੱਖਣ ਉਤੇ ਜ਼ੋਰ ਦੇਣਗੇ। ਅਜਿਹੀ ਮੰਗ ਨਾਲ ਮਸਲਾ ਮੁੜ ਉਲਝ ਸਕਦਾ ਹੈ । ਰਾਜਾਂ ਦੇ ਵੱਧ ਅਧਿਕਾਰਾਂ ਲਈ ਅਕਾਲੀ ਮੋਰਚੇ ਦਾ ਅਹਿਮ ਭਾਗ ਗਿਣਿਆ ਜਾਵੇਗਾ । ਜੇਕਰ ਸ਼ਰੋਮਣੀ ਅਕਾਲੀ ਦਲ ਗਲਬਾਤ ਵਿਚ ਏਸ ਮੰਗ ਤੇ ਮੁਕੰਮਲ ਜ਼ੋਰ ਦੇਵੇ । ਬਾਕੀ ਦੀਆਂ ਸੂਬਾ ਸਰਕਾਰਾਂ ਕਾਫੀ ਹੱਦ ਤਕ ਇਸ ਮੰਗ ਤੋਂ ਪ੍ਰਭਾਵਤ ਹੋਈਆਂ ਹਨ ਅਕਾਲੀ ਮੋਰਚਾ ਇਸ ਹੱਦ ਤਕ ਉਸਾਰੂ ਰੋਲ ਗ੍ਰਹਿਣ ਜ਼ਰੂਰ ਕਰ ਗਿਆ ਹੈ ਕਿ ਕੇਂਦਰ ਸਰਕਾਰ ਰਾਜਾਂ ਦੇ ਵੱਧ ਅਧਿਕਾਰਾਂ ਸੰਬੰਧੀ ਬਹੁਤੀ ਦੇਰ ਹੁਣ ਟਾਲ ਨਹੀਂ ਸਕੇਗੀ । ਪਰ ਅਕਾਲੀਆਂ ਦੀ ਆਪਣੀ ਖਾਨਾਜੰਗੀ ਇਸ ਉਸਾਰੂ ਪੱਖ ਨੂੰ ਵੀ ਧੁੰਦਲਾ ਕਰ ਸਕਦੀ ਹੈ ।

## ਪ੍ਰੈਸ ਰੀਲੀਜ਼

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੀ ਆਮ ਇਕੱਤਰਤਾ 9 ਜਨਵਰੀ, 1983 ਨੂੰ 1730 ਆਈਲੈਂਡ ਰੋਡ, ਵੈਨਕੂਵਰ ਵਿਖੇ ਹੋਈ। ਲਗਪਗ 20 ਸਾਹਿਤ ਰਚਨਹਾਰਿਆਂ ਨੇ ਭਾਗ ਲਿਆ ।

ਜੀਵਨ ਰਾਮਪੁਰੀ, ਅਮਰ ਸਿੰਘ ਬੈਨੀਪਾਲ, ਨਿਰੰਜਨ ਸੰਧੂ, ਦਰਸ਼ਨ ਗਿੱਲ, ਮਹਿੰਦਰ ਸੂਮਲ, ਮਨਜੀਤ ਮੀਤ, ਹਰਦੇਵ ਵੜੈਚ, ਨਿਰਮਲ ਮਹਿਰੋਕ, ਜਸਵੰਤ ਮਾਂਗਟ, ਚਰਨ ਵਿਰਦੀ ਅਤੇ ਦਰਸ਼ਨ ਬੈਂਸ ਨੇ ਆਪੋ ਆਪਣੀਆਂ ਰਚਨਾਵਾਂ ਪੜ੍ਹੀਆਂ । ਇਸਤੋਂ ਬਿਨਾਂ ਦਰਸ਼ਨ ਬੈਂਸ ਨੇ ਆਪਣਗ ਪਤੀ ਪਰਮੇਸ਼ਰ(ਸੁਰਜੀਤ ਬੈਂਸ) ਦੀ ਕਵਿਤਾ ਪੜ੍ਹੀ ।

ਅਮਰਜੀਤ ਸੂਫੀ ਨੇ ਪੰਜਾਬੀ ਕਵੀ ਦਰਸ਼ਨ ਸਿੰਘ 'ਅਵਾਰਾ' ਅਤੇ ਗਾਇਕਾ ਬੀਬੀ ਨੂਰਾਂ ਦੀ ਮੌਤ ਤੇ ਸ਼ੋਕ ਮਤਾ ਪੇਸ਼ ਕੀਤਾ ਜਿਸ ਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ।

ਦਰਸ਼ਨ ਅਤੇ ਸੁਰਜੀਤ ਬੈਂਸ ਨੇ ਸਾਰੇ ਸਾਹਿਤਕ ਸੱਜਣਾਂ ਦਾ ਚਾਹ ਅਤੇ ਹਲਕੀ ਰੀਫਰੈਸ਼ਮੈਂਟ ਨਾਲ ਸਤਿਕਤਾਰ ਕੀਤਾ ।

ਸਾਹਿਤ ਸਭਾ ਦੀ ਅਗਲੀ ਮੀਟਿੰਗ 12 ਫਰਵਰੀ 1983 ਨੂੰ ਸ਼ਾਮ ਦੇ 3 ਵਜੇ ਹੋਵੇਗੀ। ਸਥਾਨ ਦੀ ਜਾਣਕਾਰੀ ਲਈ 590-4681 ਜਾਂ 876-1629 ਉਤੇ ਫੋਨ ਕਰਨ ਦੀ ਕਿਰਪਾਲਤਾ ਕਰਨੀ ।

ਹਰਦੇਵ ਵੜੈਚ - ਸਕੱਤਰ
ਜਨਵਰੀ 11, 1983

# ਅਵਾਰਾ ਦੀ ਕਾਵਤਾ ਸਾਹਿਤ ਦਾ ਸ਼ਿੰਗਾਰ ਬਣੀ ਰਹੇਗੀ

ਪੰਜਾਬੀ ਦੇ ਪ੍ਰਸਿਧ ਕਵੀ ਸ: ਦਰਸ਼ਨ ਸਿੰਘ ਅਵਾਰਾ ਪੰਜਾਬੀ ਕਵੀਆਂ ਦੀ ਉਸ ਪੀੜ੍ਹੀ ਵਿਚੋਂ ਸਨ, ਜਿਨ੍ਹਾਂ ਸਟੇਜੀ ਪੰਜਾਬੀ ਕਵਿਤਾ ਨੂੰ ਸਾਹਿਤਕ ਕਵਿਤਾ ਦਾ ਰੂਪ ਦਿਤਾ ਅਤੇ ਮਾਂ-ਬੋਲੀ ਦਾ ਮਾਣ ਵਧਾਇਆ, 'ਅਵਾਰਾ' ਜੀ ਇਕ ਪ੍ਰੋਢ, ਅਨੁਭਵੀ ਤੇ ਆਪਣੀ ਸੁਤੰਤਰ ਤੇ ਨਿਵੇਕਲੀ ਵਿਚਾਰਧਾਰਾ ਦੇ 'ਬਗਾਵਤ' ਇਕ ਬੜਾ ਮਕਬੂਲ ਕਾਵਿ—ਸੰਗ੍ਰਹਿ ਸੀ, ਜਿਸ ਦਾ ਹੋਰ ਕਈ ਭਾਰਤੀ ਭਾਸ਼ਾਵਾਂ ਵਿਚ ਵੀ ਅਨੁਵਾਦ ਕੀਤਾ ਗਿਆ ਹੈ।

ਕਵਿਤਾਵਾਂ ਤੋਂ ਇਲਾਵਾ ਅਵਾਰਾ ਜੀ ਨੇ ਪੰਜਾਬੀ ਗਜ਼ਲ ਵਿਚ ਆਪਣਾ ਬਹੁਮੁਲਾ ਹਿਸਾ ਪਾਇਆ ਹੈ ਅਤੇ ਪੰਜਾਬੀ ਕੋਸ਼ਕਾਰੀ, ਅਨੁਵਾਦ ਅਤੇ ਸੰਪਾਦਨ ਦੇ ਕੰਮ ਵਿਚ ਵੀ ਪੰਜਾਬੀ ਸਾਹਿਤ ਦੀ ਵੱਡਮੁਲੀ ਸੇਵਾ ਕੀਤੀ ਹੈ ।

ਸ: ਦਰਸ਼ਨ ਸਿੰਘ ਅਵਾਰਾ ਜੀ ਨੇ ਲਗਪਗ ਡੇਢ ਦਹਾਕਾ ਭਾਸ਼ਾ ਵਿਭਾਗ ਵਿਚ ਸੇਵਾ ਕੀਤੀ ਅਤੇ ਇਸ ਦੌਰਾਨ ਕਈ ਨਿੱਗਰ ਪ੍ਰਾਜੈਕਟਾਂ ਉੱਤੇ ਕੰਮ ਕੀਤਾ, ਆਪਣੀਆਂ ਸਾਹਿਤਕ ਕਿਰਤਾਂ ਸਦਕਾ ਇਸ ਅਲਬੇਲੇ ਕਵੀ ਦਾਂ ਨਾਂ ਸਦਾ ਪੰਜਾਬੀ ਪਾਠਕਾਂ ਦੇ ਮਨਾਂ ਵਿਚ ਯਾਦ ਬਣਿਆਂ ਰਹੇਗਾ।

# ਨਵੀਂ ਦੁਨੀਆਂ ਵਿਚ ਹਿੰਦੀਆਂ ਦਾ ਪਿਤਾ ਸ਼ਹੀਦ ਮੇਵਾ ਸਿੰਘ



ਸੁਰਜੀਤ ਸਿੰਘ ਸੰਧੂ
ਰਿਚਮੰਡ, ਬੀ. ਸੀ.

ਹਰ ਸਾਲ ਵਾਂਗ ਬ੍ਰਿਟਿਸ਼ ਕੋਲੰਬੀਆਂ ਦੇ ਹਿੰਦੋਸਤਾਨੀ ਏਸ ਸਾਲ ਵੀ ਜਨਵਰੀ ਦੇ ਮਹੀਨੇ ਵੱਖ ਵੱਖ ਗੁਰਦੁਆਰਿਆਂ ਵਿਚ ਉਸ ਮਹਾਂ ਪੁਰਸ਼ ਸ਼ਹੀਦ ਮੇਵਾ ਸਿੰਘ ਜੀ ਦਾ ਸ਼ਹੀਦੀ ਦਿਨ ਮਨਾ ਰਹੇ ਹਨ। ਜਿਸ ਨੇ ਇਸ ਦੇਸ਼ ਵਿਚ ਹਿੰਦੀਆਂ ਦੀ ਬੁਨਿਆਦ ਫਾਂਸੀ ਦੇ ਤਖਤੇ ਤੇ ਚੜ੍ਹ ਕੇ ਰੱਖੀ । ਅੰਗਰੇਜ਼ ਸਾਮਰਾਜੀ ਹਿੰਦੀਆਂ ਨੂੰ ਖੋਤਿਆਂ ਵਾਂਗ ਦੇਸ਼ ਪਰਦੇਸ਼ ਵਾਹੁੰਦੇ ਫਿਰਨਾ ਤਾਂ ਆਪਣਾ ਇਖਲਾਕੀ ਹੱਕ ਸਮਝਦੇ ਸਨ, ਪਰ ਜੇ ਕੋਈ ਹਿੰਦੀ ਅੰਗਰੇਜ਼ ਦੀ ਕਿਸੇ ਨੌ ਅਬਾਦੀ ਵਿਚ ਰਹਿਣ ਦੀ ਸਲਾਹ ਕਰ ਲੈਂਦੇ ਤਾਂ ਉਹ ਇਹਨਾਂ ਲਈ ਅਛੂਤ ਬਣ ਜਾਂਦੇ ਸਨ । ਕਿਉਂਕਿ ਉਹਨਾਂ ਨੂੰ ਇਹ ਪਤਾ ਸੀ ਕਿ ਹਿੰਦੀ ਯੂਰਪ, ਅਮਰੀਕਾ ਵਿਚ ਜਾਕੇ ਉਹਨਾਂ ਦੀਆਂ ਸਿਆਸੀ ਤੇ ਸਮਾਜੀ ਊਣਤਾਈਆਂ ਤੋਂ ਭਲੇ ਭਾਂਤ ਹੀ ਵਾਕਿਫ ਹੋ ਜਾਣਗੇ । ਉਹਨਾਂ ਦੀਆਂ ਜਨਾਨੀਆਂ ਦੇ ਚਾਲ ਚਾਲਣ ਅਤੇ ਹੋਰ ਅੱਤ ਦੀਆਂ ਇਖਲਾਕੀ ਗਿਰਾਵਟਾਂ ਵਲ ਵੇਖ ਕੇ ਹਿੰਦੀ ਆਪਣੇ ਮਨਾਂ ਵਿਚ ਇਹ ਸਵਾਲ ਉਠਾਉਣਗੇ ਕਿ ਐਸ ਤਰ੍ਹਾਂ ਦੇ ਨੀਵੇਂ ਆਚਰਣ ਦੇ ਲੋਕਾਂ ਨੇ ਕਿਸ ਤਰ੍ਹਾਂ ਜਿੱਤ ਲਈ ਦਿੱਲੀ ਅਤੇ ਕਿਸ ਤਰ੍ਹਾਂ ਲੈ ਲਿਆ ਲਾਹੌਰ ? ਯੂਰਪ ਦੇ ਦੂਸਰੇ ਮੁਲਕਾਂ ਦੇ ਲੋਕ ਅੰਗਰੇਜ਼ ਨਾਲ ਈਰਖਾ ਕਰਨ ਕਰਕੇ ਹਿੰਦੀਆਂ ਨੂੰ ਇਹ ਤਾਹਨੇ ਦੇਣ ਕਿ "ਤੁਹਾਡਾ ਇਥੇ ਰਹਿ ਕੇ ਡਾਲੇ ਕਮਾਉਣ ਦਾ ਕੀ ਫਾਇਦਾ ਜਦੋਂ ਕਿ ਇਕ ਚਿੜੀ ਦੇ ਪੌਂਚੇ ਜਿੰਨਾਂ ਦੇਸ਼ ਤੁਹਾਡੇ ਦੇਸ਼ ਨੂੰ ਰਾਤ ਦਿਨੇ ਦੋਈਂ ਹੱਥੀ ਲੁੱਟ ਰਿਹਾ ਹੈ ।" ਇਸ ਗੱਲ ਨੂੰ ਮੁਖ ਰੱਖਕੇ ਕੈਨੇਡਾ ਦੀ ਹਾਕਮ ਜੁੰਡਲੀ ਇਹ ਨਹੀਂ ਸੀ ਚਹੁੰਦੀ ਕਿ ਹਿੰਦੀ ਲੋਕ ਇਸ ਧਰਤੀ ਤੇ ਪੈਰ ਪਸਾਰ ਕੇ ਬੈਠ ਜਾਣ । ਉਹਨਾਂ ਨਾਲ ਅਣ-ਮਨੁੱਖਾ ਸਲੂਕ ਕਰਨਾ ਸ਼ੁਰੂ ਕਰ ਦਿਤਾ, ਉਹਨਾਂ ਦੇ ਧਰਮ ਅਸਥਾਨਾਂ ਵਿਚ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿਤੀਆਂ, ਕੰਮਾਂ ਕਾਰਾਂ ਅਤੇ ਤਨਖਾਹਾਂ ਵਿਚ ਵੀ ਵਿਤਕਰੇ, ਐਥੋਂ ਤਕ ਕਿ ਮਜ਼ਦੂਰ ਸਭਾਵਾਂ ਦੇ ਮੈਂਬਰ ਵੀ ਨਹੀਂ ਬਣ ਸਕਦੇ ਸਨ ।

ਪਰ ਅੰਗਰੇਜ਼ ਹਾਕਮ ਇਹ ਨਾ ਜਾਣ ਸਕੇ ਕਿ ਉਹ ਹਿੰਦੀਆਂ ਦੇ ਉਸ ਫਿਰਕੇ ਨਾਲ ਐਸ ਤਰ੍ਹਾਂ ਦਾ ਸਲੂਕ ਕਰ ਰਹੇ ਹਨ ਜਿਹਨਾਂ ਨੇ ਜ਼ੁਲਮ ਅੱਗੇ ਕਦੇ ਝੁਕਣਾ ਨਹੀਂ ਸਿਖਿਆ । ਸ਼ਹੀਦ ਮੇਵਾ ਸਿੰਘ ਲੋਪੋਕੇ ਨੇ ਆਪਣੀ ਭਰ ਜਵਾਨੀ ਵਿਚ ਉਸ ਦੇ ਲੋਕਾਂ ਤੇ ਜ਼ੁਲਮ ਕਰ ਰਹੇ ਜ਼ਾਲਮਾਂ ਨੂੰ ਵੰਗਾਰਿਆ ਅਤੇ ਭਰੀ ਕਚਿਹਰੀ ਵਿਚ ਦਰੋਗੇ ਹਾਪਕਿਨਸਨ ਨੂੰ ਗੋਲੀ ਦਾ ਨਿਸ਼ਾਨਾ ਬਣਾ ਕੇ ਇਨਸਾਫ ਦੇ ਤਰਾਜੂ ਨਾਲੋਂ ਪਾਸਿੰਗ ਨੂੰ ਲਾਹ ਕੇ ਤੋਲ ਨੂੰ ਸਿਧਾ ਕਰ ਦਿਤਾ । ਪਰ ਫਿਰ ਵੀ ਜਾਬਰਾਂ ਨੇ ਜਬਰ ਨੂੰ ਹੀ ਆਪਣਾ ਹਥਿਆਰ ਬਣਾਈ ਰਖਿਆ । ਇਨਸਾਫ ਦਾ ਤਰਾਜੂ ਜੱਜਾਂ ਨੇ ਆਪਣੀਆਂ ਕੁਰਸੀਆਂ ਦੇ ਪਿਛਲੇ ਪਾਸੇ ਕੰਧ ਤੇ ਵਿਖਾਲੇ ਵਜੋਂ ਟੰਗ ਛੱਡਿਆ । ਮੇਵਾ ਸਿੰਘ ਦੀ ਜ਼ਿੰਦਗੀ ਦੀ ਡੋਰ ਨੂੰ ਸਧਰਾਂ ਭਰੀ ਭੱਲ ਜਵਾਨੀ ਵਿਚ ਹੀ ਕੱਟ ਕੇ ਰਖ ਦਿਤਾ । ਹਜ਼ਰਤ ਈਸਾ ਦੇ ਭਗਤਾਂ ਨੇ ਇਕ ਹੋਰ ਈਸਾ ਸਬੀਲ ਤੇ ਟੰਗ ਦਿਤਾ । ਉਹਨਾਂ ਨੂੰ ਇਹ ਸਮਝ ਨਾ ਆਈ ਕਿ ਜੇ ਈਸਾ ਦੇ ਵੈਰੀ ਹੁਣ ਤਕ ਈਸਾ ਦੇ ਆਦਰਸ਼ ਨੂੰ ਮਲੀਆ ਮੇਟ ਨਹੀਂ ਕਰ ਸਕੇ ਤਾਂ ਉਹ ਇਸ ਸੂਰਬੀਰ ਨੂੰ ਕਿਸ ਤਰਾਂ ਖਤਮ ਕਰ ਦੇਣਗੇ । ਜਦੋਂ ਤਕ ਕੈਨੇਡਾ ਵਿਚ ਹਿੰਦੋਸਤਾਨੀਆਂ ਦੀ ਹੋਂਦ ਕਾਇਮ ਹੈ ਉਦੋਂ ਤਕ ਮੇਵਾ ਸਿੰਘ ਵੀ ਕਾਇਮ ਰਹੇਗਾ ।

ਹੁਣ ਅਫਸੋਸ ਦੀ ਗੱਲ ਇਹ ਹੈ ਕਿ ਉਸ ਸ਼ਹੀਦ ਦੀ ਯਾਦ ਤਾਂ ਅਸੀਂ ਹਰ ਸਾਲ ਮਨਾ ਲੈਂਦੇ ਹਾਂ ਪਰ ਬਾਕੀ ਦੇ ਤਿੰਨ ਸੌ ਚੌਂਹਟ ਦਿਨ ਅਸੀਂ ਉਸ ਵੱਲ ਪਿਠ ਕਰ ਛੱਡਦੇ ਹਾਂ । ਰੌਸ ਸਟਰੀਟ ਗੁਰਦੁਆਰਾ ਬਣਨ ਵੇਲੇ ਮੇਵਾ ਸਿੰਘ ਦੇ ਕੁਛ ਸਾਥੀਆਂ ਨੇ, ਭਾ: ਭਾਨ ਸਿੰਘ ਵਿਕਟੋਰੀਆ, ਭਾ: ਸ਼ਮੀਰ ਸਿੰਘ ਪੋਰਟ ਅਲਬਰਨੀ, ਭਾ: ਆਤਮਾ ਸਿੰਘ 'ਜਾਗੀਰਦਾਰ' ਆਦਿ ਨੇ ਜ਼ੋਰ ਦੇਕੇ ਗੁਰਦੁਆਰੇ ਦੇ ਹੇਠਲੇ ਹਾਲ ਦਾ ਨਾਮ ਮੇਵਾ ਸਿੰਘ ਹਾਲ ਤਾਂ ਰਖਾ ਲਿਆ ਪਰ ਅੱਜ ਇਸ ਹਾਲ ਨੂੰ ਕੋਈ ਵਿਰਲਾ ਹੀ ਮੇਵਾ ਸਿੰਘ ਹਾਲ ਕਹਿ ਕੇ ਬਲਾਉਂਦਾ ਹੋਵੇਗਾ । ਇਕ ਛੋਟੀ ਜਿਹੀ ਮੇਵਾ ਸਿੰਘ ਦੀ ਫੋਟੋ ਉਸ ਥਾਂ ਤੇ ਟੰਗ ਛੱਡੀ ਹੈ ਜਿਥੇ ਕਿ ਕਿਸੇ ਵਿਰਲੇ ਦਾ ਹੀ ਧਿਆਨ ਪੈਂਦਾ ਹੋਵੇਗਾ । ਮੇਵਾ ਸਿੰਘ ਦੇ ਨਾਂ ਦਾ ਕੋਈ ਲਿਖਤੀ ਨਿਸ਼ਾਨ ਲਗਾ ਹੋਇਆ ਨਜ਼ਰ ਨਹੀਂ ਆਉਂਦਾ ਅਤੇ ਹਾਲ ਨੂੰ ਸਿੱਧਾ ਲੰਗਰ ਕਹਿ ਕੇ ਹੀ ਬੁਲਾ ਲਿਆ ਜਾਂਦਾ ਹੈ । ਚਾਹੀਦਾ ਤਾਂ ਇਹ ਸੀ ਕਿ ਕੈਨੇਡਾ ਦੇ ਹਰ ਧਾਰਮਿਕ ਅਸਥਾਨ ਵਿਚ ਮੇਵਾ ਸਿੰਘ ਦੇ ਨਾਮ ਨੂੰ ਕੋਈ ਨਾ ਕੋਈ ਜਗ੍ਹਾ ਦਿਤੀ ਜਾਂਦੀ ਪਰ ਜਿਥੇ ਉਹਨਾਂ ਕੋਈ ਜਗ੍ਹਾ ਮਿਲੀ ਵੀ ਹੈ ਉਸਨੂੰ ਵੀ ਲੁਕਾ ਛੁਪਾ ਕੇ ਰੱਖਿਆ ਜਾ ਰਿਹਾ ਹੈ। ਜਿਸ ਤਰਾਂ ਕਿ ਕਿਸੇ ਡੱਗ ਕਾਲਿਨ ਵਰਗੇ ਅੱਤਿਵਾਦੀ ਤੋਂ ਡਰ ਲਗਦਾ ਹੋਵੇ ਕਿ ਜੇ ਉਸਨੇ ਮੇਵਾ ਸਿੰਘ ਦਾ ਨਾਮ ਪੜ੍ਹ ਲਿਆ ਤਾਂ ਪਤਾ ਨਹੀਂ ਉਹ ਕੀ ਕਰ ਮਾਰੇਗਾ ।

ਗ਼ੁੱਸਾ ਇਕ ਤਰ੍ਹਾਂ ਦਾ ਪਾਗਲਪਨ ਹੈ ਅਤੇ ਆਰਜ਼ੀ ਪਾਗਲਪਨ ਦੇ ਸ਼ਿਕਾਰ ਹਿਮਾਇਤੀ ਉਤਮ ਆਦਰਸ਼ਾਂ ਨੂੰ ਹਾਨੀ ਪੁਚਾਉਂਦੇ ਹਨ ।

— ਮਹਾਤਮਾ ਗਾਂਧੀ

ਗ਼ੁੱਸਾ ਚੜ੍ਹੇ ਤਾਂ ਬੋਲਣ ਤੋਂ ਪਹਿਲਾਂ ਦਸ ਤਕ ਗਿਣੋ,
ਜੇ ਬਹੁਤਾ ਗ਼ੁੱਸਾ ਚੜ੍ਹੇ ਤਾਂ ਸੌ ਤਕ ਗਿਣੋ ।

— ਥਾਮਸ ਜੈਫਰਸਨ

ਕਢਿਆ ਹੋਇਆ ਗ਼ੁੱਸਾ ਅਕਸਰ ਖਿਮਾ ਕਰਨ ਵਲ ਧਾਂਦਾ ਹੈ, ਦਬਾ ਛੁਪਾ ਕੇ ਰਖਿਆ ਗ਼ੁੱਸਾ ਅਕਸਰ ਬਦਲੇ ਦਾ ਰੂਪ ਧਾਰਨ ਕਰਦਾ ਹੈ ।

— ਬੈਰਨ ਲਿਟਨ

## ਮੁਹੱਬਤਨਾਮੇ

ਪਿਆਰੇ ਦਰਸ਼ਨ,

ਯਾਦ !

'ਕੈਨੇਡਾ ਦਰਪਣ' ਦੇ ਪਹਿਲੇ ਚਾਰ ਅੰਕ ਪਹੁੰਚ ਗਏ ਹਨ ।

ਪਹਿਲੇ ਤਿੰਨ ਅੰਕਾਂ ਤੋਂ ਮੈਂ ਜਾਇਜ਼ਾ ਲਗਾ ਲਿਆ ਸੀ ਕਿ 'ਕੈਨੇਡਾ ਦਰਪਣ' ਦੀ ਭਵਿਖ ਵਿਚ ਕਿਹੋ ਜਹੀ ਰੂਪ ਰੇਖਾ ਹੋਵੇਗੀ । ਪਰ ਅੰਕ ਨੰਬਰ ਚਾਰ, ਅੰਕ ਨੰਬਰ ਤਿੰਨ ਤੋਂ ਪਿਛੇ ਚਲਾ ਗਿਆ ਹੈ ।

ਮੇਰੀ ਰਾਇ ਅਨੁਸਾਰ ਤੁਹਾਨੂੰ ਸਭਿਆਚਾਰ, ਖੇਡਾਂ, ਫਿਲਮਾਂ, ਸਾਹਿਤਕ ਵਿਸ਼ਿਆਂ ਆਦਿ ਦੇ ਸੈਕਸ਼ਨ ਪੂਰੀ ਤਰ੍ਹਾਂ ਵੱਖਰੇ ਰੱਖਣੇ ਚਾਹੀਦੇ ਹਨ

ਪਰਚੇ ਸਬੰਧੀ ਕੁਝ ਹੋਰ ਗੱਲਾਂ ਵੱਲ ਵੀ ਮੈਂ ਧਿਆਨ ਦੁਆਣਾ ਚਾਹੁੰਦਾ ਹਾਂ ।

ਪਿਛਲੇ ਅੰਕਾਂ ਤੋਂ ਇੰਜ ਜਾਪਦਾ ਹੈ ਜਿਵੇਂ ਤੁਸੀਂ ਆਪਣੇ ਪਰਚੇ ਦਾ ਦਾਇਰਾ ਸਿਰਫ ਵੈਨਕੂਵਰ ਅਤੇ ਇਸਦੇ ਆਸ ਪਾਸ ਦੀਆਂ ਸਾਹਿਤਕ/ਸਭਿਆਚਾਰਕ ਗਤੀਵਿਧੀਆਂ ਤੱਕ ਹੀ ਸੀਮਤ ਰੱਖਣਾ ਚਾਹੁੰਦੇ ਹੋ । ਅਸੀਂ ਤੁਹਾਨੂੰ ਪਿਛੇ ਜਿਹੇ 'ਵਿਸ਼ਵ ਸੰਮੇਲਨ ਦੇ ਮਸਲੇ' ਸੰਬੰਧੀ ਓਨਟੇਰੀਓ ਦੇ ਪੰਜਾਬੀ ਲੇਖਕਾਂ ਦੀ ਇਕ ਮਹੱਤਵਪੂਰਣ ਮੀਟਿੰਗ ਦੀ ਰੀਪੋਰਟ ਭੇਜੀ ਸੀ । ਪਰ ਤੁਸੀਂ ਇਸਨੂੰ ਆਪਣੇ ਪਰਚੇ ਵਿਚ ਕੋਈ ਥਾਂ ਨਹੀਂ ਦਿਤੀ । ਪਿਛਲੇ ਕੁਝ ਸਮੇਂ ਤੋਂ ਟਰਾਂਟੋ ਤੋਂ ਨਿਕਲਣ ਵਾਲੀਆਂ ਪੰਜਾਬੀ ਦੀਆਂ ਅਖਬਾਰਾਂ 'ਪਰਦੇਸੀ ਪੰਜਾਬ' ਅਤੇ 'ਪੰਜਾਬੀ ਪਤ੍ਰਿਕਾ' ਦਾ ਅਜਿਹਾ ਵਤੀਰਾ ਵੇਖਣ ਵਿਚ ਆਇਆ ਹੈ ਕਿ ਜਿਹੜੀ ਸਾਹਿਤਕ/ਸਭਿਆਚਾਰਕ ਖਬਰ ਛਾਪ ਕੇ ਉਨ੍ਹਾਂ ਨੂੰ ਜਾਤੀ ਤੌਰ ਤੇ ਕੋਈ ਲਾਭ ਹੁੰਦਾ ਹੋਵੇ ਉਸ ਖਬਰ ਨੂੰ ਤਾਂ ਸਪੈਸ਼ਲ ਸਪਲੀਮੈਂਟ ਵੀ ਦੇ ਦੇਣਗੇ । ਪਰ ਜਿਸ ਖਬਰ ਦਾ ਸਬੰਧ ਸਮੁੱਚੇ ਲੇਖਕ ਵਰਗ ਨਾਲ ਹੋਵੇ ਉਸ ਖਬਰ ਨੂੰ ਅਖਬਾਰ ਦਾ ਇਕ ਇੰਚ ਵੀ ਨਹੀਂ ਦੇਣਗੇ । ਮੈਨੂੰ ਉਮੀਦ ਹੈ ਕਿ ਤੁਸੀਂ ਆਪਣੇ ਅਖਬਾਰ ਵਿਚ ਅਜਿਹੇ ਨਿਜਵਾਦ ਨੂੰ ਦਖਲਅੰਦਾਜ਼ੀ ਨਹੀਂ ਕਰਨ ਦੇਉਗੇ । **'ਅਖੌਤੀ ਵਿਸ਼ਵ ਸੰਮੇਲਨ'** ਦੇ ਪ੍ਰਬੰਧਕਾਂ ਨੇ **'ਤੀਜੇ ਵਿਸ਼ਵ ਸੰਮੇਲਨ'** ਦੇ ਸ਼ੜਯੰਤਰ ਲਈ ਵੈਨਕੂਵਰ ਨੂੰ ਚੁਣਿਆ ਹੈ । ਉਮੀਦ ਹੈ ਤੁਸੀਂ ਇਸ ਮਸਲੇ ਸਬੰਧੀ ਜਲਦੀ ਹੀ ਇਕ ਐਡੀਟੋਰੀਅਲ ਲਿਖੋਗੇ ਅਤੇ ਕੈਨੇਡਾਂ ਦੇ ਲੇਖਕਾਂ ਨੂੰ ਅਜਿਹੀ ਪਾਖੰਡਬਾਜ਼ੀ ਬਾਰੇ ਗਿਆਨ ਵੀ ਦੇਵੋਗੇ ।

'ਇੰਡੋ ਕੈਨੇਡੀਅਨ' ਅਖਬਾਰ ਨਾਲ ਝਗੜੇਬਾਜ਼ੀ ਵਿਚ ਨ ਪਵੋ । ਟਰਾਂਟੋ ਦੀਆਂ ਪੰਜਾਬੀ ਦੀਆਂ ਅਖਬਾਰਾਂ ਵੀ ਇਹੋ ਜਿਹੀ ਘਟੀਆ ਸ਼ਬਦਾਵਲੀ ਹੀ ਵਰਤ ਰਹੀਆਂ ਹਨ । ਤੁਸੀਂ ਇਹਨਾਂ ਨੂੰ ਇਹਨਾਂ ਦੇ ਰਹਿਮ ਉਤੇ ਹੀ ਛੱਡ ਦਿਓ । ਸ਼ਾਇਦ ਖਾਲਿਸਤਾਨ ਦੇ ਪੈਰੋਕਾਰ ਅਤੇ ਖਾਲਿਸਤਾਨੀ ਅਖਬਾਰਾਂ ਦੇ ਪਾਠਕ ਅਜਿਹੀ ਮੁਹਾਵਰੇ ਵਾਲੀ ਅਸ਼ੁੱਧ ਭਾਸ਼ਾ ਦੇ ਹੀ ਗਿੱਝੇ ਹੋਏ ਹਨ !

'ਰੌਪਚਰ' ਬਾਰੇ ਕੁਝ ਜਾਣਕਾਰੀ ਭੇਜ ਰਿਹਾ ਹਾਂ। ਪ੍ਰਕਾਸ਼ਿਤ ਕਰ ਦੇਣੀ

ਨਵੇਂ ਸਾਲ ਦੀਆਂ ਸ਼ੁਭ ਇਛਾਵਾਂ ਸਹਿਤ ।

ਟਰਾਂਟੋ — ਤੁਹਾਡਾ
31 ਦਸੰਬਰ, 1982 — ਸੁਖਿੰਦਰ

ਪਿਆਰੇ ਦਰਸ਼ਨ,

ਨਿੱਘੀ ਯਾਦ !

'ਕੈਨੇਡਾ ਦਰਪਣ' ਦਾ ਪਹਿਲਾ ਅੰਕ ਅਤੇ ਤੀਜਾ ਅੰਕ ਮਿਲ ਗਿਆ ਹੈ। ਆਰਥਕ ਮੰਦਵਾੜੇ ਦੌਰਾਨ ਏਡਾ ਵੱਡਾ ਹੰਭਲਾ ਮਾਰਨਾ ਹਿਮਤ ਦਾ ਕੰਮ ਹੈ । ਫਿਰਕਾ ਪਰਸਤ ਅਖਬਾਰਾਂ ਤੋਂ ਅੱਕੇ ਹੋਏ ਪੰਜਾਬੀ ਪਾਠਕ ਜ਼ਰੂਰ 'ਕੈਨੇਡਾ ਦਰਪਣ' ਦਾ ਸਵਾਗਤ ਕਰਨਗੇ । ਪਹਿਲੇ ਸਾਲ ਕਈਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਪਾਠਕਾਂ ਵਿਚ ਥਾਂ ਬਣਾਉਣ ਲਈ ਜਿਥੇ ਤੁਹਾਨੂੰ ਬੇਹੱਦ ਨੱਠ-ਭੱਜ ਕਰਨੀ ਪਵੇਗੀ, ਉਥੇ ਆਂਢ-ਗੁਆਂਢ ਖੁੱਡੀ ਵੜੇ ਸੱਪਾਂ ਤੋਂ ਵੀ ਬਚਣਾ ਹੋਵੇਗਾ ।

ਆਸ ਕਰਦਾ ਹਾਂ ਕਿ ਪਰਚੇ ਨੂੰ ਜਿੰਨੀ ਜਲਦੀ ਹੋ ਸਕੇ ਹਫਤਾਵਾਰੀ ਕਰਨ ਦੀ ਕੋਸ਼ਿਸ਼ ਕਰੋਗੇ ।

ਸ਼ੁਭਚਿੰਤਕ ,
ਅਵਤਾਰ ਗਿੱਲ
ਸ਼ੇਰਵੁਡ ਪਾਰਕ, ਅਲਬਰਟਾ

ਸਤਿਕਾਰਤ ਗਿੱਲ ਸਾਹਿਬ,

ਸ਼ੁਕਰ-ਇ-ਖੁਦਾ !

—ਉਮੀਦ ਏ—ਵਤਨੋਂ ਦੂਰ -ਕੈਨੇਡਾ ਦੀਆਂ ਹੁਸੀਨ ਵਾਦੀਆਂ ਵਿਚ ਜ਼ਿੰਦਗੀ ਦਾ ਸਫਰ ਸੰਤੁਸ਼ਟਤਾ ਨਾਲ ਤੈਅ ਕਰ ਰਹੇ ਹੋਵੋਗੇ ।

'ਕੈਨੇਡਾ ਦਰਪਣ' ਭੇਜਣ ਲਈ ਬਹੁਤ ਧੰਨਵਾਦ — ਜਦੋਂ ਕਦੇ ਵੀ ਵਤਨੋਂ ਦੂਰ ਬੈਠੇ ਕਿਸੇ ਸੱਜਣ ਵਲੋਂ ਪੰਜਾਬੀ ਸਾਹਿਤ ਲਈ ਕੀਤੀ ਜਾ ਰਹੀ ਸੇਵਾ ਬਾਰੇ ਜਾਣਕਾਰੀ ਮਿਲਦੀ ਹੈ ਤਾਂ ਮਾਣ ਮਹਿਸੂਸ ਹੁੰਦਾ ਹੈ । 'ਕੈਨੇਡਾ ਦਰਪਣ' ਵੇਖ ਕੇ ਤੁਹਾਡੀ ਪੰਜਾਬੀ ਲਈ ਕੀਤੀ ਜਾ ਰਹੀ ਸੇਵਾ ਪ੍ਰਤੱਖ ਦਿਸ ਪਈ । ਇਸ ਲਈ ਪੰਜਾਬੀ ਸਾਹਿਤ ਏਥੋਂ ਦੇ ਪੰਜਾਬੀ ਸਾਹਿਤ ਪਰੇਮੀਆਂ ਤੋਂ ਵੱਧ ਤੁਹਾਡੀ ਰਿਣੀ ਰਵ੍ਹੇਗਾ -ਕਿਉਂਕਿ ਏਥੋਂ ਦੇ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਹਿਸਾ ਪਾਉਣ ਵਾਲੇ (ਭਾਵੇਂ ਇਹ ਕੇਵਲ ਵਿਕਾਸ ਦਾ ਝੰਡਾ ਹੀ ਚੁੱਕੀ ਫਿਰਦੇ ਨੇ — ਇਹਨਾਂ ਦੇ ਆਪਣੇ ਬੱਚੇ ਅੰਗਰੇਜ਼ੀ ਮਾਧਿਅਮ ਸਕੂਲਾਂ ਵਿਚ ਪੜ੍ਹਦੇ ਨੇ ਤੇ ਆਪ ਪੰਜਾਬੀ ਦੀ ਥਾਂ ਕੇਵਲ ਅੰਗਰੇਜ਼ੀ ਰਲੀ ਪੰਜਾਬੀ ਬੋਲ ਕੇ ਮਾਣ ਮਹਿਸੂਸ ਕਰਦੇ ਨੇ) ਆਪਣੇ ਆਪ ਨੂੰ ਪੰਜਾਬੀ ਦੇ ਠੇਕੇਦਾਰ ਸਮਝਦੇ ਨੇ— ਇਸ ਤੋਂ ਵੱਧ ਇਹ ਹੋਰ ਕੁਝ ਕਰ ਵੀ ਨਹੀਂ ਸਕਦੇ । ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਜਦੋਂ ਤੀਕ ਅਸੀਂ ਪੰਜਾਬੀ ਨੂੰ ਪੰਜਾਬ ਦੇ ਦਫਤਰਾਂ ਵਿਚ (ਕਿਉਂਕਿ ਕਿਸੇ ਵੀ ਦਫਤਰ ਵਿਚ ਪੰਜਾਬੀ ਵਿਚ ਪੂਰੀ ਤਰਾਂ ਕੰਮ ਨਹੀਂ ਹੋ ਰਿਹਾ) ਪੂਰੀ ਤਰਾਂ ਲਾਗੂ ਨਹੀਂ ਕਰਵਾਵਾਂਗੇ । ਪੰਜਾਬੀ ਨੂੰ ਦੂਜੇ ਰਾਜਾਂ ਵਿਚ ਦੂਜੀ ਭਾਸ਼ਾ ਦਾ ਦਰਜਾ ਕਿਵੇਂ ਦਿਲਵਾ ਸਕਦੇ ਹਾਂ ? —ਖੈਰ ਇਹ ਬਹਿਸ ਦਾ ਲੰਮਾ ਵਿਸ਼ੇ—ਇਸ ਲਈ ਜ਼ਿੰਦਗੀ ਵਿਚ ਕਦੇ ਮੇਲ ਹੋਇਆ ਤਾਂ ਗੱਲ ਕਰਾਂਗੇ—

—ਤੁਹਾਨੂੰ ਮੇਰੀਆਂ ਕਵਿਤਾਵਾਂ ਪਸੰਦ ਆਈਆਂ -ਸ਼ੁਕਰੀਆਂ—

ਖਤ ਤਾਂ ਤੁਹਾਨੂੰ ਬਹੁਤ ਚਿਰ ਪਹਿਲਾਂ ਲਿਖਣਾ ਸੀ ਪਰ ਮੈਂ ਪਿਛਲੇ ਕਈ ਮਹੀਨੇ ਉਲਝਿਆ ਰਿਹਾ ਹਾਂ । ਪੱਤਰਕਾਰੀ ਦਾ ਡਿਪਲੋਮਾ ਸ਼ੁਰੂ ਕੀਤਾ ਸੀ । ਉਸਦੇ ਪੇਪਰ ਦੇਕੇ ਹਟਿਆ ਹਾਂ - ਹੁਣ ਕੁਝ ਵਿਹਲਾ ਹੋਇਆ ਤਾਂ ਖਤ ਲਿਖ ਰਿਹਾ ਹਾਂ । ਉਮੀਦ ਏ ਏਸ ਦੇਰੀ ਲਈ ਮੁਆਫ ਕਰੋਗੇ ।

ਮੇਰੇ ਲਈ ਸੇਵਾ — ਹਰ ਵੇਲੇ ਹਾਜ਼ਰ ਹੈ —
ਜੇ ਕਵਿਤਾਵਾਂ ਛਾਪੋ ਤਾਂ ਕਾਪੀ ਭੇਜਣ ਦੀ ਖੇਚਲ ਕਰਨੀ
ਸਭ ਭਰਾਵਾਂ ਨੂੰ ਫਤਿਹ

ਖੁਦਾ ਹਾਫ਼ਿਜ਼

ਤੁਹਾਡਾ
ਮਨਮੋਹਨ ਸਿੰਘ ਢਿੱਲੋਂ
ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ

# ਪੰਜਾਬ ਦਰਪਣ

## ਸੰਤ ਵਲੋਂ ਮੋਰਚਾ ਗੁਪਤ ਹਥਾਂ ਵਿਚ ਦੇਣ ਦਾ ਸੰਕੇਤ

ਅੰਮ੍ਰਿਤਸਰ :—ਅਕਾਲੀ ਦਲ ਦੇ ਪਰਧਾਨ ਤੇ ਮੋਰਚਾ ਡਿਕਟੇਟਰ ਸੰਤ ਲੌਂਗੋਵਾਲ ਨੇ ਕਿਹਾ ਹੈ ਕਿ 26 ਜਨਵਰੀ ਤੋਂ ਬਾਅਦ ਮੋਰਚੇ ਦੇ ਨਵੇਂ ਪੜਾਅ ਵਿਚ ਪਾਰਟੀ ਦੇ ਸਾਰੇ ਆਗੂ ਨਿਸ਼ਾਨਾ ਪ੍ਰਾਪਤ ਕਰਨ ਲਈ ਮੈਦਾਨ ਵਿਚ ਕੁਦਣਗੇ।

ਪਤਰਕਾਰਾਂ ਨਾਲ ਗਲਬਾਤ ਕਰਦਿਆਂ ਉਹਨਾਂ ਸੰਕੇਤ ਦਿਤਾ ਕਿ ਕਿਸੇ ਵੀ ਗੁਮਨਾਮ ਵਿਅਕਤੀ, ਤੇ ਜਿਹੜਾ ਕਿ ਗੁਪਤ ਤੌਰ ਤੇ ਕੰਮ ਕਰੇਗਾ ਨੂੰ ਮੋਰਚੇ ਦੀ ਵਾਗਡੋਰ ਸੰਭਾਲ ਕੇ ਉਹ ਖੁਦ ਵੀ ਮੈਦਾਨ ਵਿਚ ਉਤਰ ਪੈਣਗੇ

ਇਹ ਪੁਛੇ ਜਾਣ ਤੇ ਕਿ ਕੀ ਸ਼ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਵੀ ਅਸੈਂਬਲੀ ਤੇ ਪਾਰਲੀਮੈਂਟ ਮੈਂਬਰਾਂ ਵਾਂਗ ਅਸਤੀਫੇ ਦੇਣ ਲਈ ਕਿਹਾ ਜਾਏਗਾ ਉਨ੍ਹਾਂ ਕਿਹਾ ਸ਼ਰੋਮਣੀ ਕਮੇਟੀ ਸਾਡੀ ਸਰਕਾਰ ਹੈ ਜਿਸ ਨੂੰ ਲਗਪਗ 60 ਸਾਲ ਦੀਆਂ ਕੁਰਬਾਨੀਆਂ ਨਾਲ ਪ੍ਰਾਪਤ ਕੀਤਾ ਹੈ, ਅਸੀਂ ਇਸ ਧਾਰਮਿਕ ਬਾਡੀ ਵਿਚ ਸਰਕਾਰ ਨੂੰ ਦਖਲ ਦੀ ਆਗਿਆ ਨਹੀਂ ਦੇਵਾਂਗੇ।

ਪੀ. ਟੀ. ਆਈ ਮੁਤਾਬਕ ਸੰਤ ਨੇ ਕਿਹਾ ਕਿ ਦੋ ਰਿਟਾਰਿਡ ਫੌਜੀਆਂ ਨੂੰ ਸੂਬੇ ਦੇ ਦੌਰੇ ਲਈ ਲਾਇਆ ਗਿਆ ਹੈ ਤੇ ਉਹਨਾਂ ਦੀ ਛੇਤੀ ਹੀ ਅੰਮ੍ਰਿਤਸਰ ਵਿਚ ਇਕ ਹੋਰ ਕਨਵੈਨਸ਼ਨ ਸੱਦੀ ਜਾਏਗੀ।

ਇਸੇ ਦੌਰਾਨ ਦਲ ਦੀ ਦੋ ਮੈਂਬਰੀ ਕਮੇਟੀ ਬੰਗਾਲ ਵਿਚ ਖਬੇ ਪੱਖੀ ਪਾਰਟੀਆਂ ਨੂੰ ਆਪਣੇ ਮੋਰਚੇ ਬਾਰੇ ਜਾਣੂ ਕਰਾਉਣ ਲਈ ਕਲ੍ਹ ਕਲਕੱਤੇ ਪੁਜ ਰਹੀ ਹੈ।

## ਦਲ ਨੇ ਸਾਬਕ ਫੌਜੀਆਂ ਦੀ ਮੀਟਿੰਗ ਕਰਕੇ ਚੰਗਾ ਨਾ ਕੀਤਾ

### ਗਵਰਨਰ ਚੈਨਾ ਰੈਡੀ ਦੀ ਟਿਪਣੀ

ਗੁਰਦਾਸਪੁਰ :—ਪੰਜਾਬ ਦੇ ਰਾਜਪਾਲ ਡਾਕਟਰ ਚੈਨਾ ਰੈਡੀ ਨੇ ਕਿਹਾ ਹੈ ਕਿ ਪੁਲੀਸ ਅਤੇ ਫੌਜ ਦੋਨਾਂ ਨੂੰ ਦੇਸ਼ ਦੇ ਕਿਸੇ ਵੀ ਸਿਆਸੀ ਪਾਰਟੀ ਨਾਲ ਆਪਣਾ ਸੰਪਰਕ ਨਹੀਂ ਕਰਨਾ ਚਾਹੀਦਾ ਕਿਉਂਕਿ ਸਰਕਾਰਾਂ ਤਾਂ ਬਦਲਦੀਆਂ ਹੀ ਰਹਿੰਦੀਆਂ ਹਨ। ਇਸ ਲਈ ਇਹਨਾਂ ਦਾ ਸਮੇਂ ਦੀ ਸਰਕਾਰ ਦਾ ਵਫਾਦਾਰ ਰਹਿਣਾ ਹੀ ਯੋਗ ਹੈ।

## ਪੰਜਾਬ ਦੇ ਸਾਬਕ ਗਵਰਨਰ ਸ੍ਰੀ ਚੌਧਰੀ ਦਾ ਦੇਹਾਂਤ

ਗੁਹਾਟੀ :—ਪੰਜਾਬ ਦੇ ਸਾਬਕ ਗਵਰਨਰ ਅਤੇ ਆਸਾਮ ਦੇ ਸਾਬਕ ਮੁਖ ਮੰਤਰੀ ਸ੍ਰੀ ਮਹਿੰਦਰ ਮੋਹਣ ਚੌਧਰੀ ਦਾ ਮੈਡੀਕਲ ਹਸਪਤਾਲ ਵਿਚ ਦੇਹਾਂਤ ਹੋ ਗਿ ਆ। ਉਹ 75 ਸਾਲ ਦੇ ਸਨ। ਉਹ ਕਈ ਮਹੀਨਿਆਂ ਤੋਂ ਬੀਮਾਰ ਸਨ। ਸੂਬਾ ਸਰਕਾਰ ਨੇ ਤਿੰਨ ਦਿਨ ਸ਼ੋਕ ਮਨਾਉਣ ਦਾ ਐਲਾਨ ਕੀਤਾ ਅਤੇ ਕੌਮੀ ਝੰਡੇ ਝੁਕਾ ਦਿਤੇ ਗਏ। ਸਾਰੇ ਪਬਲਿਕ ਪ੍ਰੋਗਰਾਮ ਰੱਦ ਕਰ ਦਿਤੇ ਗਏ ਤੇ ਸਕੂਲਾਂ ਕਾਲਜਾਂ ਤੇ ਹੋਰ ਸਰਕਾਰੀ ਸੰਸਥਾਵਾਂ ਵਿਚ ਛੁੱਟੀ ਕਰ ਦਿਤੀ ਗਈ। ਉਹਨਾਂ ਦਾ ਸਸਕਾਰ ਨਾਬਰਗਾਹਾ ਵਿਚ ਕੀਤਾ ਗਿਆ

## ਬੰਬ ਧਮਾਕਿਆਂ ਨਾਲ ਸਥਿਤੀ ਹੋਰ ਗੁੰਝਲਦਾਰ ਹੋਏਗੀ

ਅੰਮ੍ਰਿਤਸਰ ਪੰਜਾਬ ਦੇ ਇੱਕਾ ਵਿਧਾਇਕ ਸ੍ਰੀ ਲੱਖਾ ਸਿੰਘ, ਜਿਨ੍ਹਾਂ ਦੇ ਮਕਾਨ ਤੇ ਅੱਤਵਾਦੀਆਂ ਨੇ ਬੰਬ ਸੁਟਿਆਂ ਸੀ, ਨੇ ਕਿਹਾ ਹੈ ਕਿ ਬੰਬ ਧਮਕਿਆਂ ਦੀ ਰਾਜਨੀਤੀ ਨਾਲ ਪੰਜਾਬ ਦੀ ਸਮਸਿਆ ਹੱਲ ਹੋਣ ਦੀ ਥਾਂ ਹੋਰ ਗੁੰਝਲਦਾਰ ਹੋ ਗਈ ਹੈ।

ਇਥੇ ਇਕ ਮੁਲਾਕਾਤ ਵਿਚ ਉਨ੍ਹਾਂ ਕਿਹਾ ਕਿ ਪਿਛਲੇ ਇਕ ਸਾਲ ਤੋਂ ਵੀ ਵਧ ਸਮੇਂ ਦਾ ਘਟਨਾ ਚੱਕਰ ਇਸ ਗਲ ਦਾ ਸਬੂਤ ਹੈ ਕਿ ਅੱਤਵਾਦੀਆਂ ਨੇ ਆਪਣੀਆਂ ਕਾਰਵਾਈਆਂ ਨਾਲ ਪੰਜਾਬ ਦਾ ਵਾਤਾਵਰਨ ਖਰਾਬ ਹੀ ਕੀਤਾ ਹੈ, ਅਜਿਹੀਆਂ ਕਾਰਵਾਈਆਂ ਨਾਲ ਅਕਾਲੀ ਦਲ ਨੂੰ ਹੁਣ ਲੋਕਾਂ ਦੀ ਹਮਾਇਤ ਨਹੀਂ ਰਹੀ, ਸ੍ਰੀ ਲੱਖਾ ਸਿੰਘ ਨੇ ਕਿਹਾ ਕਿ ਮੇਰੇ ਵਰਗੇ ਗਰੀਬ ਹਰੀਜਨ ਦੇ ਮਕਾਨ ਤੇ ਬੰਬ ਸੁਟਣਾ ਇਸ ਗਲ ਦਾ ਸਬੂਤ ਹੈ ਕਿ ਵਡੇ ਵਡੇ ਸਰਮਾਏਦਾਰ ਅੱਤਵਾਦੀਆਂ ਦੀ ਮਾਲੀ ਸਹਾਇਤਾ ਕਰ ਰਹੇ ਹਨ ਅਤੇ ਘਟਗਿਣਤੀਆਂ ਨਾਲ ਉਨ੍ਹਾਂ ਦੀ ਹਮਦਰਦੀ ਕੇਵਲ ਸ਼ਬਦਾਂ ਵਿਚ ਹੀ ਹੈ।

18 ਦਸੰਬਰ (ਸਪਿਸ) ਚੀਨ ਨੇ ਡਾਕਟਰ ਕੋਟਨਿਸ ਉਪਰ ਇਕ ਫਿਲਮ ਬਨਾਉਣ ਦਾ ਫੈਸਲਾ ਕੀਤਾ ਹੈ, ਇਸ ਫਿਲਮ ਵਿਚ ਚੀਨ ਦਾ ਪ੍ਰਸਿਧ ਹੀਰੋ ਜ਼ਹੂ ਕੰਮ ਕਰੇਗਾ।

## ਪਬਲਿਕ ਸਰਵਿਸ ਕਮਿਸ਼ਨ ਦੀ ਚੇਅਰਮੈਨ ਨੂੰ ਥਪੜ ਮਾਰਨ ਦਾ ਮਾਮਲਾ

### ਸੈਣੀ ਵਿਰੁਧ ਕੇਸ ਦੀ ਮੰਗ

ਚੰਡੀਗੜ੍ਹ:—ਵਖ ਵਖ ਸ਼ਡਿਊਲਡ ਕਾਸਟ ਜਥੇਬੰਦੀਆਂ ਨੇ ਪਬਲਿਕ ਸਰਵਿਸ ਕਮਿਸ਼ਨ ਦੀ ਚੇਅਰਮੈਨ ਸ੍ਰੀਮਤੀ ਸੰਤੋਸ਼ ਚੌਧਰੀ ਨੂੰ ਕਮਿਸ਼ਨ ਦੇ ਇਕ ਮੈਂਬਰ ਸ੍ਰੀ ਜੀ. ਕੇ. ਸੈਣੀ ਵਲੋਂ ਥਪੜ ਮਾਰੇ ਜਾਣ ਦੇ ਮਾਮਲੇ ਨੂੰ ਨਵਾਂ ਮੋੜ ਦੇ ਦਿਤਾ ਹੈ। ਸ੍ਰੀ ਸੰਤੋਸ਼ ਚੌਧਰੀ ਸ਼ਡਿਊਲਡ ਜਾਤੀ ਨਾਲ ਸਬੰਧ ਰਖਦੇ ਹਨ।

ਅਜ ਏਥੇ ਗਲਬਾਤ ਕਰਦਿਆਂ ਆਲ ਇੰਡੀਆਂ ਸ਼ਡਿਊਲਡ ਕਾਸਟ ਫੈਡਰੇਸ਼ਨ ਦੇ ਪਰਧਾਨ ਸ੍ਰੀ ਏ. ਆਰ. ਬਦਨ ਨੇ ਧਮਕੀ ਦਿਤੀ ਹੈ ਕਿ ਜੇਕਰ ਸੈਣੀ ਨੂੰ ਕਮਿਸ਼ਨ ਦੀ ਮੈਂਬਰੀ ਤੋਂ ਫੌਰਨ ਮੁਅਤਲ ਕਰਕੇ 15 ਦਿਨ ਦੇ ਅੰਦਰ ਅੰਦਰ ਉਸ ਵਿਰੁਧ ਮੁਕੱਦਮਾ ਨਾ ਚਲਾਇਆ ਗਿਆ ਤਾਂ ਉਹ ਰਾਸ਼ਟਰਪਤੀ ਭਵਨ ਅੱਗੇ ਧਰਨਾ ਮਾਰ ਦੇਣਗੇ।

## ਟੌਹੜਾ ਨੂੰ ਕੌਮੀ ਸੁਰੱਖਿਆ ਤਹਿਤ ਗ੍ਰਿਫਤਾਰ ਕੀਤਾ ਜਾਏ

ਅੰਮ੍ਰਿਤਸਰ :— ਆਰੀਆਂ ਨੇਤਾ ਸਵਾਮੀ ਇੰਦਰਵੇਸ਼ ਨੇ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਕੌਮੀ ਸੁਰੱਖਿਆ ਕਾਨੂੰਨ ਦੇ ਅਧੀਨ ਗ੍ਰਿਫਤਾਰ ਕੀਤਾ ਜਾਵੇ, ਸਵਾਮੀ ਜੀ ਗੋਲ ਬਾਗ ਵਿਚ ਆਰੀਆ ਯੁਵਕ ਸੰਮੇਲਨ ਵਿਚ ਭਾਸ਼ਨ ਦੇ ਰਹੇ ਸਨ। ਉਹਨਾਂ ਨੇ ਆਖਿਆ ਕਿ ਜਥੇਦਾਰ ਟੌਹੜਾ ਦਾ ਇਹ ਬਿਆਨ ਬਦਕਿਸਮਤੀ ਵਾਲਾ ਹੈ ਕਿ ਪੰਜਾਬ ਵਿਚ ਗੈਰ ਪੰਜਾਬੀਆਂ ਨੂੰ ਵੋਟਾਂ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਇਸ ਨਾਲ ਦੇਸ਼ ਦੀ ਅਖੰਡਤਾ ਨੂੰ ਖਤਰਾ ਪੈਦਾ ਹੋਵੇਗਾ। ਇਸ ਲਈ ਜਥੇਦਾਰ ਟੌਹੜਾ ਨੂੰ ਗ੍ਰਿਫਤਾਰ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਫੇਰ ਕਿਸੇ ਵੀ ਐਸੀ ਮੰਗ ਚੁਕਣ ਦੀ ਹਿੰਮਤ ਨਾ ਹੋਵੇ।

## ਹੁਣ ਮੋਰਚਾ ਤੇਜ਼ ਕਿਵੇਂ ਹੋਵੇ ?

### ਅਕਾਲੀ ਦਲ ਅਜੀਬ ਦੁਬਿਧਾ ਵਿਚ

ਲੁਧਿਆਣਾ :—ਅਕਾਲੀ ਹਾਈ ਕਮਾਂਡ ਇਸ ਗੱਲ ਤੋਂ ਕਾਫੀ ਚਿੰਤਾਤੁਰ ਹੈ ਕਿ ਅਕਾਲੀ ਦਲ ਵਲੋਂ ਚਲਾਏ ਜਾ ਰਹੇ ਮੋਰਚੇ ਵਿਚ ਮੁੜ ਕਿਸ ਤਰਾਂ ਤੇਜ਼ੀ ਲਿਆਂਦੀ ਜਾਏ ਅਤੇ ਉਸਨੂੰ ਅਜੇ ਤਕ ਇਸ ਗੱਲ ਦੇ ਅਧਾਰ ਆਏ ਜਿਸ ਨਾਲ ਸਿਖ ਫਿਰਕੇ ਨੂੰ ਮੋਰਚੇ ਵਿਚ ਹਿਸਾ ਲੈਣ ਲਈ ਉਕਸਾਇਆ ਜਾ ਸਕੇ। ਸਾਬਕਾ ਫੌਜੀਆਂ ਦੀ ਸੱਦੀ ਗਈ ਬੈਠਕ ਅਤੇ ਅਗਲੇ ਮਹੀਨੇ ਹੋਣ ਵਾਲੀ ਬੁਧੀਜੀਵੀਆਂ ਦੀ ਮੀਟਿੰਗ ਵੀ ਇਸੇ ਹੀ ਕੜੀ ਦਾ ਹਿਸਾ ਹਨ ਅਕਾਲੀ ਹਲਕਿਆ ਤੋਂ ਮਿਲੀ ਜਾਣਕਾਰੀ ਅਨੁਸਾਰ ਅਕਾਲੀ ਹਾਈ ਕਮਾਂਡ ਇਸ ਸਮੇਂ ਇਕ ਧਰਮ ਯੁੱਧ ਵਿਚ ਫਸ ਗਿਆ ਹੈ ਕਿਉਂਕਿ ਇਕ ਪਾਸੇ ਤਾਂ ਪ੍ਰ: ਮੰਤਰੀ ਇੰਦਰਾ ਗਾਂਧੀ ਵਾਰ ਵਾਰ ਕਹਿ ਰਹੇ ਹਨ ਕਿ ਉਨ੍ਹਾਂ ਵਲੋਂ ਗੱਲਬਾਤ ਲਈ ਦਰਵਾਜ਼ੇ ਖੁਲ੍ਹੇ ਹਨ ਪਰ ਉਹ ਪਹਿਲ ਨਹੀਂ ਕਰ ਰਹੇ ਪਰ ਦੂਜੇ ਪਾਸੇ ਅਕਾਲੀ ਨੇਤਾ ਇਹ ਨਹੀਂ ਚਾਹੁੰਦੇ ਕਿ ਉਹ ਦਿੱਲੀ ਜਾਕੇ ਪ੍ਰਧਾਨ ਮੰਤਰੀ ਨਾਲ ਗਲਬਾਤ ਕਰਨ। ਉਹ ਚਾਹੰਦੇ ਹਨ ਪ੍ਰਧਾਨ ਮੰਤਰੀ ਪਹਿਲਾਂ ਤਾਰੀਕ ਮਿਥਣ ਤੇ ਫਿਰ ਕਿਸੇ ਏਲਚੀ ਕੋਲ ਗਲਬਾਤ ਲਈ ਸੁਨੇਹਾ ਭੇਜਣ।

ਇਹ ਵੀ ਖਬਰ ਮਿਲੀ ਹੈ ਕਿ ਅਕਾਲੀ ਦਲ ਵਿਚਾਲੇ ਮੋਰਚਾ ਲੰਬਾ ਹੋਣ ਦੇ ਕਾਰਨ ਅੰਦਰਗਤੀ ਫੁੱਟ ਆਪਣੀ ਸਿਖਰ ਤੇ ਜਾ ਪਹੁੰਚੀ ਹੈ। ਸਿਰਫ ਆਨੰਦਪੁਰ ਦੇ ਮਤੇ ਨੂੰ ਛੱਡ ਕੇ ਅਕਾਲੀ ਕਿਸੇ ਸੁਆਲ ਤੇ ਇਕ ਰਾਇ ਨਹੀਂ ਰਖਦੇ।

ਹਿੰਦੂ ਸਿੱਖ ਏਕਤਾ ਪਖੀ ਅਕਾਲੀ ਨਹੀਂ ਚਾਹੁੰਦੇ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਅਕਾਲ ਤਖਤ ਦਾ ਜਥੇਦਾਰ ਬਣਾਇਆ ਜਾਏ। ਕਿਉਂਕਿ ਉਹ ਨਹੀਂ ਚਾਹੁੰਦੇ ਕਿ ਭਿੰਡਰਾਂਵਾਲਾ ਅਕਾਲ ਤਖਤ ਤੋਂ ਆਪਣੀ ਮਰਜ਼ੀ ਅਨੁਸਾਰ ਹੁਕਮਨਾਮਾ ਜਾਰੀ ਕਰੇ ਅਤੇ ਉਨ੍ਹਾਂ ਲਈ ਸਿਰਦਰਦੀ ਦਾ ਕਾਰਨ ਬਣੇ।

## ਮਾਰਕਸੀ ਪਾਰਟੀ ਵਲੋਂ ਟੌਹੜਾ ਦੇ ਬਿਆਨ ਦੀ ਆਲੋਚਨਾ

ਜਲੰਧਰ :—ਮਾਰਕਸੀ ਪਾਰਟੀ ਦੇ ਸੂਬਾ ਸਕੱਤਰੇਤ ਨੇ ਇਕ ਬਿਆਨ ਰਾਹੀਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਇਸ ਬਿਆਨ ਦੀ ਆਲੋਚਨਾ ਕੀਤੀ ਹੈ ਜਿਸ ਵਿਚ ਉਹਨਾਂ ਨੇ ਕਿਹਾ ਸੀ ਕਿ ਗੈਰ-ਪੰਜਾਬੀਆਂ ਅਤੇ ਜਾਇਦਾਦ ਦੇ ਮਾਲਕ ਨਾ ਹੋਣ ਵਾਲਿਆਂ ਨੂੰ ਵੋਟ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ।

ਪਾਰਟੀ ਦੇ ਸਕਤਰੇਤ ਦੀ ਮੀਟਿੰਗ ਹੋਈ ਤੇ ਪਾਰਟੀ ਦੇ ਸਕੱਤਰ ਸ੍ਰੀ ਸਤਵੰਤ ਸਿੰਘ ਨੇ ਇਹ ਬਿਆਨ ਪ੍ਰੈਸ ਨੂੰ ਜਾਰੀ ਕੀਤਾ। ਬਿਆਨ ਵਿਚ ਕਿਹਾ ਗਿਆ ਹੈ ਕਿ ਜਥੇਦਾਰ ਟੌਹੜਾ ਦੀ ਇਹ ਮੰਗ ਗੈਰ-ਜਮਹੂਰੀ, ਪਿਛਾਂਹ ਖਿਚੂ ਅਤੇ ਦੇਸ਼ ਦੇ ਸੰਵਿਧਾਨ ਦੇ ਵਿਰੁਧ ਹੈ ਅਤੇ ਇਹ ਉਹਨਾਂ ਸਾਰੇ ਸਿੱਖਾਂ ਦੇ ਹਿੱਤਾਂ ਨੂੰ ਗੰਭੀਰ ਨੁਕਸਾਨ ਪਹੁੰਚਾ ਸਕਦੀ ਹੈ ਜਿਹੜੇ ਦੇਸ਼ ਦੇ ਵੱਖ ਵੱਖ ਹਿਸਿਆ ਵਿਚ ਫੈਲੇ ਹੋਏ ਹਨ।

ਬਿਆਨ ਵਿਚ ਕਿਹਾ ਗਿਆ ਹੈ ਕਿ ਪੰਜਾਬ ਮਸਲੇ ਦੇ ਹੱਲ ਲਈ ਕੇਂਦਰ ਅਤੇ ਅਕਾਲੀ ਦਲ ਦੇ ਆਗੂਆਂ ਵਿਚਕਾਰ ਅਗਲੀ ਗਲਬਾਤ ਹੋਣੀ ਜ਼ਰੂਰੀ ਹੈ। ਇਸ ਤੋਂ ਬਿਨਾਂ ਸਕਤਰੇਤ ਨੇ ਫੈਸਲਾ ਕੀਤਾ ਹੈ ਕਿ ਸੂਬੇ ਵਿਚ ਫਿਰਕੂ ਅਤੇ ਅਤਿਵਾਦੀ ਤਾਕਤਾਂ ਵਿਰੁਧ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਸੂਬਾ ਸਕਤਰੇਤ ਦੀ ਇਸ ਮੀਟਿੰਗ ਵਿਚ ਪਾਰਟੀ ਦੀ ਪੋਲਿਟ ਬਿਓਰੋ ਦੇ ਮੈਂਬਰ ਸ੍ਰੀ ਹਰਕਿਸ਼ਨ ਸਿੰਘ ਸੁਰਜੀਤ ਵੀ ਸ਼ਾਮਲ ਹੋਏ। ਸਕਤਰੇਤ ਨੇ ਮਾਰਕਿਟ ਫ਼ੀਸ 'ਚ ਕੀਤੇ ਗਏ ਇਕ ਪ੍ਰਤੀਸ਼ਤ ਦੇ ਵਾਧੇ ਦੇ ਸਰਕਾਰ ਦੇ ਫੈਸਲੇ ਦੀ ਨਿਖੇਧੀ ਕੀਤੀ ਹੈ। ਉਹਨਾਂ ਕਿਹਾ ਇਕ ਵਾਧੇ ਨਾਲ ਕਿਸਾਨ ਉਤੇ ਬਹੁਤ ਭਾਰ ਪਵੇਗਾ। ਮੰਗ ਕੀਤੀ ਗਈ ਕਿ ਇਹ ਵਾਧਾ ਵਾਪਸ ਲਿਆ ਜਾਵੇ।

## ਵਜ਼ੀਰ ਦੇ ਭਤੀਜਿਆਂ ਵਿਰੁਧ ਸ਼ਕਾਇਤ

### ਵਜ਼ਾਰਤ 'ਚ ਤਬਦੀਲੀ ਬਾਰੇ ਵਿਚਾਰ

ਲੁਧਿਆਣਾ:— ਪਤਾ ਲੱਗਾ ਹੈ ਕਿ ਪੰਜਾਬ ਦੇ ਮੁਖ ਮੰਤਰੀ ਦਰਬਾਰਾ ਸਿੰਘ ਛੇਤੀ ਹੀ ਆਪਣੀ ਵਜ਼ਾਰਤ ਵਿਚ ਤਬਦੀਲੀਆਂ ਕਰਨ ਵਾਲੇ ਹਨ।

ਦਸਿਆ ਜਾਂਦਾ ਹੈ ਕਿ ਮੁਖ ਮੰਤਰੀ ਨੂੰ ਆਪਣੇ ਕੁਝ ਵਜ਼ੀਰਾਂ ਬਾਰੇ ਕਈ ਗੰਭੀਰ ਕਿਸਮ ਦੀਆਂ ਸ਼ਕਾਇਤਾਂ ਮਿਲੀਆਂ ਹਨ ਜਿਹਨਾਂ ਦਾ ਉਹ ਗੰਭੀਰਤਾ ਨਾਲ ਜਾਇਜ਼ਾ ਲੈ ਰਹੇ ਹਨ।

ਪਤਾ ਲੱਗਾ ਹੈ ਕਿ ਲੁਧਿਆਣਾ ਯੂਥ ਕਾਂਗਰਸ ਦੇ ਤਾਕਤਵਾਰ ਧੜੇ ਨੇ ਸਥਾਨਕ ਵਜ਼ੀਰ ਦੇ ਭਤੀਜਿਆਂ ਦੀਆਂ ਕਾਰਗੁਜ਼ਾਰੀਆਂ ਦੀ ਇਕ ਵਿਸਥਾਰ ਭਰੀ ਰੀਪੋਰਟ ਤਿਆਰ ਕੀਤੀ ਹੈ ਜਿਹੜੀ ਛੇਤੀ ਹੀ ਮੁਖ ਮੰਤਰੀ ਨੂੰ ਪੇਸ਼ ਕੀਤੀ ਜਾਏਗੀ। ਇਸ ਧੜੇ ਦੇ ਇਕ ਬੁਲਾਰੇ ਨੇ ਕਿਹਾ ਕਿ "ਸੰਬੰਧਤ ਭਤੀਜਿਆਂ ਨੇ ਅੰਨ੍ਹੀ ਲੁੱਟ ਮਚਾ ਰੱਖੀ ਹੈ ਪਰ ਮੰਤਰੀ ਜੀ ਉਹਨਾਂ ਨੂੰ ਰੋਕਣ ਲਈ ਕੁਝ ਨਹੀਂ ਕਰ ਰਹੇ ਹਨ।"

### ਲੇਖਕ ਕਨਵੈਨਸ਼ਨ

## ਫੈਜ਼ ਨੂੰ ਆਉਣ ਦੀ ਆਗਿਆ ਨਾ ਮਿਲੀ

ਜੈਪੁਰ:—ਉਘੇ ਸ਼ਾਇਰ ਫੈਜ਼ ਅਹਿਮਦ ਫੈਜ਼ ਨੂੰ ਕੌਮੀ ਅੱਗੇ ਵਧੂ ਲੇਖਕ ਫੈਡਰੇਸ਼ਨ ਦੀ ਤੀਸਰੀ ਸਲਾਨਾ ਕਨਵੈਨਸ਼ਨ ਦਾ ਉਦਘਾਟਨ ਕਰਨ ਲਈ ਲਾਹੌਰ ਤੋਂ ਬਾਹਰ ਜਾਣ ਦੀ ਆਗਿਆ ਨਾ ਦਿਤੀ ਗਈ।

ਮਿ: ਫੈਜ਼ ਦੀ ਥਾਂ ਕਨਵੈਨਸ਼ਨ ਦਾ ਉਦਘਾਟਨ ਕਰਦਿਆਂ ਹਿੰਦ ਦੇ ਉਘੇ ਲੇਖਕ ਸ੍ਰੀ ਅੰਮ੍ਰਿਤ ਰਾਏ ਨੇ ਇਹ ਗੱਲ ਡੈਲੀਗੇਟਾਂ ਨੂੰ ਬੜੇ ਦੁਖ ਨਾਲ ਸੁਣਾਈ।

ਬਾਅਦ ਵਿਚ ਫੈਡਰੇਸ਼ਨ ਦੇ ਜਨਰਲ ਸਕੱਤਰ ਸਾਥੀ ਭੀਸ਼ਮ ਸਾਹਨੀ ਨੇ ਕਿਹਾ ਕਿ ਫੈਜ਼ ਸਾਹਿਬ ਦੇ ਨਾ ਆ ਸਕਣ ਦੇ ਕਾਰਨ ਦਾ ਚਿੱਠੀ-ਪੱਤਰ ਦੀ ਅਣਹੋਂਦ ਕਰਕੇ ਪਤਾ ਨਹੀਂ ਲੱਗ ਸਕਿਆ।

ਕਲ ਕਨਵੈਨਸ਼ਨ ਦੇ ਪ੍ਰਧਾਨ ਸ੍ਰੀ ਗੁਲਾਮ ਰਬਾਨੀ ਤਾਬਾਂ ਨੂੰ ਇਹ ਤਾਰ ਮਿਲੀ ਸੀ ਕਿ ਫੈਜ਼ ਸਾਹਿਬ ਨਹੀਂ ਆ ਰਹੇ।

---

ਲੁਧਿਆਣਾ —ਭਾਰਤੀ ਜਨਤਾ ਪਾਰਟੀ ਦੀ ਜ਼ਿਲਾ ਸ਼ਾਖਾ ਨੇ ਚੰਡੀਗੜ੍ਹ ਦੇ ਸਾਬਕਾ ਸੰਸਦ ਮੈਂਬਰ, ਪਰਮੁਖ ਵਕੀਲ ਅਤੇ ਭਾਜਪਾ ਦੀ ਰਾਸ਼ਟਰੀ ਸੰਮਤੀ ਦੇ ਮੈਂਬਰ ਸ੍ਰੀ ਚੰਦ ਗੋਇਲ ਦੀ ਮੌਤ ਉਤੇ ਡੂੰਘਾ ਦੁੱਖ ਪਰਗਟ ਕਰਦੇ ਹੋਏ ਇਸ ਨੂੰ ਇਕ ਨਾ ਪੂਰਾ ਹੋਣ ਵਾਲਾ ਨੁਕਸਾਨ ਦੱਸਿਆ।

## ਬਦੇਸ਼ਾਂ ਵਿਚ ਬੈਠੇ ਕੁਝ ਲੋਕ ਪੰਜਾਬ ਦੀ ਸਥਿਤੀ ਵਿਗਾੜਨ ਦੇ ਜਤਨਾਂ ਵਿਚ

ਇੰਦੌਰ,(ਯੂ. ਐਨ. ਆਈ.)—ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ. ਸੀ. ਸੇਠੀ ਨੇ ਕੱਲ ਕਿਹਾ ਕਿ ਇਹ ਦੋਸ਼ ਲਾਉਣਾ ਗਲਤ ਹੈ ਕਿ ਅੱਤਵਾਦੀ ਸਿਖ ਲੀਡਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਇੰਦਰਾ ਕਾਂਗਰਸ ਦੀ ਉਪਜ ਹੈ ਇੰਦੌਰ ਪਰੈਸ ਕਲਬ ਦੇ ਸੁਆਲਾਂ-ਜੁਆਬਾਂ ਦੇ ਮੌਕੇ ਤੇ ਸ੍ਰੀ ਸੇਠੀ ਨੇ ਕੱਲ ਰਾਤ ਕਿਹਾ ਕਿ ਉਹਨਾਂ ਦੀ ਪਾਰਟੀ ਨੇ ਸੰਤ ਭਿੰਡਰਾਂਵਾਲੇ ਦੀਆਂ ਨੀਤੀਆਂ ਜਾਂ ਵਿਚਾਰਾਂ ਦੀ ਕਦੇ ਵੀ ਹਮਾਇਤ ਨਹੀਂ ਕੀਤੀ। ਇਹ ਦੋਸ਼ ਗਲਤ ਹੈ ਕਿ ਉਹ ਇੰਕਾ ਦੀ ਉਪਜ ਹੈ। ਇਹ ਪੁਛੇ ਜਾਣ ਉਤੇ ਕਿ ਕੀ ਪੰਜਾਬ ਵਿਚ ਐਜੀਟੇਸ਼ਨ ਤੇਜ਼ ਕਰਨ ਪਿਛੇ ਕੁਝ ਬਦੇਸ਼ੀ ਹੱਥ ਵੀ ਹੈ। ਗ੍ਰਹਿ ਮੰਤਰੀ ਨੇ ਕਿਹਾ ਕਿ ਇਹ ਰੀਪੋਰਟਾਂ ਪ੍ਰਾਪਤ ਹੋਈਆਂ ਹਨ ਕਿ ਬਦੇਸ਼ਾਂ ਵਿਚੋਂ ਕੁਝ ਲੋਕ ਇਸ ਸਰਹੱਦੀ ਸੂਬੇ ਵਿਚ ਗੜਬੜੇ ਫਲਾਉਣ ਦੇ ਜਤਨ ਕਰ ਰਹੇ ਹਨ ਪਰ ਕੇਂਦਰ ਸਰਕਾਰ ਦੀ ਨੀਤੀ ਮਾਮਲਿਆਂ ਨੂੰ ਅਮਨ ਪੂਰਵਕ ਗਲਬਾਤ ਰਾਹੀਂ ਹੱਲ ਕਰਨ ਦੀ ਹੈ ਅਤੇ ਇਹ ਸਖਤ ਕਦਮ ਚੁਕਣੇ ਨਹੀਂ ਚਾਹੁੰਦੀ। ਬੜੌਦਾ ਦੀ ਸਥਿਤੀ ਬਾਰੇ ਪੁੱਛੇ ਜਾਣ ਉਤੇ ਸ੍ਰੀ ਸੇਠੀ ਨੇ ਕਿਹਾ ਕਿ ਗੜਬੜ ਤੋਂ ਸ਼ਹਿਰ ਦਾ ਸਿਰਫ ਥੋੜਾ ਜਿਹਾ ਇਲਾਕਾ ਹੀ ਪ੍ਰਭਾਵਤ ਹੋਇਆ ਹੈ, ਗੜਬੜ ਦਾ ਮੁਖ ਕਾਰਨ ਸਮਗਲਰਾਂ ਅਤੇ ਗੈਰ ਕਾਨੂੰਨੀ ਸ਼ਰਾਬ ਦੇ ਵਪਾਰੀਆਂ ਵਿਚਕਾਰ ਦੁਸ਼ਮਣੀ ਸੀ। ਉਹਨਾਂ ਕੁਝ ਅਖਬਾਰਾਂ ਵਿਚ ਛਪੀਆਂ ਇਹਨਾਂ ਖਬਰਾਂ ਦਾ ਵੀ ਖੰਡਨ ਕੀਤਾ ਕਿ ਪਰਦੇਸ਼ ਇੰਕਾ ਕਮੇਟੀ ਅਤੇ ਮੰਤਰੀਆਂ ਵਿਚਕਾਰ ਆਪਸੀ ਧੜੇਬੰਦਕ ਲੜਾਈ ਕਾਰਨ ਹਿੰਸਾ ਭੜਕੀ। ਉਹਨਾਂ ਕਿਹਾ ਕਿ ਉਹਨਾਂ ਨੂੰ ਗੁਜਰਾਤ ਦੇ ਮੰਤਰੀ ਸਨਤ ਮਹਿਤਾ ਵਲੋਂ ਉਹਨਾਂ ਦੇ ਬੜੌਦਾ ਦੌਰੇ ਦਾ ਬਾਈਕਾਟ ਕੀਤੇ ਜਾਣ ਬਾਰੇ ਵੀ ਕੋਈ ਜਾਣਕਾਰੀ ਨਹੀਂ।

## ਭਿੰਡਰਾਂਵਾਲੇ ਨੂੰ ਵਧੇਰੇ ਅਧਿਕਾਰਾਂ ਤੋਂ ਨਰਮ ਖਿਆਲ ਧੜਾ ਪਰੇਸ਼ਾਨ

ਨਵੀਂ ਦਿੱਲੀ:—ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਅਕਾਲ ਤਖਤ ਦਾ ਹੈਡ-ਗਰੰਥੀ ਬਨਾਉਣ ਦੇ ਸੰਜੀਦਾ ਯਤਨਾਂ ਨੇ ਅਕਾਲੀ ਦਲ ਦੇ ਨਰਮ ਖਿਆਲ ਹਲਕਿਆਂ ਨੂੰ ਕਾਫੀ ਪਰੇਸ਼ਾਨ ਕਰ ਦਿਤਾ ਹੈ ਤੇ ਉਹ ਆਪਣੇ ਆਪ ਨੂੰ ਬੇਬਸ ਮਹਿਸੂਸ ਕਰਦੇ ਹਨ।

ਨਰਮ ਖਿਆਲ ਹਲਕਿਆਂ ਨੂੰ ਹਕੀਕਤ ਦਾ ਅਹਿਸਾਸ ਕੁਝ ਦੇਰ ਨਾਲ ਹੋਇਆ ਹੈ ਨਹੀਂ ਤਾਂ ਸ਼ਾਇਦ ਉਹਨਾਂ ਵਲੋਂ ਨਵੀਂ ਤਜਵੀਜ ਦਾ ਰਾਹ ਰੋਕਣ ਲਈ ਭੱਜ ਨੱਠ ਕੀਤੀ ਜਾਂਦੀ। ਇਹ ਗੱਲ ਸਪੱਸ਼ਟ ਹੈ ਕਿ ਸੰਤ ਭਿੰਡਰਾਂਵਾਲਾ ਅਕਾਲ ਤਖਤ ਦਾ ਹੈਡ ਗਰੰਥੀ ਬਣਨ ਪਿਛੋਂ ਅਕਾਲੀ ਸਿਆਸਤ ਉਤੇ ਹੁਣ ਨਾਲੋਂ ਵੀ ਵੱਧ ਪ੍ਰਭਾਵ ਪਾ ਸਕੇਗਾ।

ਅਕਾਲੀਦਲ ਦੇ ਵੱਖ ਵੱਖ ਸਮੇਂ ਜੱਥੇਬੰਦਕ ਮਾਮਲਿਆਂ ਵਿਚ ਅਕਾਲ ਤਖਤ ਦੇ ਫਤਵੇ ਲੈਣ ਦੀ ਅਜਿਹੀ ਪਿਰਤ ਪਾ ਚੁੱਕੇ ਹਨ ਜਿਹੜੀ ਸੰਤ ਭਿੰਡਰਾਂਵਾਲੇ ਦੇ ਹੈਡ ਗਰੰਥੀ ਬਣਨ ਦੀ ਹਾਲਤ ਵਿਚ ਉਹਨਾਂ ਨੂੰ ਅਕਾਲੀ ਸਿਆਸਤ ਵਿਚ ਸਿੱਧੇ ਦਖਲ ਦੇ ਸਕਣ ਵਿਚ ਬੜੀ ਇਮਦਾਦੀ ਸਾਬਤ ਹੋਵੇਗੀ।

ਜਿਹੜੀ ਇਕ ਹੋਰ ਗੱਲ ਨਰਮ ਖਿਆਲ ਗਰੁਪ ਨੂੰ ਪਰੇਸ਼ਾਨ ਕਰ ਰਹੀ ਹੈ ਉਹ ਇਹ ਹੈ ਕਿ ਅਕਾਲੀ ਤਖਤ ਦੇ ਵਕਾਰ ਸਦਕਾ ਸੰਤ ਭਿੰਡਰਾਂਵਾਲੇ ਦੇ ਹੁਣ ਨਾਲੋਂ ਵੀ ਵੱਧ ਮਜ਼ਬੂਤ ਹੋ ਜਾਣ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨਾਲ ਇਸ ਦਾ ਗੁਟ ਬਣ ਜਾਣ ਨਾਲ ਜਥੇਬੰਦੀ ਵਿਚ ਉਹਨਾਂ ਦੀ ਮਹੱਤਤਾ ਬਹੁਤ ਘਟ ਜਾਏਗੀ। ਉਹ ਹੁਣੇ ਹੀ ਮਹਿਸੂਸ ਕਰਦੇ ਹਨ ਖੇਡ ਉਹਨਾਂ ਦੇ ਹੱਥੋਂ ਨਿਕਲ ਰਹੀ ਹੈ। ਉਹਨਾਂ ਦਾ ਜਥੇਦਾਰ ਟੌਹੜਾਂ ਨੂੰ ਮੁੜ ਤੋਂ ਸ਼ਰੋਮਣੀ ਕਮੇਟੀ ਦਾ ਪਰਧਾਨ ਬਣਾ ਦਿਤੇ ਜਾਣ ਦੀ ਤਜਵੀਜ਼ ਮੰਨਣ ਉਤੇ ਮਜ਼ਬੂਰ ਹੋ ਜਾਣਾਂ ਉਹਨਾਂ ਦੀ ਜਥੇਬੰਦੀ ਵਿਚ ਘਟ ਰਹੀ ਸਾਖ ਦਾ ਹੀ ਸੰਕੇਤ ਹੈ।

## ਚੰਡੀਗੜ੍ਹ ਪ੍ਰਸ਼ਾਸਨ ਨੇ ਪਲਾਟਾਂ ਦੀ ਲੁਟ ਮਚਾ ਦਿਤੀ

ਚੰਡੀਗੜ੍ਹ, ਠੀਕ ਉਸੇ ਸਮੇਂ ਜਦ ਚੰਡੀਗੜ੍ਹ ਪੰਜਾਬ ਨੂੰ ਮਿਲਣ ਵਾਲਾ ਹੈ, ਚੰਡੀਗੜ੍ਹ ਪ੍ਰਸ਼ਾਸਨ ਬਹੁਤੇ ਸਨਅਤੀ ਪਲਾਟਾ ਨੂੰ ਤੇਜ਼ੀ ਨਾਲ ਬਿਲੇ ਲਾ ਰਿਹਾ ਹੈ, ਇਹ ਮਾਮਲਾ ਪੰਜਾਬ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਵਿਚਾਲੇ ਕੁੜਿਤਨ ਦਾ ਕਾਰਨ ਬਣ ਗਿਆ ਹੈ।

ਚੰਡੀਗੜ੍ਹ ਪ੍ਰਸ਼ਾਸਨ ਨੇ ਕਰੀਬ 350 ਸਨਅਤੀ ਪਲਾਟ ਜਿਹੜੇ ਕਿ 10 ਮਰਲੇ ਅਤੇ 4 ਕਨਾਲ ਤਕ ਦੇ ਹਨ, ਵੰਡ ਦਿੱਤੇ ਹਨ, ਇਹ ਪਲਾਟ ਰਿਆਇਤੀ ਦਰਾਂ ਉਤੇ 70 ਰੁ: ਪ੍ਰਤੀ ਵਰਗ ਗਜ਼ ਦੇ ਹਿਸਾਬ ਨਾਲ ਵੰਡੇ ਗਏ, ਬਾਜ਼ਾਰ ਵਿਚ ਇਹਨਾਂ ਦਾ ਰੇਟ 200 ਰੁਪਏ ਪ੍ਰਤੀ ਵਰਗ ਗਜ਼ ਹੈ। ਇਹਨਾਂ ਪਲਾਟਾਂ ਲਈ 3 ਹਜ਼ਾਰ ਅਰਜੀਆਂ ਆਈਆਂ ਹੋਈਆਂ ਹਨ, ਇਹਨਾਂ ਦੀ ਵੰਡ ਸਕਰੀਨਿੰਗ ਕਮੇਟੀ ਨੇ ਕੀਤੀ।

ਚਾਰ ਕਨਾਲ ਦੀ ਸ਼ਰੇਣੀ ਵਿਚ ਜੋ ਪਲਾਟ ਅਲਾਟ ਕੀਤੇ ਉਹਨਾਂ ਵਿਚੋਂ ਦੋ ਪਲਾਟ ਪੰਜਾਬ ਅਸੈਂਬਲੀ ਦੇ ਇਕ ਕਾਂਗਰਸ (ਆਈ) ਮੈਂਬਰ ਦੇ ਪੁਤਰ ਅਤੇ ਜਵਾਈ ਨੂੰ ਦਿਤੇ ਗਏ ਹਨ।

ਦੋ ਹੋਰ ਪਲਾਟ ਸੀਨੀਅਰ ਆਈ. ਏ. ਐਸ. ਅਫਸਰ ਪੰਜਾਬ ਦੇ ਬੇਟੇ ਨੂੰ ਅਲਾਟ ਕੀਤੇ ਗਏ ਹਨ, ਇਕ ਪਲਾਟ ਕਾਂਗਰਸ (ਆਈ) ਦੇ ਇਕ ਐਮ. ਪੀ. ਦੇ ਬੇਟੇ ਨੂੰ ਦਿੱਤਾ ਗਿਆ ਹੈ, ਇਸ ਦੇ ਇਲਾਵਾ ਦੋ ਇੰਜੀਨੀਅਰਾਂ ਨੂੰ ਵੀ ਪਲਾਟਾਂ ਨਾਲ ਨਿਵਾਜਿਆ ਗਿਆ ਹੈ।

ਦੋ ਕਨਾਲ ਦੀ ਸ਼ਰੇਣੀ ਦੇ ਪਲਾਟਾਂ ਦਾ ਲਾਭ ਉਠਾਉਣ ਵਾਲਿਆਂ ਵਿਚ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਕੰਮ ਕਰ ਰਹੇ ਦੋ ਜੱਜਾਂ ਦੇ ਰਿਸ਼ਤੇਦਾਰ ਵੀ ਸ਼ਾਮਲ ਹਨ, ਇਕ ਇਕ ਪਲਾਟ ਜ਼ਿਲ੍ਹਾ ਜੱਜ ਦੇ ਲੜਕੇ ਤੇ ਇਕ ਸੀਨੀਅਰ ਆਈ. ਏ. ਐਸ. ਅਫਸਰ ਨੂੰ ਦਿਤਾ ਗਿਆ ਹੈ। ਕੁਝ ਪਲਾਟ ਪੱਤਰਕਾਰਾਂ ਦੀਆਂ ਪਤਨੀਆਂ ਨੂੰ ਦਿਤੇ ਗਏ ਹਨ, ਅੱਠ ਪਲਾਟਾਂ ਦੀ ਵੰਡ ਅਜਿਹੇ ਵੱਖ ਵੱਖ ਨਾਵਾਂ ਉਤੇ ਕੀਤੀ ਗਈ ਹੈ ਜਿਹਨਾਂ ਦਾ ਥਹੁ ਟਿਕਾਣਾ ਦਰਜ ਨਹੀਂ।

ਜਨਤਾ ਪਾਰਟੀ ਦੇ ਚੰਡੀਗੜ੍ਹ ਯੂਨਿਟ ਦੇ ਆਗੂ ਸ੍ਰੀ ਪ੍ਰੇਮ ਕੁਮਾਰ ਨੇ ਰਾਜਸੀ ਆਗੂਆਂ ਤੇ ਦੂਸਰਿਆਂ ਨੂੰ ਕਿਹਾ ਕਿ ਪਲਾਟਾਂ ਦੀ ਇਸ ਲੁਟ ਦੀ ਜਾਂਚ ਪੜਤਾਲ ਲਈ ਆਵਾਜ਼ ਉਠਾਉਣ।

ਪੰਜਾਬ ਯੂਨਿਟ ਦੀ ਸੀ. ਪੀ. ਆਈ. ਦੇ ਸਕਤਰ ਸ: ਅਵਤਾਰ ਸਿੰਘ ਮਲਹੋਤਰਾ ਨੇ ਪਲਾਟਾਂ ਦੀ ਇਸ ਲੁਟ ਨੂੰ ਵਧੀਕੀ ਕਰਾਰ ਦਿਤਾ ਹੈ ਮੁੱਖ ਮੰਤਰੀ ਸ੍ਰੀ ਦਰਬਾਰਾ ਸਿੰਘ ਵਲੋਂ ਲਏ ਗਏ ਸਟੈਂਡ ਨੂੰ ਦਰੁਸਤ ਕਰਾਰ ਦਿਤਾ ਹੈ। ਸ੍ਰੀ ਦਰਬਾਰਾ ਸਿੰਘ ਨੇ ਹਾਲ ਹੀ ਵਿਚ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਇਹਨਾਂ ਪਲਾਟਾ ਦੀ ਵੰਡ ਬੰਦ ਕਰਨ ਲਈ ਲਿਖਿਆ ਸੀ ਅਤੇ ਕਿਹਾ ਸੀ ਕਿ ਜਦੋਂ ਚੰਡੀਗੜ੍ਹ ਦਾ ਫੈਸਲਾ ਹੋਣ ਵਾਲਾ ਹੈ, ਅਜਿਹੀ ਅਲਾਟਮੈਂਟ ਜਾਇਜ਼ ਨਹੀਂ ਆਖੀ ਜਾ ਸਕਦੀ,

# PABLA
## CLOTH HOUSE
### & GIFTWEAR

*6496 MAIN ST VANCOUVER*
*321-5011* 321 - 5311

GRAND
# SALE
**Unbelievable Price Reduction**
*Many items on special clearance sale*



ਆਓ ਤੇ ਮਿਲਾਓ ਹਰ
ਰੰਗ ਦੇ ਸੂਟਾਂ ਲਈ
ਮੈਚਿੰਗ ਦੁਪੱਟੇ ਸਾਡੇ
ਕੋਲੋਂ ਹੀ ਮਿਲ ਸਕਦੇ
ਹਨ
ਪਹੁੰਚੋ ਤੇ ਖਰੀਦੋ

# Sarees
**Give-away Prices**

**Just Bring a small Purse and fill**
# BIG BAG

ਹਰ ਐਤਵਾਰ ਪਾਬਲਾ ਸੰਗੀਤ ਮਾਲਾ ਰੇਡੀਓ ਪ੍ਰੋਗਰਾਮ ਸੁਣਨਾ ਨਾ
ਭੁਲੋ

LISTEN TO PABLA CLOTH HOUSE
RADIO PROGRAM
EVERY SUNDAY FROM
3:30 TO 5:45 P.M.
ON CJJC 800 AM.
MORE INFORMATION PHONE 321-5011.



Super Selection in
Punjabi suits with
Matching Duppattas
**TOP QUALITIES**
Never before sold in stores

People say **PABLA** is the
**'Best,Biggest and Cheapest'**
Visit us you'll also say so

**Don't forget to participate in our lucky draw tickets of video recorder**

# ਭਾਰਤ ਦਰਪਣ

## ਪਾਕਿ ਭਾਰਤੀ ਅਗਵਾਕਾਰਾਂ ਉਤੇ ਮੁਕਦਮਾ ਚਲਾਏਗਾ

### ਵਾਰਤਾ ਖਤਮ-ਮਤਭੇਦਾਂ ਦੀ ਪਛਾਣ-ਸਮਝੌਤੇ ਤੇ ਦਸਖਤ

### -ਪਾਕਿਸਤਾਨ 'ਚ ਫੜੇ ਭਾਰਤੀ ਹਵਾਈ ਜਹਾਜ਼ ਦੇ ਅਗਵਾਕਾਰਾਂ ਉਤੇ ਪਾਕਿਸਤਾਨ ਇਸਲਾਮਾਬਾਦ ਦੀ ਅਦਾਲਤ ਵਿਚ ਮੁਕੱਦਮਾ ਚਲਾਏਗਾ

ਇਹ ਗੱਲ ਨਵੀਂ ਦਿੱਲੀ ਵਿਚ ਇਕ ਪਰੈਸ ਕਾਨਫਰੰਸ ਵਿਚ ਪਾਕਿਸਤਾਨ ਦੇ ਬਦੇਸ਼ ਮੰਤਰਾਲੇ ਦੇ ਡਾਇਰੈਕਟਰ ਜਨਰਲ ਮੁਜ਼ੀਦ ਹੁਸੈਨ ਨੇ ਦੱਸੀ। ਦੋਹਾਂ ਦੇਸ਼ਾਂ ਵਿਚਕਾਰ ਹੋਈ ਅਧਿਕਾਰੀ ਪੱਧਰ ਦੀ ਗਲਬਾਤ ਵਿਚ ਭਾਰਤ ਨੇ ਪਾਕਿਸਤਾਨ ਤੋਂ ਅਗਵਾਕਾਰਾਂ ਦੀ ਵਾਪਸੀ ਦੀ ਮੰਗ ਕੀਤੀ ਸੀ। ਪਰ ਪਾਕਿ ਇਸ ਨਾਲ ਸਹਿਮਤ ਨਹੀਂ ਹੋਇਆ। ਇਹ ਅਗਵਾਕਾਰ ਦਲ ਖਾਲਸਾ ਦੇ ਵਰਕਰ ਹਨ ਤੇ ਇਹਨਾਂ ਨੇ ਅਕਤੂਬਰ 'ਚ ਭਾਰਤੀ ਜਹਾਜ਼ ਅਗਵਾ ਕਰਕੇ ਲਾਹੌਰ ਉਤਾਰ ਲਿਆ ਸੀ।

ਦੋਹਾਂ ਦੇਸ਼ਾਂ ਨੇ "ਅਮਨ ਸੰਧੀ" ਬਾਰੇ ਵੀ ਗਲਬਾਤ ਮੁਕੰਮਲ ਕਰ ਲਈ ਹੈ ਜਿਸ ਵਿਚ ਦੋਹਾਂ ਤਜਵੀਜ਼ਾਂ ਬਾਰੇ ਸਹਿਮਤੀ ਵਾਲੇ ਤੇ ਮਤਭੇਦਾਂ ਵਾਲੇ ਨੁਕਤਿਆਂ ਦੀ ਪਛਾਣ ਕਰ ਲਈ ਗਈ। ਭਾਰਤ ਅਤੇ ਪਾਕਿਸਤਾਨ ਨੇ ਅੱਜ ਆਰਥਕ ਤੇ ਵਿਗਿਆਨਕ ਮਿਲਵਰਤਣ ਲਈ ਅਤੇ ਚੰਗੇ ਗੁਵਾਂਢੀਆਂ ਵਾਲੇ ਸਬੰਧ ਮਜ਼ਬੂਤ ਕਰਨ ਵਾਸਤੇ ਸਾਂਝੇ ਕਮਿਸ਼ਨ ਦੀ ਸਥਾਪਤੀ ਦੇ ਪੰਜ ਸਾਲਾ ਸਮਝੌਤੇ ਤੇ ਦਸਖਤ ਕੀਤੇ ਜਿਸ ਬਾਰੇ ਮੁਕੰਮਲ ਸਹਿਮਤੀ ਹੋ ਗੁਈ ਸ੍ਰੀ।

## ਤਲਵਡੀ ਸਾਬੋ ਦਾ ਨਿਰੰਕਾਰੀ ਆਗੂ ਕਤਲ--ਸ਼ਹਿਰ ਬੰਦ

ਬਠਿੰਡਾ:—ਇਥੋਂ ਨੇੜੇ ਤਲਵੰਡੀ ਸਾਬੋ ਵਿਚ ਇਕ ਨਿਰੰਕਾਰੀ ਆਗੂ ਪ੍ਰਭੂ ਦਿਆਲ ਨੂੰ ਕਤਲ ਕੀਤੇ ਜਾਣ ਤੋਂ ਪਿਛੋਂ ਸ਼ਹਿਰ ਵਿਚ ਦੁਕਾਨਾਂ ਇਕ ਦਮ ਬੰਦ ਹੋ ਗਈਆਂ।

ਪ੍ਰਭੂ ਦਿਆਲ ਨੂੰ ਅਦਾਲਤ ਦੇ ਕੋਲ ਹੀ ਕਤਲ ਕਰ ਦਿਤਾ ਗਿਆ ਉਸਦੀ ਲਾਸ਼ ਉਤਲੇ ਤਿੱਖੇ ਜ਼ਖਮਾਂ ਤੋਂ ਲੱਗਦਾ ਸੀ ਉਸਨੂੰ ਤੇਜ਼ਧਾਰ ਹਥਿਆਰ ਨਾਲ ਕਤਲ ਕੀਤਾ ਗਿਆ, ਇਹ ਨਿਰੰਕਾਰੀ ਇਥੇ ਅਖਬਾਰਾਂ ਦਾ ਠੇਕੇਦਾਰ ਸੀ ਅਤੇ ਉਹ ਅੱਜ ਸਵੇਰੇ ਬੱਸ ਤੋਂ ਅਖਬਾਰਾਂ ਦੇ ਬੰਡਲ ਲੈਣ ਜਾ ਰਿਹਾ ਸੀ ਜਦੋਂ ਇਹ ਘਟਨਾ ਵਾਪਰੀ। ਇਕ ਕੋਈ ਹਥਿਆਰ ਅਤੇ ਪੈਰ ਚਪਲ ਦਾ ਘਟਨਾ ਵਾਲੀ ਥਾਂ ਤੋਂ ਪ੍ਰਾਪਤ ਹੋਈ ਹੈ। ਪੁਲਸ ਨੇ ਮੁਕਦਮਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿਤੀ ਹੈ।

## ਜ਼ਿਆ ਵਲੋਂ ਚੋਣਾਂ ਫੇਰ ਰੱਦ

ਨਵੀਂ ਦਿੱਲੀ :—ਪਾਕਿਸਤਾਨ ਦੇ ਪਰਧਾਨ ਜਨਰਲ ਜ਼ਿਆ-ਉਲ-ਹਕ ਨੇ ਇਕ ਵਾਰ ਫੇਰ ਦੇਸ਼ ਵਿਚ ਚੋਣਾਂ ਕਰਵਾਏ ਜਾਣ ਦੀ ਸੰਭਾਵਨਾ ਰੱਦ ਕਰ ਦਿਤੀ ਹੈ ਤੇ ਇਸ ਲਈ ਬਹਾਨਾ ਇਹ ਲਾਇਆ ਹੈ ਕਿ ਦੇਸ਼ ਦੀ ਰਾਜਨੀਤੀ ਵਿਚ ਅਸ਼ੁਧਤਾ ਹੈ ਅਤੇ ਇਹ ਰਾਜਨੀਤੀ ਜਿੰਨਾ ਚਿਰ ਸਵਛ ਨਹੀਂ ਹੋ ਜਾਂਦੀ ਉਦੋਂ ਤਾਈਂ ਚੋਣਾਂ ਨਹੀਂ ਕਰਵਾਈਆਂ ਜਾਣਗੀਆਂ।

## ਫਰਾਂਸ ਵਲੋਂ ਤਾਰਾਪੁਰ ਲਈ ਪਰਮਾਣੂ ਬਾਲਣ ਦੀ ਸਪਲਾਈ ਅਪ੍ਰੈਲ 'ਚ ਸੰਭਵ

ਲੰਡਨ :—ਪੈਰਿਸ ਵਿਚ ਭਾਰਤੀ ਦੂਤਾਵਾਸ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਫਰਾਂਸ ਵਲੋਂ ਤਾਰਾਪੁਰ ਪਰਮਾਣੂ ਪਾਵਰ ਪਲਾਂਟ ਲਈ ਭਰਪੂਰ ਯੂਰੇਨੀਅਮ ਦੀ ਸਪਲਾਈ ਇਸ ਸਾਲ ਅਪਰੈਲ ਵਿਚ ਸ਼ੁਰੂ ਕਰ ਦੇਣ ਦੀ ਸੰਭਾਵਨਾ ਹੈ।

ਉਹਨਾਂ ਕਿਹਾ ਕਿ ਇਕ ਫਰਾਂਸੀਸੀ ਟੀਮ ਪਰਮਾਣੂ ਊਰਜਾ ਕਮਿਸ਼ਨ ਨਾਲ ਬੰਬਈ ਵਿਚ ਗਲਬਾਤ ਕਰ ਰਹੀ ਹੈ। ਜਿਸ ਵਿਚ ਪਿਛਲੇ ਮਹੀਨੇ ਨਵੀਂ ਦਿੱਲੀ ਵਿਚ ਹੋਏ ਹਿੰਦ-ਫਰਾਂਸ ਸਮਝੌਤੇ ਦੇ ਵੱਖ ਵੱਖ ਵਪਾਰਕ ਪੱਖਾਂ ਅਤੇ ਪਰਮਾਣੂ ਬਾਲਣ ਦੀ ਸਪਲਾਈ ਦੀ ਸਮਾਂ ਸੂਚੀ ਬਾਰੇ ਵਿਚਾਰ ਕੀਤੀ ਜਾ ਰਹੀ ਹੈ।

ਭਾਰਤੀ ਦੂਤਾਵਾਸ ਦੇ ਉਕਤ ਬੁਲਾਰੇ ਨੇ ਕਿਹਾ ਹੈ ਕਿ ਪਰਮਾਣੂ ਬਾਲਣ ਦੀ ਸਪਲਾਈ ਸ਼ੁਰੂ ਕਰਨ ਦੇ ਸਬੰਧ ਵਿਚ ਕੋਈ ਸਮੱਸਿਆ ਨਹੀਂ ਹੈ ਤੇ ਇਹ ਸਪਲਾਈ ਵਪਾਰਕ ਪੱਖਾਂ ਬਾਰੇ ਅੰਤਿਮ ਵਿਚਾਰ ਮੁਕੰਮਲ ਹੋਣ ਤੋਂ ਛੇਤੀ ਬਾਦ ਸ਼ੁਰੂ ਹੋ ਜਾਏਗੀ।

ਫਰਾਂਸੀਸੀ ਸੂਤਰਾਂ ਅਨੁਸਾਰ ਲਗਪਗ 20 ਟਨ ਯੂਰੇਨੀਅਮ ਦੀ ਸਪਲਾਈ ਕੀਤੀ ਜਾਏਗੀ ਜਿਸ ਦੀ ਕੀਮਤ 60 ਲਖ ਡਾਲਰ ਬਣਦੀ ਹੈ।

ਫਰਾਂਸੀਸੀ ਸੂਤਰਾਂ ਅਨੁਸਾਰ 1993 ਵਿਚ ਹਿੰਦ-ਅਮਰੀਕੀ ਸਮਝੌਤੇ ਤੋਂ ਬਾਅਦ ਖਪਤ ਹੋਣ ਵਾਲੇ ਬਾਲਣ ਦੀ ਵਰਤੋਂ ਬਾਰੇ ਵੀ ਵਿਚਾਰ ਹੋ ਰਹੀ ਹੈ, ਫਰਾਂਸ ਇਸ ਸਮਝੌਤੇ ਦੇ ਤਹਿਤ ਭਾਰਤ ਨੂੰ ਪਰਮਾਣੂ ਬਾਲਣ ਸਪਲਾਈ ਕਰ ਰਿਹਾ ਹੈ।

ਅੰਮ੍ਰਿਤਸਰ —ਪਿਛਲੇ ਦਿਨੀ ਗੁ: ਸਾਹਿਬ ਅਜੀਤਸਰ (ਟਿੱਬਾ) ਨਜਦੀਕ ਰਤੀਆ(ਹਰਿਆਣਾ) ਵਿਖੇ ਸਾਹਿਬਜ਼ਾਦਾ ਅਜੀਤ ਸਿੰਘ ਦੀ ਯਾਦ ਵਿਚ ਭਾਰੀ ਸਮਾਗਮ ਹੋਇਆ ਤੇ ਇਸ ਮੌਕੇ ਤੇ ਇਲਾਕੇ ਵਿਚੋਂ ਭਾਰੀ ਗਿਣਤੀ ਵਿਚ ਲੋਕ ਇਕੱਤਰ ਹੋਏ

---

ਗੁੱਸੇ ਹੋਣਾ ਹੋਰਨਾਂ ਦੇ ਨੁਕਸਾਂ ਦਾ ਬਦਲਾ ਆਪਣ ਆਪ ਤੋਂ ਲੈਣਾ ਹੈ।

— ਅਲੈਗਜ਼ਾਂਡਰ ਪੋਪ

## ਆਸਾਮ, ਦਿੱਲੀ, ਮੇਘਾਲਿਆ 'ਚ ਚੋਣਾਂ ਫਰਵਰੀ 'ਚ ਸੰਭਵ

ਨਵੀਂ ਦਿੱਲੀ:—ਆਸਾਮ,ਮੇਘਾਲਿਆ ਤੇ ਦਿੱਲੀ ਵਿਚ ਫਰਵਰੀ ਵਿਚ ਚੋਣਾਂ ਹੋਣੀਆਂ ਯਕੀਨੀ ਹਨ ਕਿਉਂਕਿ ਕਾਂਗਰਸ (ਆਈ) ਨੇ ਇਹਨਾਂ ਦੀ ਤਿਆਰੀ ਸ਼ੁਰੂ ਕਰ ਦਿਤੀ ਹੈ।

ਕੁਲ ਹਿੰਦ ਕਾਂਗਰਸ ਕਮੇਟੀ ਦੇ ਵਸੀਲਿਆਂ ਅਨੁਸਾਰ ਚੋਣਾਂ ਲਈ ਫਰਵਰੀ ਹੀ ਸਭ ਤੋਂ ਢੁਕਵਾਂ ਸਮਾਂ ਹੈ ਉਹਨਾਂ ਦਾ ਕਹਿਣਾ ਹੈ ਕਿ 4 ਜਨਵਰੀ ਦੀਆਂ ਚੋਣਾਂ ਪਿਛੋਂ ਕਾਂਗਰਸੀ ਆਗੂ ਵਜ਼ਾਰਤ ਸਾਜ਼ੀ ਵਿਚ ਰੁਝ ਜਾਣਗੇ। ਇਸ ਪਿਛੋਂ 7 ਮਾਰਚ ਤੋਂ ਸ਼ੁਰੂ ਹੋਣ ਵਾਲੀ ਗੁਟਨਿਰਲੇਪ ਸਿਖਰ ਕਾਨਫਰੰਸ ਦੀਆਂ ਤਿਆਰੀਆਂ ਦੇ ਸਬੰਧ ਵਿਚ ਸਰਗਰਮੀਆਂ ਫਰਵਰੀ ਦੇ ਅੱਧ ਤੋਂ ਸ਼ੁਰੂ ਹੋ ਜਾਣਗੀਆਂ। ਇਸ ਗੱਲ ਵਲ ਦੇਖਦਿਆਂ ਕੇਵਲ ਫਰਵਰੀ ਦਾ ਪਹਿਲਾ ਅੱਧ ਹੀ ਹੈ ਜਿਹੜਾ ਚੋਣਾਂ ਲਈ ਢੁਕਵਾਂ ਹੈ।

ਆਸਾਮ ਇਸ ਵੇਲੇ ਰਾਸ਼ਟਰਪਤੀ ਰਾਜ ਦੇ ਅਧੀਨ ਹੈ ਜਿਸ ਦੀ ਮਿਆਦ ਵਿਚ ਉਦੋਂ ਤੱਕ ਹੋਰ ਵਾਧਾ ਨਹੀਂ ਕੀਤਾ ਜਾ ਸਕਦਾ ਜਦੋਂ ਤਕ ਸੰਵਿਧਾਨ ਵਿਚ ਤਰਮੀਮ ਨਾ ਕੀਤੀ ਜਾਏ, ਕਿਉਂਕਿ ਵਿਰੋਧੀ ਪਾਰਟੀਆਂ ਨੇ ਸੰਵਿਧਾਨ 'ਚ ਤਰਮੀਮ ਕਰਨ ਦੀ ਸਰਕਾਰ ਦੀ ਤਜਵੀਜ਼ ਨਹੀਂ ਮੰਨੀ ਇਸ ਲਈ ਆਸਾਮ ਵਿਚ ਚੋਣਾਂ ਲਾਜ਼ਮੀ ਹੋ ਗਈਆਂ ਹਨ।

ਦਿੱਲੀ ਵਿਚ ਚੋਣਾਂ ਦੋ ਪੱਧਰਾਂ ਉਤੇ ਹੋਣੀਆਂ—ਇਕ ਦਿੱਲੀ ਮਿਊਂਸਪਲ ਕਾਰਪੋਰੇਸ਼ਨ ਲਈ ਤੇ ਦੂਸਰੀ ਮੈਟਰੋਪੋਲੀਟਨ ਕੌਂਸਲ ਲਈ। ਖਿਆਲ ਹੈ ਕਿ ਦੋਵੇਂ ਚੋਣਾਂ ਨਾਲੋਂ ਨਾਲ ਹੋਣਗੀਆਂ।

ਕਾਂਗਰਸ ਆਈ ਨੂੰ ਵਹਿਮ ਹੈ ਕਿ ਦਿੱਲੀ ਵਿਚ ਛੇਤੀ ਚੋਣਾਂ ਕਰਾਉਣ ਨਾਲ ਉਸਨੂੰ ਏਸ਼ੀਆਈ ਖੇਡਾਂ ਦੀ ਸਫਲਤਾ ਦਾ ਲਾਹਾ ਮਿਲ ਜਾਏਗਾ।

## ਨਕਸਲੀ ਧੜਿਆਂ ਦੀ ਕੇਂਦਰੀ ਪੁਨਰਗਠਨ ਕਮੇਟੀ ਵਲੋਂ ਨਵਾਂ ਖਰੜਾ ਤਿਆਰ

## ਚਾਰੂ ਦੀ ਲਾਈਨ ਨੂੰ ਅੱਗੇ ਵਧਾਉਣ ਦੀ ਲੋੜ ਉਤੇ ਜ਼ੋਰ

ਤਰੀਵਿੰਦਰਮ :— ਵੱਖ ਵੱਖ ਨੈਕਸਲਾਈਟ ਗਰੁਪਾਂ ਉਤੇ ਅਧਾਰਤ ਸੈਂਟਰਲ ਰੀਆਰਗੇਨਾਈਜ਼ੇਸ਼ਨ ਕਮੇਟੀ ਵਲੋਂ ਤਿਆਰ ਕੀਤੇ ਇਕ ਦਸਤਾਵੇਜ਼ ਵਿਚ ਕਿਹਾ ਗਿਆ ਹੈ ਕਿ ਮਰਹੂਮ ਸ੍ਰੀ ਚਾਰੂ ਮੁਜ਼ੂਮਦਾਰ ਦੀ ਅਗਵਾਈ ਹੇਠ ਹੋਈਆਂ ਗੰਭੀਰ ਗਲਤੀਆਂ ਦੇ ਬਾਵਜੂਦ ਉਸ ਵਲੋਂ ਉਲੀਕਿਆ ਗਿਆ ਇਨਕਲਾਬੀ ਪਰੋਗਰਾਮ ਅਜੇ ਵੀ ਪਾਰਟੀ ਦੀ ਰਾਜਨੀਤਕ ਤੇ ਜਥੇਬੰਦਕ ਲਾਈਨ ਦਾ ਆਧਾਰ ਬਣ ਸਕਦਾ ਹੈ।

164 ਸਫੇ ਦੇ ਇਸ ਦਸਤਾਵੇਜ਼ ਦਾ ਨਾਂਅ "ਬਹਾਰ ਰੁਤ ਗੜਕਦੇ ਨਵੇਂ ਦੌਰੇ ਵੱਲ" ਰਖਿਆ ਹੈ। ਯਾਦ ਰਹੇ ਚੀਨ ਦੀ ਪਾਰਟੀ ਨੇ 15 ਸਾਲ ਪਹਿਲਾਂ ਨਕਸਲਬਾੜੀ ਤਹਿਰੀਕ ਨੂੰ "ਹਿੰਦ ਉਤੇ ਬਹਾਰ ਦੀ ਗੜਕ" ਦਸਿਆ ਸੀ।

ਦਸਤਾਵੇਜ਼ ਵਿਚ ਦਾਅਵਾ ਕੀਤਾ ਗਿਆ ਕਿ ਗਲਤੀਆਂ ਨੂੰ ਦਰੁਸਤ ਕਰਨ ਦੀ ਮੁਹਿਮ ਸ੍ਰੀ ਚਾਰੂ ਮਜ਼ੂਮਦਾਰ ਨੇ ਜਿਉਂਦਿਆਂ ਜੀ ਹੀ ਸ਼ੁਰੂ ਕਰ ਦਿਤੀ ਸੀ।

'ਗਲਤੀਆਂ ਦੀ ਗੰਭੀਰਤਾ ਨੂੰ ਘਟਾ ਕੇ ਦੇਖਦਿਆਂ ਪਾਰਟੀ ਨੂੰ ਚਾਹੀਦਾ ਹੈ ਕਿ ਭਾਰਤੀ ਇਨਕਲਾਬ ਨੂੰ ਅੱਗੇ ਵਧਾਉਣ ਵਿਚ ਮਜ਼ੂਮਦਾਰ ਵਲੋਂ ਪਾਏ ਗਏ ਉਸਾਰੂ ਹਿੱਸੇ ਨੂੰ ਅਗੇ ਵਧਾਇਆ ਜਾਏ ਅਤੇ ਪਾਰਟੀ ਨੂੰ ਮੁੜ ਸੰਗਠਤ ਕਰਨ ਦਾ ਕੰਮ ਜਾਰੀ ਰਖਿਆ ਜਾਏ।

ਦਸਤਾਵੇਜ਼ ਵਿਚ ਵੱਖ ਵੱਖ ਨਕਸਲੀ ਧੜਿਆਂ ਨੂੰ ਇਕੱਠਾ ਕਰਨ ਲਈ ਜਿਹੜਾ ਅਧਾਰ ਪੇਸ਼ ਕੀਤਾ ਗਿਆ ਹੈ ਉਹ ਇਹ ਹੈ : ਮਾਰਕਸਵਾਦ-ਲੈਨਿਨਵਾਦ-ਮਾਓ ਦੇ ਵਿਚਾਰਾਂ ਨੂੰ ਉਚਾ ਰੱਖੋ, ਤੇਂਗ ਹੁਆ ਜ਼ੁਡਲੀ, ਜਿਸ ਨੇ ਚੀਨ ਵਿਚ ਤਾਕਤ ਹਥਿਆ ਲਈ ਹੈ ਦਾ ਵਿਰੋਧ ਕਰੋ, ਹਥਿਆਰਬੰਦ ਲੜਾਈ ਨੂੰ ਸੰਘਰਸ਼ ਦੇ ਮੁਖ ਰੂਪ ਵਜੋਂ ਜਾਰੀ ਰੱਖੋ ਤੇ ਹੋਰ ਰੂਪਾਂ ਦੇ ਸੰਘਰਸ਼ਾਂ ਨੂੰ ਹਥਿਆਰਬੰਦ ਸੰਘਰਸ਼ ਦੇ ਹਿੱਸੇ ਵਜੋਂ ਵਰਤੋ, ਅਲਬਾਨੀਆਂ ਦੀ ਲੀਡਰਸ਼ਿਪ ਦਾ ਵਿਰੋਧ ਕਰੋ ਜਿਸਨੇ 'ਕੌਮਾਂਤਰੀ ਕਮਿਊਨਿਸਟ ਲਹਿਰ' ਨਾਲ ਗਦਾਰੀ ਕੀਤੀ ਹੈ, ਚਾਰੂ ਮਜ਼ੂਮਦਾਰ ਦੀ ਪ੍ਰੋਲਤਾਰੀ ਇਨਕਲਾਬੀ ਲਾਈਨ ਨੂੰ ਉਚਾ ਰੱਖੋ।"

ਦਸਤਾਵੇਜ਼ ਵਿਚ ਗਲਤੀਆਂ ਦੇ ਕਾਰਨਾਂ ਦਾ ਵਿਸ਼ਲੇਸ਼ਨ ਕਰਦਿਆਂ 'ਖੱਬੇ ਉਲਾਰ' ਦੀ ਗੱਲ ਕੀਤੀ ਗਈ ਹੈ।

ਦਸਤਾਵੇਜ਼ ਵਿਚ ਮਜ਼ੂਮਦਾਰ ਦੇ ਅਲੋਚਕਾਂ ਨੂੰ ਇਹ ਆਖ ਕੇ ਨਿੰਦਿਆ ਗਿਆ ਹੈ ਕਿ ਉਹਨਾਂ ਦੇਸ਼ ਵਿਚ ਇਨਕਲਾਬੀ ਸੰਘਰਸ਼ ਨੂੰ ਅਗੇ ਵਧਾਉਣ ਵਿਚ ਡੱਕਾ ਭੰਨ ਕੇ ਦੂਹਰਾ ਨਹੀਂ ਕੀਤਾ।

---

**ਕੈਨੇਡਾ ਦਰਪਣ ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਵਿਚਾਰ ਲੇਖਕਾਂ ਦੇ ਆਪਣੇ ਹਨ**

## ਫੂਲਾਂ ਦੇਵੀ-ਯੂ.ਪੀ. ਦੀ ਖਤਰਨਾਕ ਡਾਕੂ

ਨਵੀਂ ਦਿੱਲੀ: — ਭਾਰਤ ਦੀ ਇਕ ਡਾਕੂ, 26 ਸਾਲਾ ਫੂਲਾਂ ਦੇਵੀ ਅਜੇ ਵੀ ਫਰਾਰ ਹੈ। ਯੂ. ਪੀ. ਵਿਚ ਪੁਲੀਸ ਉਸ ਨੂੰ ਫੜਨ ਤੋਂ ਅਸਮਰਥ ਰਹੀ ਹੈ। ਡਾਕੂਆਂ ਦੀ ਸਰਦਾਰ ਪੁਲੀਸ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਫੜੀ ਨਹੀਂ ਜਾ ਸਕੀ।

ਫੂਲਾਂ ਬਾਰੇ ਨਵੰਬਰ ਵਿਚ ਇਹ ਸੂਚਨਾਂ ਮਿਲੀ ਸੀ ਕਿ ਉਹ ਆਪਣੇ ਆਪ ਨੂੰ ਪੁਲਸ ਦੇ ਹਵਾਲੇ ਕਰ ਦੇਵੇਗੀ। ਦੇਵੀ

ਫੂਲਾਂ ਦੇਵੀ ਪਿਛਲੇ ਸਾਲ ਤੋਂ ਫ਼ਰਾਰ ਹੈ - ਜਦ ਉਸਨੇ ਆਪਣੇ ਪ੍ਰੇਮੀ ਦੀ ਹੱਤਿਆਂ ਹੋਣ ਤੇ ਦਿਨ ਦੀਵੀਂ ਆਪਣੇ ਮੂੰਹ ਨਾਲ 21 ਵਿਅਕਤੀ ਕਤਲ ਕੀਤੇ ਸਨ।

ਇਸ ਵੇਲੇ ਫੂਲਾਂ ਸਭ ਤੋਂ ਖਤਰਨਾਕ ਡਾਕੂ ਗਿਣੀ ਜਾਂਦੀ ਹੈ। ਉਹ ਅਕਸਰ ਆਗਰੇ ਤੋਂ ਪਟਨੇ ਤੱਕ ਦੇ ਇਲਾਕੇ ਵਿਚ ਕਾਰਵਾਈਆਂ ਕਰ ਰਹੀ ਹੈ।

ਪਿਛਲੇ ਕੁਝ ਸਮੇਂ ਵਿਚ ਯੂ.ਪੀ. ਪੁਲੀਸ ਨੇ 150 ਦੇ ਕਰੀਬ ਡਾਕੂ ਮਾਰੇ ਹਨ ਤੇ 2000 ਦੇ ਕਰੀਬ ਹਿਰਾਸਤ ਵਿਚ ਲੈ ਲਏ ਹਨ।

ਛੇ ਪੁਲਸੀਏ ਇਨ੍ਹਾਂ ਮੁਕਾਬਲਿਆਂ ਵਿਚ ਮਾਰੇ ਗਏ ਤੇ 73 ਜਖਮੀ ਹੋਏ।

## ਚਾਓ ਨੇ ਨਕਸਲੀ 'ਨਾਹਰਾ' ਨਹੀਂ ਸੀ ਮੰਨਿਆਂ

ਤ੍ਰੀਵੇਂਦਰਮ :—ਚੀਨੀ ਲੀਡਰਾਂ ਚਾਓ ਐਨ ਲਾਈ ਅਤੇ ਕਾਂਗ ਸ਼ੇਗ ਨੇ ਨਕਸਲਬਾੜੀਆਂ ਦੇ ਇਸ ਨਾਹਰੇ ਨੂੰ ਪਰਵਾਨ ਕਰਨ ਤੋਂ ਨਾਂਹ ਕਰ ਦਿਤੀ ਸੀ ਕਿ "ਚੀਨੀ ਚੇਅਰਮੈਨ—ਸਾਡਾ ਚੇਅਰਮੈਨ, ਚੀਨੀ ਰਸਤਾ—ਸਾਡਾ ਰਸਤਾ" ਹੈ।

ਇਹ ਗੱਲ "ਕੇਂਦਰੀ ਪੁਨਰਗਠਨ ਕਮੇਟੀ" ਦੇ ਇਕ ਦਸਤਾਵੇਜ਼ ਵਿਚ ਕਹੀ ਗਈ ਹੈ ਜਿਸਦਾ ਇਕ ਆਗੂ ਸੁਰੀਨ ਬੋਸ 1970 ਵਿਚ ਚੀਨ ਗਿਆ ਸੀ।

## ਨਰਾਜ਼ ਇੰਕੀਆਂ ਨੇ 'ਰਾਸ਼ਟਰੀ ਕਾਂਗਰਸ' ਬਣਾ ਲਈ

ਅਹਿਮਦਾਬਾਦ:—ਗੁਜਰਾਤ ਵਿਚ ਇੰਕਾ ਦੇ ਸਾਬਕ ਸੂਬਾ ਪਰਧਾਨ ਸ੍ਰੀ ਰਤਭਾਈ ਅਦਨੀ ਦੀ ਅਗਵਾਈ ਵਿਚ ਪਾਰਟੀ ਤੋਂ ਵੱਖ ਹੋਏ ਧੜੇ ਨੇ "ਰਾਸ਼ਟਰੀ ਕਾਂਗਰਸ" ਦੇ ਨਾਂ ਹੇਠ ਨਵੀਂ ਪਾਰਟੀ ਬਣਾ ਲਈ ਹੈ।

ਸ੍ਰੀ ਅਦਨੀ ਇਸ ਨਵੀਂ ਪਾਰਟੀ ਦੇ ਸਰਵ ਸੰਮਤੀ ਨਾਲ ਪਰਧਾਨ ਚੁਣੇ ਗਏ ਹਨ। ਉਨ੍ਹਾਂ ਅਜ ਇਥੇ ਪਹਿਲੀ ਸੂਬਾ ਕਨਵੈਨਸ਼ਨ ਕੀਤੀ। ਇਸ ਕਨਵੈਨਸ਼ਨ ਵਿਚ ਚਾਰ ਪਾਰਲੀਮੈਂਟ ਮੈਂਬਰ, 7 ਵਿਧਾਇਕ ਤੇ 3000 ਹੋਰ ਵਰਕਰ ਸ਼ਾਮਲ ਹੋਏ।

## ਰੋਜ਼ਾਨਾਂ ਚਾਲੀ ਹਜ਼ਾਰ ਬੱਚੇ ਭੁਖ ਨਾਲ ਮਰਦੇ ਹਨ

ਨਵੀਂ ਦਿਲੀ, -1982-83 ਵਿਚ ਵਿਸ਼ਵ ਦੇ ਬੱਚਿਆਂ ਦੀ ਹਾਲਤ ਤੇ ਜਾਰੀ : ਇਕ ਰਿਪੋਰਟ ਦੇ ਅਨੁਸਾਰ ਵਿਕਾਸਸ਼ੀਲ ਦੇਸ਼ਾਂ ਵਿਚ 40 ਹਜ਼ਾਰ ਤੋਂ ਵਧ ਬੱਚੇ ਰੋਜ਼ਾਨਾ ਅਸੰਤੁਲਿਤ ਭੋਜਨ ਅਤੇ ਭੁਖ ਕਾਰਨ ਮਰਦੇ ਹਨ।

ਵਿਕਾਸਸ਼ੀਲ ਵਿਸ਼ਵ ਵਿਚ ਅਜ ਦੇ ਬੱਚਿਆਂ ਦੀ ਹਾਲਤ ਦਾ ਵਿਸਤਾਰ ਦਿੰਦਿਆਂ ਇਹ ਰਿਪੋਰਟ ਦੱਸਦੀ ਹੈ ਕਿ ਅਸੰਤੁਲਿਤ ਭੋਜਨ ਹਰ ਸਾਲ ਲਗ ਪਗ ਇਕ ਚੌਥਾਈ ਬੱਚਿਆਂ ਦੀ ਜਾਨ ਲੈ ਲੈਂਦਾ ਹੈ, ਇਸ ਤੋਂ ਇਲਾਵਾ ਇਹਨਾਂ ਬੱਚਿਆਂ ਨੂੰ ਅਸੰਤੁਲਿਤ ਭੋਜਨ ਮਿਲਦਾ ਹੈ ਉਹਨਾਂ ਦੀ ਗਿਣਤੀ ਦਿਨੋ ਦਿਨ ਵਧਦੀ ਹੀ ਜਾ ਰਹੀ ਹੈ।

ਰਿਪੋਰਟ ਦਸਦੀ ਹੈ ਕਿ ਜੇਕਰ ਮਰਨ ਵਾਲੇ ਬੱਚਿਆਂ ਦੀ ਮੌਜੂਦਾ ਗਿਣਤੀ ਇਸੇ ਤਰ੍ਹਾਂ ਵਧਦੀ ਰਹੀ ਤਾਂ ਸਾਲ 2 ਹਜ਼ਾਰ ਤਕ ਵਿਸ਼ਵ ਸਿਹਤ ਜਥੇਬੰਦੀ ਦਾ ਸਾਰਿਆਂ ਲਈ ਸਿਹਤ ਦਾ ਟੀਚਾ ਨਾ ਪੂਰਾ ਹੋ ਕੇ ਅਸੰਤੁਲਤ ਭੋਜਨ ਨਾਲ ਬਿਮਾਰ ਹੋ ਕੇ ਮਰਨ ਵਾਲੇ ਬੱਚਿਆਂ ਦੀ ਗਿਣਤੀ 60 ਕਰੋੜ ਹੋ ਜਾਵੇਗੀ।

ਅਸੰਤੁਲਤ ਭੋਜਨ ਦੇ ਕਾਰਨ ਲੱਗਣ ਵਾਲੇ ਮਰੋੜਾਂ ਨਾਲ ਹੀ ਵਿਕਾਸਸ਼ੀਲ ਵਿਸ਼ਵ ਵਿਚ ਸਭ ਤੋਂ ਵਧ ਬਚੇ ਮਰਦੇ ਹਨ।

## ਸੀਮਿੰਟ ਦੀ ਵੰਡ ਤੋਂ ਕਾਂਗਰਸੀ ਵੀ ਦੁਖੀ

ਮੁਕਤਸਰ —ਜ਼ਿਲਾ ਫਰੀਦਕੋਟ ਵਿਚ ਆ ਰਿਹਾ ਸਰਕਾਰੀ ਵੰਡ ਵਾਲਾ ਸੀਮਿੰਟ ਕੇਵਲ ਜੈਤੋ ਤੇ ਕੋਟਕਪੂਰਾ ਲਈ ਹੈ? ਫਰੀਦਕੋਟ, ਮੋਗਾ, ਮੁਕਤਸਰ, ਮਲੋਟ, ਗਿਦੜਵਾਹਾ ਆਦਿ ਦੇ ਲੋਕਾਂ ਦਾ ਇਸ ਤੇ ਕੋਈ ਹੱਕ ਨਹੀਂ? ਇਹ ਸਵਾਲ ਕਾਂਗਰਸੀ ਵਰਕਰਾਂ ਸ੍ਰੀ ਪ੍ਰੇਮ ਕੁਮਾਰ ਅਤੇ ਸ੍ਰੀ ਜੋਗਿੰਦਰ ਸਿੰਘ ਕਾਂਗਰਸੀ ਵਰਕਰਾਂ ਵਲੋਂ ਪੁਛਿਆ ਜਾ ਰਿਹਾ ਹੈ। ਆਖਿਆ ਹੈ ਕਿ ਆਮ ਕਾਂਗਰਸੀ ਵਰਕਰ 2-2 ਬੋਰੀਆਂ ਲਈ ਮਾਰੇ ਫਿਰਦੇ ਹਨ। ਜਦ ਕਿ ਇਹਨਾ ਦੋਹਾਂ ਸ਼ਹਿਰਾਂ ਦੇ ਲੋਕ ਜਿੰਨਾ ਸੀਮਿੰਟ ਆਉਂਦਾ ਹੈ ਲੈ ਜਾਂਦੇ ਹਨ। ਕਿਉਂਕਿ ਸਬੰਧਤ ਮੰਤਰੀ ਇਸ ਹਲਕੇ ਦਾ ਹੈ। ਇਹਨਾ ਵਰਕਰਾਂ ਨੇ ਮੁਖ ਮੰਤਰੀ ਤੋਂ ਮੰਗ ਕੀਤੀ ਹੈ ਕਿ ਇਸ ਗੱਲ ਉਚ ਪੱਧਰੀ ਪੜਤਾਲ ਕਰਾਈ ਜਾਵੇ।


JIM PATTISON

Pontiac Buick GMC TRUCKS



JIM PATTISON ON MAIN

SERVICE AFTER SALE

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4×4 ਖਰੀਦਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫੂਨ ਕਰੋ

GM

PARLAD GILL



BUS. 879-4233 3434 MAIN ST. VANCOUVER, B.C. RES. 435-1834

# ਅਕਾਲੀ ਮੋਰਚਾ ਅਤੇ ਇਪਾਨਾ

# ਦੀ ਮੌਕਾ ਪ੍ਰਸਤ ਸਿਆਸਤ

**"ਸੂਫ਼ੀ" ਅਮਰਜੀਤ**

ਇਸ ਗਲ ਦਾ ਹਰ ਇਕ ਨੂੰ ਪਤਾ ਹੈ ਕਿ ਪੰਜਾਬ ਵਿਚ, ਜੋ ਅਕਾਲੀ ਪਾਰਟੀ ਵਲੋਂ ਮੋਰਚਾ ਲਗਾਇਆ ਗਿਆ ਹੈ ਉਹ ਸਿੱਖਾਂ ਦੀਆਂ ਕੁਝ ਧਾਰਮਿਕ ਮੰਗਾਂ ਅਤੇ ਕੁਝ ਪੰਜਾਬੀਆਂ ਦੀਆਂ ਸਾਂਝੀਆਂ ਮੰਗਾਂ ਲਈ ਹੈ, ਜਿਨ੍ਹਾਂ ਨੂੰ ਵੀ ਅਕਾਲੀਆਂ ਨੇ ਇਕ ਤਰ੍ਹਾਂ ਸਿਖ ਮੰਗਾਂ ਵਜੋਂ ਹੀ ਪੇਸ਼ ਕੀਤਾ। ਇਨ੍ਹਾਂ ਮੰਗਾਂ ਵਿਚੋਂ ਇਕ, ਅਨੰਦਪੁਰ ਦਾ ਮਤਾ ਹੈ, ਜਿਸ ਨੂੰ ਲਾਗੂ ਕਰਨ ਦੀ ਮੰਗ ਕੀਤੀ ਜਾ ਰਹੀ ਹੈ ਜੋ ਕਿ ਧਰਮ ਨੂੰ ਰਾਜਨੀਤੀ ਨਾਲ ਜੋੜਦੀ ਹੋਈ, ਫਿਰਕੂ ਖਿਚਾ ਪੈਦਾ ਕਰਦੀ ਹੈ ਅਤੇ ਇਕ ਤਰ੍ਹਾਂ ਸਿਖਾਂ ਲਈ ਵੱਖਰੇ ਰਾਜ ਦੀ ਮੰਗ ਹੈ। ਇਸ ਸੰਬੰਧੀ ਅਖਬਾਰਾਂ ਵਿਚ ਬੜਾ ਕੁਝ ਛਪ ਚੁੱਕਾ ਹੈ।

ਕਨੇਡਾ ਨੂੰ ਖਾਲਿਸਤਾਨੀਆਂ ਦਾ ਗੜ੍ਹ ਸਮਝਿਆ ਜਾਂਦਾ ਹੈ ਪਰ ਇਸ ਗੱਲ ਦੀ ਅਸਲੀਅਤ ਅਸੀਂ ਕਨੇਡਾ ਰਹਿਣ ਵਾਲੇ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਏਥੇ ਇਹ ਅਖਬਾਰੀ ਸੁਰਖੀਆਂ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੈ। ਫਿਰ ਵੀ ਕੁਝ ਵਿਅਕਤੀ ਆਪੋ ਆਪਣੀ ਸੋਚ ਦੀ ਪੱਧਰ ਅਨੁਸਾਰ ਖਾਲਿਸਤਾਨ ਦੇ ਸਮਰਥਕ ਹਨ, ਇਨ੍ਹਾਂ ਵਿਚੋਂ ਕੁਝ ਖੁਲਾ ਸਮਰਥਨ ਕਰਨ ਦੀ ਜੁਰੱਅਤ ਨਹੀਂ ਰਖਦੇ। ਕਈ ਬਹੁ ਰੂਪੀਏ ਹਨ, ਜੋ ਸਮਰਥਨਾਂ ਕੋਲ ਸਮਰਥਕ ਅਤੇ ਵਿਰੋਧੀਆਂ ਕੋਲ ਵਿਰੋਧੀ ਬਣ ਜਾਂਦੇ ਹਨ। ਕੁਝ ਵਿਅਕਤੀ ਤੰਗ ਰਾਜਨੀਤਕ ਸੁਆਰਥ ਲਈ ਭੱਸਰੇ ਦੇ ਬੂਟੇ ਵਾਂਗ ਬੰਜਰ ਵਿਚ ਆਪਣੇ ਆਪ ਨੂੰ ਚੰਬੇਲੀ ਸਮਝੀ ਬੈਠੇ ਹਨ। ਇਹ ਸਭੇ ਬਰਾਂਡ ਦੇ ਖਾਲਿਸਤਾਨੀ 'ਅਕਾਲੀ' ਹੋਣ ਦੇ ਪਰਦੇ ਹੇਠ ਆਪਣੇ ਆਪ ਨੂੰ ਪਰਗਟ ਕਰਦੇ ਹਨ।

ਅਕਾਲੀ ਕਹਾਉਣ ਵਾਲਿਆਂ ਤੋਂ ਬਿਨਾਂ ਹੋਰ ਵਖੋ ਵਖ ਭਾਰਤੀਆਂ ਦੀਆਂ ਜਥੇਬੰਦੀਆਂ ਅਕਾਲੀ ਮੋਰਚੇ ਪ੍ਰਤੀ ਆਪਣੇ ਆਪਣੇ ਵਿਚਾਰ ਰਖਦੇ ਹਨ। ਏਥੇ ਅਸੀਂ "ਇਪਾਨਾ" ਨਾਂ ਦੀ ਜਥੇਬੰਦੀ ਦੇ ਕੁਝ ਬਿਆਨ ਪੈਂਤਰਿਆਂ ਦੀ ਚੀਰ ਫਾੜ ਕਰਨੀ ਚਾਹੁੰਦੇ ਹਾਂ।

ਅਕਾਲੀ ਮੋਰਚੇ ਦੇ ਸਮਰਥਨ ਵਿਚ 16 ਅਕਤੂਬਰ 1982 ਨੂੰ 'ਸਿੱਖ ਮੋਰਚਾ ਐਕਸ਼ਨ ਕਮੇਟੀ' ਵਲੋਂ ਕੱਢੇ ਜਲੂਸ ਦੇ ਸਮਰਥਨ ਵਿਚ, ਡਾ: ਹਰੀ ਸ਼ਰਮਾ ਦਾ ਇਕ ਬਿਆਨ ਇਪਾਨਾ ਵਲੋਂ 15 ਅਕਤੂਬਰ ਦੇ ਇੰਡੋ ਕਨੇਡੀਅਨ ਵਿਚ ਛਪਿਆ ਸੀ। ਜਿਸ ਵਿਚ ਸ਼ਰਮਾ ਜੀ ਨੇ ਲੋਕਾਂ ਨੂੰ ਇਸ ਜਲੂਸ ਵਿਚ ਸ਼ਾਮਲ ਹੋਣ ਲਈ ਅਪੀਲ ਕੀਤੀ ਸੀ। ਨਾਲ ਹੀ ਖਾਲਿਸਤਾਨੀਆਂ ਦੇ ਇਸ ਜਲੂਸ ਵਿਚ ਦਖਲ ਅਤੇ ਪ੍ਰਭਾਵ ਨੂੰ ਜਾਣਨ ਲਈ, ਸਰਵ ਸ੍ਰੀ ਹਰਿੰਦਰ ਮਾਹਲ, ਚਰਨ ਪਾਲ ਗਿੱਲ ਅਤੇ ਹਰੀ ਸਰਮਾ ਹੋਰਾਂ, ਕੀਤੀ ਭੇਂਟ ਬਾਰੇ ਦੱਸਿਆ, ਕਿ ਪ੍ਰਬੰਧਕਾਂ ਉਨ੍ਹਾਂ ਨੂੰ ਯਕੀਨ ਦੁਆਇਆ ਕਿ ਉਹ ਖਾਲਿਸਤਾਨ ਦੀ ਮੰਗ ਦੇ ਵਿਰੁਧ ਹਨ। ਪ੍ਰੰਤੂ ਖਾਲਿਸਤਾਨੀ ਅਫਸਰਾਂ ਨੇ ਇਸ ਜਲੂਸ ਵਿਚ ਸ਼ਾਮਲ ਹੋ ਕੇ ਖਾਲਿਸਤਾਨ ਦੇ ਹੱਕ ਵਿਚ ਨਾਅਰੇ ਹੀ ਨਹੀਂ ਲਾਏ, ਸਗੋਂ ਚੁੱਕੇ ਬੈਨਰਾਂ ਵਿਚ ਤੀਜੇ ਥਾਂ ਤੇ "ਖਾਲਿਸਤਾਨ ਜ਼ਿੰਦਾਬਾਦ" ਦਾ ਮਾਟੋ ਸੀ। (ਵੇਖੋ, ਪੰਨਾ ਇਕ, ਇੰਡੋਕਨੇਡੀਅਨ, 22 ਅਕਤੂਬਰ 1982) ਖਾਲਿਸਤਾਨ ਦੇ ਮਾਟੋ ਨੂੰ ਤੀਜੇ ਥਾਂ ਉਪਰ ਪ੍ਰਬੰਧਕਾਂ ਹੀ ਥਾ ਦਿੱਤੀ, ਜਿੰਨਾ ਜਲੂਸ ਦਾ ਪ੍ਰਬੰਧ ਕੀਤਾ ਸੀ, ਜਿਨ੍ਹਾ ਇਪਾਨਾ ਦੇ ਪ੍ਰਤੀਨਿਧਾਂ ਨੂੰ ਭਰੋਸਾ ਦੁਆਇਆ ਸੀ ਕਿ ਉਹ ਖਾਲਿਸਤਾਨ ਦੇ ਵਿਰੁਧ ਹਨ। ਸੋ ਸਾਬਤ ਇਹ ਹੋਇਆ ਕਿ ਪ੍ਰਬੰਧਕ ਖਾਲਿਸਤਾਨ ਦੇ ਸਮਰਥਕ ਸਨ। ਫਿਰ ਖਾਲਿਸਤਾਨ ਦੇ ਨਾਅਰਿਆਂ ਅਤੇ ਮਾਟੋ ਦੇ ਬਾਵਜੂਦ, ਇਪਾਨਾ ਵਾਲੇ ਸਾਰੇ ਜਲੂਸ ਵਿਚ ਹਾਜ਼ਰ ਵੀ ਰਹੇ ਅਤੇ ਆਪਣੇ ਲੀਫਲੈਟ ਵੰਡਦੇ ਰਹੇ। ਅਜਿਹਾ ਕਿਉਂ? ਕੀ ਇਹ ਇਪਾਨਾ ਦੇ ਬਿਆਨੇ ਅਸੂਲਾਂ ਦੇ ਉਲਟ ਨਹੀਂ ਸੀ, ਜੇ ਸੀ ਤਾਂ ਇਨ੍ਹਾਂ ਜਲੂਸ ਵਿਚੋਂ ਵਾਕ-ਆਊਟ ਕਿਉਂ ਨਾ ਕੀਤਾ? ਨਾ ਹੀ ਪ੍ਰਬੰਧਕਾਂ ਦੇ ਦਿਤੇ ਭਰੋਸੇ ਨੂੰ ਤੋੜਨ ਲਈ ਕੋਈ ਬਿਆਨ ਹੀ ਦਿੱਤਾ। ਕੀ ਇਸ ਲਈ ਕਿ ਇਹ ਆਪਣੇ ਤੰਗ ਰਾਜਸੀ ਲਾਭਾਂ ਅਗੇ ਬੇਬਸ ਹੋਏ ਜਲੂਸ ਵਿਚ ਠਹਿਰਨ ਲਈ ਮਜ਼ਬੂਰ ਸਨ?

ਇਪਾਨਾ ਦੇ ਪਰਚੇ ਵੰਗਾਰ ਦੇ ਦਸੰਬਰ ਅੰਕ ਵਿਚ, ਜੋ ਤਿੰਨ ਮੈਂਬਰ ਸੰਬੰਧੀ ਜਾਣਕਾਰੀ ਲਈ "ਸਿੱਖ ਮੋਰਚਾ ਐਕਸ਼ਨ ਕਮੇਟੀ" ਕੋਲ ਗਏ ਸਨ, ਉਨ੍ਹਾਂ ਵਿਚ ਦੋਨਾਂ ਤਾਂ ਦੇ ਦਿਤੇ ਪ੍ਰੰਤੂ ਡਾ: ਸ਼ਰਮਾ ਦਾ ਨਾਂ ਲਿਖਣ ਦੀ ਥਾਵੇਂ "ਇਕ ਹੋਰ ਮੈਂਬਰ" ਲਿਖਿਆ ਹੈ, ਜੋ ਕਿ ਇਨ੍ਹਾਂ ਦੀ ਆਪਸੀ ਮੱਤ ਭੇਦਾਂ ਭਰੀ ਦਿੱਖਦੀ ਪ੍ਰਤੀਕ ਹੀ ਹੋ ਸਕਦੀ ਹੈ। ਖੈਰ ਇਹ ਇੰਨ੍ਹਾਂ ਦੀ ਅੰਦਰੂਨੀ ਲੜਾਈ ਹੈ। ਫਿਰ ਵੀ ਇਪਾਨਾਂ ਵਲੋਂ ਆਪਣੇ ਅਸੂਲ ਨੂੰ ਤਿਆਗ ਕੇ, ਜਲੂਸ ਵਿਚ ਸ਼ਾਮਲ ਹੋਣ ਨੂੰ ਮੌਕਾ ਪ੍ਰਸਤੀ ਹੀ ਕਹਿ ਸਕਦੇ ਹਾਂ।

ਇਸ ਬਿਆਨ ਵਿਚ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਮੰਗ ਵੀ ਕੀਤੀ ਗਈ ਹੈ ਜੋ ਇਸ ਤਰ੍ਹਾਂ ਨੁਕਤਾ ਨਜ਼ਰ ਤੋਂ ਚੰਗੀ ਗੱਲ ਹੈ ਕਿ ਆਖਰ ਇਪਾਨਾ ਦੇਸ਼ ਦੀ ਏਕਤਾ-ਅਖੰਡਤਾ ਦਾ ਮੁਦਈ ਤਾਂ ਬਣੀ। ਪਹਿਲਾਂ ਇਪਾਨਾ ਮੀਜ਼ੋਰਾਮ, ਨਾਗਾਲੈਂਡ ਆਦਿ ਵਿਚ ਵੱਖਵੱਤੀ ਗਰੁੱਪਾਂ ਦਾ ਸਮਰਥਨ ਕਰਦੀ ਰਹੀ ਹੈ ਕਿ ਉਨ੍ਹਾਂ ਨੂੰ ਭਾਰਤ ਗਣਰਾਜ ਤੋਂ ਵੱਖ ਹੋ ਕੇ ਆਜ਼ਾਦ ਰਾਜ ਕਾਇਮ ਕਰਨ ਦਾ ਹੱਕ ਹੋਣਾ ਚਾਹੀਦਾ ਹੈ। ਪ੍ਰੰਤੂ ਲਿਖਤੀ ਤੌਰ ਤੇ ਆਪਣੇ ਇਸ ਸਟੈਂਡ ਤੋਂ ਹਟਣ ਬਾਰੇ, ਇਨ੍ਹਾਂ ਕਦੇ ਕੋਈ ਸੋਧ ਨਹੀਂ ਛਾਪੀ। ਇਹ ਵੀ ਹੋ ਸਕਦਾ ਹੈ ਕਿ ਨਾਗਾ-ਮੀਜ਼ੋਰਾਮ ਬਾਰੇ, ਇਹ ਹਾਲੇ ਵੀ ਚੁੱਪ ਸਾਧਕੇ ਉਸੇ ਪਹਿਲੇ ਸਟੈਂਡ ਉਪਰ ਹੀ ਖੜੇ ਹੋਣ। ਜੇ ਇਹ ਗੱਲ ਹੋਵੇ ਤਾਂ ਖਾਲਿਸਤਾਨ ਦੀ ਮੰਗ ਇਹਨਾਂ ਦੇ ਪਹਿਲੇ ਸਿਧਾਂਤ ਮੁਤਾਬਕ ਦਰੁਸਤ ਹੋਣੀ ਚਾਹੀਦੀ ਸੀ। ਸੂਬਿਆਂ ਨੂੰ ਵੱਧ ਅਧਿਕਾਰਾਂ ਦੀ ਮੰਗ ਤਾਂ ਸੀ. ਪੀ. ਆਈ. (ਐਮ) ਦੀ ਮੁਢੋਂ ਮੰਗ ਰਹੀ ਹੈ ਜਿਸ ਨੂੰ ਇਹ ਸੁਧਾਰਵਾਦੀ ਕਹਿਕੇ ਭੰਡਦੇ ਰਹੇ ਹਨ ਅਤੇ ਅੱਜ ਮੁੜ ਇਹੋ ਹੀ ਮੰਗ ਕਰ ਰਹੇ ਹਨ। ਵੈਸੇ ਅਸੀਂ ਇਹਨਾਂ ਦੇ ਇਸ ਮੋੜ ਕੱਟਣ ਦਾ ਸੁਆਗਤ ਕਰਦੇ ਹਾਂ ਜੇ ਕਰ ਇਹ ਦਰੁਸਤ ਹੋਵੇ।

ਅੱਗੇ ਦਸੰਬਰ 1982 ਦੇ ਵੰਗਾਰ ਸਫਾ ਛੇ ਉਪਰ **"ਪੰਜਾਬ ਵਿਚ ਮੌਕਾ ਪਰਸਤ ਸਿਆਸਤਦਾਨਾਂ ਦੀ ਫਿਰਕੂ ਸਿਆਸਤ ਦਾ ਵਿਰੋਧ ਕਰੋ"** ਸਿਰਲੇਖ ਹੇਠ ਛਪੇ ਲੇਖ ਨੂੰ ਲੈਂਦੇ ਹਾਂ। (ਜੋ ਸ਼ਾਇਦ ਵੰਗਾਰ ਦਾ ਐਡੀਟੋਰੀਅਲ ਹੈ) ਇਸ ਸਿਰਲੇਖ ਅਤੇ ਇਸ ਦੇ ਵਿਸ਼ੇ ਵਸਤੂ ਤੋਂ ਜ਼ਾਹਿਰ ਹੋ ਜਾਂਦਾ ਹੈ ਪਕ ਇਪਾਨਾ ਅਕਾਲੀ ਮੋਰਚੇ ਦੀ ਸਖਤ ਵਿਰੋਧੀ ਹੈ। ਜੇ ਇਹ ਗੱਲ ਹੈ ਤਾਂ ਇਨ੍ਹਾਂ ਦੇ 16 ਅਕਤੂਬਰ ਦੇ ਜਲੂਸ ਵਿਚ ਸ਼ਾਮਲ ਹੋਣ ਦੀ ਸਿਆਸੀ ਸੇਧ ਕਿਹੜੀ ਸਿਆਸਤ ਦੀ ਪੈਦਾਵਾਰ ਹੋਈ? ਉਸ ਜਲੂਸ ਨੂੰ "ਸਿੱਖ ਮੋਰਚਾ ਐਕਸ਼ਨ ਕਮੇਟੀ" ਦੀ ਪ੍ਰਤੀ ਨਿਧਤਾ ਸਮਝਦੇ ਹਨ ਤਾਂ ਉਹ ਸਿੱਧੀ ਫਿਰਕੂ ਦਿੱਖ ਦੀ ਸੀ, ਜਿਸਦਾ ਇਹ ਐਡੀਟੋਰੀਅਲ—ਨੁਮਾ ਲੇਖ ਕਰੜਾ ਵਿਰੋਧ ਕਰਦਾ ਹੈ, ਜੋ ਕਿ ਦੂਜੇ ਰੂਪ ਵਿਚ ਖਾਲਿਸਤਾਨੀਆਂ ਦੀ ਪ੍ਰਤੀਨਿਧ ਵਿਚਾਰਧਾਰਾ ਹੈ। ਜੇ ਅਕਾਲੀ ਮੋਰਚੇ ਦਾ ਸਮਰਥਨ ਲਈ ਸਲੂਸ ਸੀ, ਜੋ ਕਿ ਸੀ, ਤਾਂ ਉਸ ਵਿਚ ਸ਼ਾਮਲ ਹੋਣਾ, "ਮੌਕਾ ਪਰਸਤ ਸਿਆਸਤ ਦਾਨਾਂ" ਦਾ ਸਾਥ ਦੇਣਾ ਵੀ ਤਾਂ ਮੌਕਾਪਰਸਤੀ ਦਾ ਹੀ ਰੂਪ ਬਣਦਾ ਹੈ।

ਜਮਹੂਰੀ ਸ਼ਕਤੀਆਂ ਦੇਸ਼ ਵਿਚ ਅਤੇ ਬਦੇਸ਼ਾਂ ਵਿਚ ਅਕਾਲੀਆਂ ਦੀਆਂ ਹੱਕੀ ਮੰਗਾਂ ਦਾ ਲਗਾਤਾਰ ਸਮਰਥਨ ਕਰਦੀਆਂ ਆ ਰਹੀਆਂ ਹਨ ਕਿਉਂਕਿ ਅਕਾਲੀ ਧਾਰਮਿਕ ਅਤੇ ਰਾਜਨੀਤਕ ਮੰਗਾਂ ਨੂੰ ਵੱਖੋ ਵੱਖ ਨਿਖੇੜ ਕੇ ਨਹੀਂ ਲੈ ਰਹੇ। ਇਸ ਦੇ ਨਾਲ ਹੀ ਉਹ ਅਤਿਵਾਦੀ-ਵੱਖਵਾਦੀ ਤੱਤਾਂ ਨੂੰ ਵਿਚ ਸਮੋ ਕੇ ਚਲ ਰਹੇ ਹਨ। ਭਾਵੇਂ ਅਕਾਲੀ ਹੁਣ ਉਨ੍ਹਾਂ ਤੋਂ ਨਿਖੇੜਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਫਿਰ ਵੀ ਜਮਹੂਰੀ ਸ਼ਕਤੀਆਂ ਅਕਾਲੀ ਮੋਰਚੇ ਦੀਆਂ ਧਾਰਮਿਕ ਅਤੇ ਸਿਆਸੀ ਹੱਕੀ ਮੰਗਾਂ ਦਾ ਸਮਰਥਨ ਕਰਦੇ ਹੋਏ ਅਤਿਵਾਦੀਆਂ-ਵੱਖਵਾਦੀਆਂ ਦੀਆਂ ਕਾਰਵਾਈਆਂ ਦੀ ਨਿਖੇਧੀ ਕਰਦੀਆਂ ਆ ਰਹੀਆਂ ਹਨ ਅਤੇ ਅਕਾਲੀਆਂ ਦੀਆਂ ਮੰਗਾਂ ਵਿਚੋਂ ਇਕ ਮੁਖੀ ਮੰਗ ਅਨੰਦਪੁਰ ਦੇ ਮਤੇ ਵਿਚ ਦਰਜ ਵੱਖਵਾਦੀ ਬੀਜਾਂ ਦੇ ਹੋਣ ਕਾਰਨ ਅਪਰਵਾਨ ਕਰਦੀਆਂ ਆ ਰਹੀਆਂ ਹਨ, ਅਸਲ ਵਿਚ ਇਹੋ ਮਤਾ ਹੀ ਹੈ ਜਿਨ੍ਹਾਂ ਵੱਖਵਾਦੀਆਂ —ਅਤਿਵਾਦੀਆਂ ਨੂੰ ਅਕਾਲੀਆਂ ਵਿਚ ਵੜਨ ਦਾ ਬੂਹਾ ਖੋਲ੍ਹਿਆ। (ਪਾਠਕਾਂ ਦੀ ਜਾਣਕਾਰੀ ਲਈ ਇਹ ਸੂਚਨਾ ਦੇ ਰਹੇ ਹਾਂ ਕਿ ਅਕਾਲੀਦਲ ਨੇ ਆਨੰਦਪੁਰ ਦੇ ਮਤੇ ਦੀ ਸੋਧ ਕਰ ਦਿਤੀ ਹੈ ਉਸ ਵਿਚੋਂ "ਸਿੱਖਾਂ ਦੇ ਬੋਲ-ਬਾਲੇ" ਦੇ ਸ਼ਬਦ ਕੱਢ ਕੇ ਉਸਦੀ ਥਾਂ ਉਨ੍ਹਾਂ ਭਾਰਤ ਦੇ "ਸੰਵਿਧਾਨਕ ਚੌਖਟੇ ਵਿਚ ਰਹਿੰਦਿਆਂ ਸੂਬਿਆਂ ਨੂੰ ਵਧ ਅਧਿਕਾਰਾਂ ਦੀ ਮੰਗ ਸ਼ਾਮਲ ਕਰ ਲਈ ਹੈ। ਲੇਖਕ)

ਬੜੀ ਹੈਰਾਨੀ ਦੀ ਗੱਲ ਹੈ ਕਿ ਇਪਾਨਾ ਨੇ ਆਪਣੇ ਸਾਰੇ ਪਰਚੇ ਵਿਚ ਕਿਧਰੇ ਵੀ ਇਨ੍ਹਾਂ ਵੱਖਵਾਦੀ-ਅਤਿਵਾਦੀ ਤੱਤਾਂ ਦੀ ਨਾ ਹੀ ਨਿਖੇਧੀ ਕੀਤ ਹੈ, ਨਾ ਹੀ ਅਕਾਲੀਆਂ ਦੀਆਂ ਹੱਕੀ ਮੰਗਾਂ ਦਾ ਸਮਰਥਨ ਹੀ ਕੀਤਾ ਹੈ ਅਤੇ ਨਾ ਹੀ ਕੇਂਦਰ ਵਲੋਂ ਇਨ੍ਹਾਂ ਮੰਗਾਂ ਨੂੰ ਮੰਨਣ ਤੋਂ ਇਨਕਾਰ ਕਰਨ ਦੀ ਨਿਖੇਧੀ ਹੀ ਕੀਤੀ ਹੈ। ਸਗੋਂ ਇਪਾਨਾ ਨੇ ਇਸ ਐਡੀਟੋਰੀਅਲ ਕਿਸਮ ਦੇ ਲੇਖ ਵਿਚ ਸਪਸ਼ਟ ਸ਼ਬਦਾਂ ਵਿਚ ਅਕਾਲੀ ਮੋਰਚੇ ਨੂੰ ਕੇਵਲ "ਫਿਰਕੂ" ਮੋਰਚਾ ਹੀ ਕਰਾਰ ਦਿਤਾ ਹੈ ਕਿਉਂਕਿ ਅਕਾਲੀ ਇਸ ਮੋਰਚੇ ਨੂੰ ਆਪਣੀ ਰਾਜਨੀਤਕ ਭਾਸ਼ਾ ਵਿਚ 'ਧਰਮ ਯੁਧ' ਦਾ ਨਾਂ ਦਿੰਦੇ ਹਨ। ਅਸੀਂ ਇਪਾਨਾ ਦੇ ਇਸ ਸਟੈਂਡ ਨੂੰ ਗ਼ਲਤ ਕਰਾਰ ਦਿੰਦੇ ਹਾਂ ਕਿਉਂਕਿ ਉਹ ਮੰਗਾਂ ਨੂੰ ਉੱਕਾ ਹੀ ਬੇਧਿਆਨ ਕਰਦੇ ਹਨ ਅਤੇ ਅਕਾਲੀ ਪਾਰਟੀ ਦੀ ਧਾਰਮਿਕ ਨਿਸ਼ਟਾ ਨੂੰ ਹੀ ਲੈ ਕੇ ਉਨ੍ਹਾਂ ਨੂੰ ਫਿਰਕੂ ਸਮਝ ਰਹੇ ਹਨ।

ਇਪਾਨਾ ਦਾ ਇਹ ਲੇਖ ਕਹਿੰਦਾ ਹੈ: "ਸਾਲ ਭਰ ਤੋਂ ਪੰਜਾਬ ਵਿਚ ਅਕਾਲੀ ਲੀਡਰ ਕਈ ਮੋਰਚੇ ਲਾ ਚੁੱਕੇ ਹਨ, ਕਦੀ ਦਿੱਲੀ ਮਾਰਚ, ਕਦੀ ਨਹਿਰ ਰੋਕੋ ਮੋਰਚਾ, ਕਦੀ ਧਰਮ ਯੁਧ।"

"..... ਮੌਕਾ ਪਰਸਤ ਸਿਆਸਤਦਾਨ ਲੋਕਾਂ ਦੀਆਂ ਸਮੱਸਿਆਵਾਂ ਅਤੇ ਮੁਸਸ਼ਕਲਾਂ ਨੂੰ ਅਖੋਂ ਉਹਲੇ ਕਰਕੇ ਧਰਮ ਯੁਧ ਦੇ ਸ਼ੋਸ਼ੇ ਛੱਡ ਰਹੇ ਹਨ।"

"...... ਬਦੇਸ਼ਾਂ ਵਿਚ ਰਹਿੰਦੇ ਸਿੱਖ ਭੀ ਅਕਾਲੀਆਂ ਦੇ ਮੋਰਚੇ ਦੀ ਮਦਦ ਲਈ ਜਥੇ ਭੇਜ ਰਹੇ ਹਨ। ਕੀ ਇਹਨਾਂ ਨੂੰ ਪਤਾ ਹੈ ਕਿ ਅਕਾਲੀਆਂ ਦੀਆਂ ਕੀ ਮੰਗਾਂ ਹਨ?" ਆਦਿ

ਕੀ ਇਪਾਨਾ ਦਾ ਜਲੂਸ ਵਿਚ ਸ਼ਾਮਲ ਹੋਣਾ ਧਰਮ ਯੁਧ ਦਾ ਅਕਾਲੀ ਸਮਰਥਨ ਨਹੀਂ ਸੀ? ਇਸ ਸਪਸ਼ੱਟੀ ਕਰਨ ਦਾ ਕੀ ਮੁੱਲ ਰਹਿ ਜਾਂਦਾ ਹੈ ਕਿ ਕੋਈ ਜਲੂਸ ਵਿਚ ਆਪਣੀਆਂ ਮੰਗਾਂ ਦਾ ਪਰਚਾਰ ਕਰਨ ਲਈ ਸ਼ਾਮਲ ਹੋਇਆ ਹੈ। ਕੀ ਅਕਾਲੀਆਂ ਦੀ ਮੰਗ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਨਾ ਦੇਵੇ, ਆਲ ਇੰਡੀਆਂ ਗੁਰਦੁਆਰਾ ਐਕਟ ਬਣਾਵੇ, ਪਾਕਿਸਤਾਨ ਨੂੰ ਭੇਜੇ ਜਾਂਦੇ ਯਾਤਰੂਆਂ ਦੇ ਵੱਡੇ ਹਿੱਸੇ ਦੀ ਪਰਵਾਨਗੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਰਹੇ ਆਦਿ, ਗਲਤ ਹਨ? ਕੀ ਛੇ ਮੁਖ ਮੰਗਾਂ ਪੰਜਾਬੀਆਂ ਦੀਆਂ ਆਰਥਿਕ ਅਤੇ ਰਾਜਨੀਤਕ ਮੰਗਾਂ ਨਹੀਂ ਹਨ? ਕੀ ਇਪਾਨਾ ਨੇ ਬਿਨਾਂ ਸੋਚੇ ਸਮਝੇ ਜਲੂਸ ਵਿਚ ਸ਼ਮੂਲੀਅਤ ਕਰ ਲਈ ਸੀ ਕਿ ਅਕਾਲੀਆਂ ਦੀਆਂ ਕਿਹੜੀਆਂ ਕਿਹੜੀਆਂ ਮੰਗਾਂ ਹਨ? ਅਕਾਲੀਆਂ ਨੂੰ ਪੁਛਣਾ ਕਿ ਮੰਗਾਂ ਕੀ ਹਨ? ਸਿਆਸੀ ਦਵਾਲੀਆਪਨ ਨਹੀਂ ਹੈ। ਫਿਰ ਵੀ ਅਕਾਲੀਆਂ ਨੂੰ ਜ਼ਰੂਰ ਪਤਾ ਹੈ ਕਿ ਮੰਗਾਂ ਕੀ ਹਨ ਅਤੇ ਉਹ ਕਿਉਂ ਉਨ੍ਹਾਂ ਲਈ ਮੋਰਚਾ ਚਲਾ ਰਹੇ ਹਨ ਪ੍ਰੰਤੂ ਕੀ ਇਪਾਨਾ ਦੀ ਜਲੂਸ ਵਿਚ ਸ਼ਮੂਲੀਅਤ, ਜਲੂਸ ਨੂੰ ਆਪਣੇ ਰਾਜਸੀ ਹਿੱਤਾਂ ਲਈ ਵਰਤਣ ਲਈ ਹੀ ਸੀ? ਇਪਾਨਾ ਦੇ ਬੁਲਾਰੇ ਦਾ ਮੰਗਾਂ ਤੋਂ ਅਣਜਾਣ ਹੋਣਾਂ, ਇਪਾਨਾ ਦੇ ਪੰਜਾਬ ਦੇ ਮਸਲਿਆਂ ਸੰਬੰਧੀ ਖੁਦ ਭੁਲੇਖਿਆਂ ਵਿਚ ਹੋਣ ਦਾ ਸਬੂਤ ਨਹੀਂ ਹੈ?

ਪ੍ਰੰਤੂ ਵੰਗਾਰ ਦੇ ਪ੍ਰਚਾਰ ਦੀ ਸੁਰ ਸਪੱਸ਼ਟ ਹੀ ਕਾਂਗਰਸੀ ਹਾਕਮਾਂ ਦੇ ਪੱਖ ਵਿਚ ਜਾਂਦੀ ਹੈ। ਕੀ ਤੁਸੀਂ ਇਸ ਲੇਖ ਦੁਆਰਾ ਅਕਾਲੀਆਂ ਦੇ ਮੋਰਚੇ ਦਾ ਅੰਨ੍ਹਾਂ ਵਿਰੋਧ ਕਰਕੇ ਕਾਂਗਰਸ ਦੀ ਸੇਵੀ ਨਹੀਂ ਕਰ ਰਹੇ? ਕਾਂਗਰਸ ਸਰਕਾਰ ਮੁੱਢ ਤੋਂ ਹੀ ਅਕਾਲੀਆਂ ਨੂੰ ਫਿਰਕੂ ਆਖ ਕੇ ਭੰਡਦੀ ਰਹੀ ਹੈ ਭਾਵੇਂ ਉਹ ਬੋਲੀ ਦੇ ਅਧਾਰ ਉਤੇ ਪੰਜਾਬ ਦੇ ਗਠਣ ਦੀ ਹੀ ਮੰਗ ਹੀ ਕਰ ਸਨ, ਜਿਸਨੂੰ 'ਪੰਜਾਬੀ ਸੂਬਾ' ਕਹਿੰਦੇ ਸਨ। ਇਹ ਠੀਕ ਹੈ ਕਿ ਕਈ ਵਾਰ ਅਕਾਲੀ ਲੀਡਰਸ਼ਿਪ ਆਪਣਾ ਜਮਹੂਰੀ ਅਤੇ ਗੈਰ ਫਿਰਕੂ ਸਟੈਂਡ ਛਡਦੇ ਰਹੇ ਹਨ ਪਰ ਇਹ ਇਤਿਹਾਸਕ ਸਚਾਈ ਹੈ ਕਿ ਜਦੋਂ ਵੀ ਅਕਾਲੀ ਲੀਡਰਸ਼ਿਪ ਨੇ ਜਮਹੂਰੀ ਸ਼ਕਤੀਆਂ ਨਾਲ ਮਿਲ ਕੇ ਜਮਹੂਰੀ ਸਟੈਂਡ ਲਿਆ ਉਸਦਾ ਵਕਾਰ ਅਤੇ ਸ਼ਕਤੀ ਵਧੀ ਹੈ ਅਤੇ ਜਦੋਂ ਲੀਡਰਾਂ ਫਿਰਕੂ ਪਹੁੰਚ ਧਾਰਨ ਕੀਤੀ ਉਨ੍ਹਾਂ ਨੂੰ ਸੱਟ ਵੱਜੀ ਹੈ। ਇਹ ਧਾਰਨਾ ਦਰੁਸਤ ਹੈ ਕਿ ਪੰਜਾਬੀ ਲੋਕਾਂ ਅਤੇ ਅਕਾਲੀ ਪਾਰਟੀ ਦਾ ਮੁਖ ਮੁਹਾਣ ਜਮਹੂਰੀ ਹੀ ਰਿਹਾ ਹੈ।

ਕੀ ਇਪਾਨਾ ਸੱਚ ਮੁੱਚ ਹੀ ਇੰਨੀ ਅਣਜਾਣ ਹੈ ਕਿ ਉਸਨੂੰ ਅਕਾਲੀਆਂ ਵਲੋਂ ਆਲ ਇੰਡੀਆਂ ਸਾਂਝੇ ਮਹਾਨ ਕਿਸਾਨ ਮਾਰਚ ਵਿਚ ਦੇਸ਼ ਦੇ ਕਿਸਾਨਾਂ ਦੀਆਂ ਮੰਗਾਂ ਲਈ ਕੀਤੀ 26 ਮਾਰਚ ਦੀ ਦਿੱਲੀ ਰੈਲੀ ਵਿਚ ਵਧ ਚੜ੍ਹ ਕੇ ਪਾਏ ਹਿੱਸੇ ਬਾਰੇ ਪਤਾ ਹੀ ਨਹੀਂ? ਕੀ ਪੰਜਾਬ ਦੇ ਕਿਸਾਨਾਂ ਵਲੋਂ ਝੋਨੇ ਦੇ ਭਾਵਾਂ ਲਈ ਕੀਤੇ ਸਾਂਝੇ ਸੰਘਰਸ਼, ਗੰਨੇ ਦੇ ਭਾਵਾਂ ਲਈ ਜੇਤੂ ਕਿਸਾਨ ਸੰਘਰਸ਼, 1975-77 ਵਿਚ ਐਮਰਜੈਂਸੀ ਦੇ ਦੁਰਰਾਜ ਵਿਰੁਧ ਲਗਾਤਾਰ ਕੀਤੇ ਸੰਘਰਸ਼ ਦੀ ਕੋਈ ਮਹੱਤਤਾ ਨਹੀਂ ਸਮਝ ਰਹੀ? ਆਜ਼ਾਦੀ ਦੇ ਘੋਲ ਵਿਚ ਅਕਾਲੀਆਂ ਦੇ ਵਿਸ਼ੇਸ਼ ਦੇਸ਼ ਭਗਤਕ ਅਤੇ ਸਾਮਰਾਜ ਵਿਰੋਧੀ ਮਹਾਨ ਹਿੱਸੇ ਤੋਂ ਇਨਕਾਰ ਕਰਕੇ, ਇਪਾਨਾ ਅਕਾਲੀ ਪਾਰਟੀ ਦਾ ਨਿਰਾਦਰ ਨਹੀਂ ਕਰ ਰਹੀ? ਅਤੇ ਹੈਰਾਨੀ ਦੀ ਗੱਲ ਇਹ ਹੈ ਕਿ ਇਪਾਨਾ ਆਪਣੇ ਆਪ ਨੂੰ ਨਾਰਥ ਅਮਰੀਕਾ ਵਿਚ ਦੇਸ਼ ਭਗਤਾਂ ਦੀ ਜੱਥੇਬੰਦੀ ਹੋਣ ਦਾ ਢੰਡੋਰਾ ਪਿਟ ਰਹੀ ਹੈ?

ਇਪਾਨਾ ਵਲੋਂ ਅਕਾਲੀ ਪਾਰਟੀ ਦੇ ਸਮੁੱਚੇ ਰੋਲ ਉਪਰ ਕਾਲੀ ਲਕੀਰ ਫੇਰ ਦੇਣਾ ਕੀ ਦੂਜੇ ਪਾਸੇ ਅਕਾਲੀ ਲੀਡਰਸ਼ਿਪ ਦੇ ਵਿਰੁਧ ਵੱਖਵਾਦੀ-ਅਤਿਵਾਦੀ ਤੱਤਾਂ ਵਲੋਂ, ਬਦਨਾਮ ਕਰਨ ਦੀ ਮੁਹਿਮ ਦੀ ਹਮਾਇਤ ਕਰਨਾ ਸਿੱਧ ਨਹੀਂ ਹੁੰਦਾ? ਇਹ ਕਿਸ ਤਰ੍ਹਾਂ ਦਾ ਖਾਲਿਸਤਾਨ ਦਾ ਵਿਰੋਧ ਹੈ ਅਤੇ ਕਿਸ ਤਰ੍ਹਾਂ ਦੀ ਇਨਕਲਾਬੀ ਦਾਅ ਪੇਚਾਂ ਦੀ ਲਾਈਨ ਹੋਈ?

ਇਸ ਲੇਖ ਵਿਚ ਇਪਾਨਾ ਨੇ ਪੁਲਸੀ ਜਬਰ, ਭ੍ਰਿਸ਼ਟਾਚਾਰ, ਭੁਖ ਮਰੀ, ਮਹਿਗਾਈ, ਬਲੈਕ ਆਦਿ ਦੀਆਂ ਗੱਲਾਂ ਵੀ ਕੀਤੀਆਂ ਹਨ, ਪ੍ਰੰਤੂ ਇਨ੍ਹਾਂ ਗੱਲਾਂ ਦਾ ਕੀ ਲਾਭ ਜੋ ਤੁਸੀਂ ਇਨ੍ਹਾਂ ਬੁਰਾਈਆਂ ਨੂੰ ਪੈਦਾ ਕਰਨ ਵਾਲੀ ਹਾਕਮ ਕਾਂਗਰਸ ਪਾਰਟੀ ਦੀ ਥਾਂ, ਆਪਣੇ ਹਮਲੇ ਦਾ ਨਿਸ਼ਾਨਾਂ ਇਕ ਵਿਰੋਧੀ ਪਾਰਟੀ ਨੂੰ ਬਣਾ ਰਹੇ ਹੋ, ਜੋ ਕਿ ਹਾਕਮ ਪਾਰਟੀ ਵਿਰੁਧ ਇਕ ਸੰਘਰਸ਼ ਦੇ ਦੌਰਾਨ ਹੈ। ਤੁਹਾਡੀ ਦਿਆਨਤਦਾਰ ਨੁਕਤਾਚੀਨੀ ਤਦ ਸਮਝੀ ਜਾ ਸਕਦੀ ਸੀ ਜੇ ਤੁਸੀਂ ਉਹਨਾਂ ਦੀਆਂ ਕਮਜ਼ੋਰੀਆਂ ਵੱਲ ਉਨ੍ਹਾਂ ਦਾ ਧਿਆਨ ਦੁਆ ਕੇ ਉਨ੍ਹਾਂ ਨੂੰ ਸੋਧਣ ਦੀ ਸਲਾਹ ਦਿੰਦੇ। ਪਰੰਤੂ ਤੁਹਾਡੀ ਸੁਰ ਤਾਂ ਉਨ੍ਹਾਂ ਪ੍ਰਤੀ ਕਟੜ ਦੁਸ਼ਮਣਾ ਵਾਲੀ ਹੈ, ਜਿਸ ਦਾ ਅਧਾਰ ਤੁਹਾਨੂੰ ਸਪੱਸ਼ਟ ਕਰਨਾ ਚਾਹੀਦਾ ਸੀ। ਜੇ ਉਪਰੋਕਤ ਸਮਾਜੀ ਬੁਰਾਈਆਂ ਦੀ ਗੱਲ, ਵੰਗਾਰ, ਕਿਸੇ ਮੌਕਾ ਪਰਸਤੀ ਦੇ ਕਾਰਨ ਨਾ ਕਰਦਾ ਹੁੰਦਾ ਤਾਂ ਉਸਦਾ ਨਿਸ਼ਾਨਾ ਨਿਸਚੇ ਹੀ ਕਈ ਘਾਟਾਂ ਦੇ ਬਾਵਜੂਦ ਵੀ ਅਕਾਲੀ ਪਾਰਟੀ ਅਤੇ ਉਸ ਵਲੋਂ ਚਲਾਇਆ ਮੋਰਚਾ ਨਾ ਹੁੰਦਾ।

ਵੰਗਾਰ ਨੂੰ ਮੋਰਚੇ ਦੌਰਾਨ, ਗ੍ਰਿਫਤਾਰੀਆਂ ਦੇ ਕੇ ਜੇਲ੍ਹਾਂ ਭਰਨ ਕਾਰਨ ਸਰਕਾਰ ਦੇ ਹੋ ਰਹੇ ਖਰਚਾਂ ਦਾ ਵੀ ਬੜਾਂ ਦੁੱਖ ਹੈ ਕਿ "ਪੰਜਾਬ ਸਰਕਾਰ ਲੋਕਾਂ ਤੋਂ ਟੈਕਸਾਂ ਰਾਹੀਂ ਇਕੱਠ ਕੀਤਾ ਬੇਅਥਾਹ ਪੈਸਾ ਮੋਰਚੇ ਦੇ ਮੁਕਾਬਲੇ ਤੇ ਲਾ ਰਹੀ ਹੈ।" ਪੰਜਾਬ ਸਰਕਾਰ ਵੀ ਏਹੋ ਆਖਦੀ ਹੈ ਕਿ ਮੋਰਚੇ ਕਾਰਨ ਸਰਕਾਰ ਦਾ "ਬੇ ਅਥਾਹ" ਖਰਚ ਹੋ ਰਿਹਾ ਹੈ। ਇਪਾਨਾ ਅਤੇ ਪੰਜਾਬ ਸਰਕਾਰ ਦੀ ਇਸ 'ਇਕ—ਸੁਰਤਾ' ਦਾ ਆਖਰ ਕਾਰਨ ਕੀ ਹੋਇਆ?

ਕੀ ਇਪਾਨਾ ਇਹ ਸੋਚਿਆ ਹੀ ਨਹੀਂ ਕਿ ਮੋਰਚਾ ਲਾਉਣ ਦੀ ਜ਼ਿੰਮੇਵਾਰੀ ਕਿਸ ਉਪਰ ਆਉਂਦੀ ਹੈ? ਕੀ ਇਹ ਕੇਂਦਰੀ ਇੰਦਰਾ ਸਰਕਾਰ ਨਹੀਂ ਜਿਸ ਨੇ ਪੰਜਾਬੀਆਂ ਦੀਆਂ 1967 ਤੋਂ ਲਟਕਦੀਆਂ ਆ ਰਹੀਆਂ ਮੰਗਾਂ ਵੱਲ ਕਦੀ ਧਿਆਨ ਨਹੀਂ ਦਿਤਾ। ਜਿਸ ਨੇ ਲੋਕਾਂ ਦੇ ਮਸਲਿਆਂ ਨੂੰ ਸਦਾ ਹੀ ਤੰਗ ਰਾਜਸੀ ਲਾਭਾਂ ਲਈ ਵਰਤਨ ਦਾ ਕੋਈ ਮੌਕਾ ਕਦੇ ਹੱਥੋਂ ਨਹੀਂ ਜਾਣ ਦਿਤਾ।

ਏਸੇ ਲੇਖ ਵਿਚ ਵੰਗਾਰ ਨੇ ਅਕਾਲੀ ਪਾਰਟੀ ਵਲੋਂ ਰਾਸ਼ਟਰਪਤੀ ਦੀ ਚੋਣ ਵਿਚ ਗਿਆਨੀ ਜ਼ੈਲ ਸਿੰਘ ਦੀ ਸਿੱਖ ਹੋਣ ਦੇ ਨਾਤੇ ਸਪੋਰਟ ਕਰਨ ਦੀ ਨੁਕਤਾਚੀਨੀ ਕਰਦਿਆਂ ਪੁਛਿਆ ਹੈ, "ਕੀ ਅਕਾਲੀ ਕੱਲ ਠੀਕ ਸਨ ਜਦੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਦੀ ਮਦਦ ਕਰ ਰਹੇ ਸਨ ਜਾਂ ਅੱਜ ਠੀਕ ਹਨ ਜਦੋਂ ਕਾਂਗਰਸ ਖਲਾਫ ਮੋਰਚਾ ਲਾ ਰਹੇ ਸਨ?" ਅਸੀਂ ਉਤਰ ਦਿੰਦੇ ਹਾਂ ਕਿ ਉਹ ਕੱਲ ਗਲਤ ਸੀ ਅਤੇ ਅੱਜ ਠੀਕ ਹਨ। ਕਿਉਂਕਿ ਉਨ੍ਹਾਂ ਇਸ ਖਿਆਲ ਨਾਲ ਗਿਆਨੀ ਜ਼ੈਲ ਸਿੰਘ ਨੂੰ ਵੋਟਾਂ ਪਾਈਆਂ ਕਿ ਉਹ ਅਕਾਲੀਆਂ ਦੀਆਂ ਮੰਗਾਂ ਮੰਨੇ ਜਾਣ ਵਿਚ ਕੋਈ ਰੋਲ ਅਦਾ ਕਰੇਗਾ। ਕਦੀ ਲੋਕ ਵਿਰੋਧੀ ਹਾਕਮ ਇਸ ਤਰ੍ਹਾਂ ਲੋਕਾਂ ਦੀਆਂ ਮੰਗਾਂ ਨਹੀਂ ਮੰਨਿਆਂ ਕਰਦੇ। ਪਰ ਕੀ ਇਪਾਨਾ ਇਸ ਉਤਰ ਨਾਲ ਸਹਿਮਤ ਹੈ? ਸ਼ਾਇਦ ਨਹੀਂ, ਕਿਉਂਕਿ ਇਪਾਨਾ ਦਾ ਦੋਵੇਂ ਸਵਾਲਾਂ ਪ੍ਰਤੀ ਉਤਰ ਨਾਹ ਵਿਚ ਹੈ। ਸੋ ਕੀ ਇਸ ਤਰ੍ਹਾਂ ਇਹ ਕਾਂਗਰਸ ਦੀ ਹਮਾਇਤ ਕਰਦੀ ਸਾਬਤ ਨਹੀਂ ਹੁੰਦੀ।

ਅਗੋਂ ਜਾਕੇ ਇਪਾਨਾ ਹੋਰ ਸਪਸ਼ੱਟ ਕਰ ਦਿੰਦੀ ਹੈ ਜਦੋਂ ਉਹ ਬਾਹ ਕੱਢ ਕੇ ਇਹ ਐਲਾਨ ਕਰ ਦਿੰਦੀ ਹੈ ਕਿ "ਮੌਜੂਦਾ ਅਕਾਲੀ ਮੋਰਚਾ ਭੀ ਗੱਦੀਆਂ ਲਈ ਲਗਾਇਆ ਮੋਰਚਾ ਹੈ।" ਕੀ ਇਪਾਨਾ ਦੇ ਰਾਜਨੀਤਕ ਬੁਲਾਰੇ ਨੂੰ ਇਹ ਜਾਣਕਾਰੀ ਨਹੀਂ ਕਿ ਸਭ ਰਾਜਨੀਤਕ ਪਾਰਟੀਆਂ ਦੀ ਬਣਤਰ ਜਮਾਤੀ ਹੁੰਦੀ ਹੈ, ਉਹਨਾਂ ਦੀਆਂ ਰਾਜਨੀਤਕ ਸਰਗਰਮੀਆਂ ਅਤੇ ਮੋਰਚੇ ਰਾਜ ਸੱਤਾ ਲਈ ਹੁੰਦੇ ਹਨ? ਕੀ ਇਸ ਤਰ੍ਹਾਂ ਦਾ ਵਿਰੋਧ ਕਰਕੇ ਇਪਾਨਾ ਕਾਂਗਰਸੀ ਆਗੂਆਂ ਨੂੰ ਹੀ ਗੱਦੀਆਂ ਉਪਰ ਰੱਖਣਾ ਚਹੁੰਦੀ ਹੈ? ਕੀ ਇਹ ਅਕਾਲੀ ਪਾਰਟੀ ਦੇ ਰਾਜ ਸੱਤਾ ਪ੍ਰਾਪਤ ਕਰਨ ਦੇ ਵਿਰੋਧ ਵਜੋਂ ਹੀ ਸਾਰਾ ਪਾਣੀ ਵਰੋਲਿਆ ਹੈ?

ਏਸੇ ਪਹਿਰੇ ਵਿਚ ਵੰਗਾਰ ਧਾਰਮਿਕ ਮੰਗਾਂ ਦੇ ਪਰਵਾਨੇ ਜਾਣ ਅਤੇ ਵੱਡੇ ਮਸਲਿਆਂ ਲਈ ਕਮਿਸ਼ਨ ਬਿਠਾ ਦਿਤੇ ਜਾਣ ਦਾ ਅੰਦਾਜ਼ਾ ਲਾਉਂਦੀ ਹੈ। ਪਰ ਅਕਾਲੀਆਂ ਦੇ ਮੋਰਚੇ ਨੂੰ "ਬੇ ਅਰਥ" ਵੀ ਕਹਿ ਰਿਹਾ ਹੈ। ਜਦੋਂ ਕਿ ਮੋਰਚੇ ਦੇ ਪਰਭਾਵ ਪੰਜਾਬ ਦੇ ਵਾਤਾਵਰਨ ਉਪਰ ਰਾਜਨੀਤੀ ਅਤੇ ਆਰਥਕਤਾ ਉਪਰ ਵੀ ਪੈ ਰਹੇ ਹਨ। ਜੋ ਮੋਰਚੇ ਦੀ ਯਥਾਰਕਤਾ ਦਰਸਾਉਂਦੀ ਹੈ, ਉਸ ਨਾਲ ਅਸੀਂ ਸਹਿਮਤ ਹੋਈਏ ਭਾਵੇਂ ਨਾ। ਇਪਾਨਾ ਦੀ ਇਹ ਪਹੁੰਚ ਉਸਦੇ ਸਿਧਾਂਤਕ ਦੀਵਾਲੀਆ ਪਨ ਨੂੰ ਇਕ ਵਾਰ ਹੋਰ ਸਾਬਤ ਕਰਦੀ ਹੈ।

ਇਪਾਨਾ ਕੈਨੇਡਾ ਵਿਚ ਸਾਡੀ ਕਮਿਊਨਿਟੀ ਦੇ ਫਿਰਕੂ ਵਾਤਾਵਰਨ ਨੂੰ ਸ਼ਾਤ ਰੱਖਣ ਲਈ ਕਹਿੰਦੀ ਹੈ ਪ੍ਰੰਤੂ ਉਸਦੇ ਅਮਲ ਕਮਿਊਨਿਟੀ ਦੀਆਂ ਉਨ੍ਹਾਂ ਸ਼ਕਤੀਆਂ ਦਾ ਸਾਥ ਦੇ ਰਹੇ ਹਨ ਜੋ ਕਮਿਊਨਿਟੀ ਵਿਚ ਫਿਰਕੂ ਜ਼ਹਿਰ ਫੈਲਾਉਣ ਲਈ ਜ਼ਿੰਮੇਵਾਰ ਹਨ। ਕੀ ਇਪਾਨਾ ਦੇ ਇਹ ਸੁਆਂਗੀ ਦਾਅਵੇ ਅਸੂਲੀ ਸਟੈਂਡ ਦੀ ਥਾਂ ਮੌਕਾ ਪ੍ਰਸਤੀ ਦਾ ਰੂਪ ਨਹੀਂ ਹਨ?

ਸਾਡੀ ਕਮਿਊਨਿਟੀ ਦੇ ਲੋਕ ਇੰਨੇ ਚੇਤੰਨ ਹਨ ਕਿ ਉਨ੍ਹਾਂ ਫਿਰਕੂ ਜ਼ਹਿਰ ਫੈਲਾਉਣ ਵਾਲਿਆ ਨੂੰ ਸਦਾ ਹੀ ਬੁਰੀ ਤਰ੍ਹਾਂ ਦੁਰਕਾਰਿਆ ਹੈ। ਉਨ੍ਹਾਂ ਸਦਾ ਹੀ ਫਿਰਕੂ ਸਦਭਾਵਨਾ ਬਣਾਈ ਰਖੀ ਹੈ ਜੋ ਕਿ ਉਨ੍ਹਾਂ ਨੂੰ ਇਤਿਹਾਸਕ ਵਿਰਸੇ ਚੋਂ ਮਿਲੀ ਹੈ।

ਲੋਕ ਹਰ ਤਰ੍ਹਾਂ ਦੇ ਮੌਕਾ ਪਰਸਤਾਂ ਅਤੇ ਫਿਰਕਾਂ ਪਰਸਤਾਂ ਨੂੰ ਛੇਤੀ ਹੀ ਪਛਾਣ ਲੈਂਦੇ ਹਨ ਜੋ ਉਨ੍ਹਾਂ ਨੂੰ ਗੁੰਮਰਾਹ ਕੁੰਨ ਅਤੇ ਲੱਛੇਦਾਰ ਗੱਲਾਂ ਨਾਲ ਭੁਚਲਾਉਣ ਦੀ ਕੋਸ਼ਿਸ਼ ਕਰਦੇ ਹਨ। ਲੋਕ ਜਾਣਦੇ ਹਨ ਕਿ ਲੋਕਾਂ ਦੇ ਟੈਕਸਾਂ ਦੇ ਪੈਸੇ ਦਾ ਹੇਜ ਰੱਖਣ ਵਾਲੇ, ਖੁਦ ਲੋਕਾਂ ਦੇ ਪੈਸੇ ਵਰਤਦੇ ਹੋਏ ਕਿਵੇਂ ਲੋਕ ਹਿਤੈਸ਼ੀ ਹੋਣ ਦਾ ਢੌਂਗ ਰਚ ਰਹੇ ਹਨ।


## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

Phone.(604) 324-6111

I am enclosing a ☐ cheque ☐ M.O. ☐ Draft as my Subscription for the year(s).......I may be sent the newspaper at the following adress:

Name..........................................................
Address......................................................
City............................................................
Province.....................................................
Postal code.................................................
PHONE.

One Year..........................15 dollars
Two Year..........................25 dollars
Three year........................35 dollars
Life membership..............200 dollars
ASIA..............................40 dollars(a year)
U.S.A..............................20 dollars(a year)
Europe............................35 dollars(a year)
Africa..............................35 dollars(a year)

# ਵਿਅੰਗ

## "ਵੀਡੀਓ ਦਾ ਜਾਦੂ"

ਛਿੰਦਰ ਪੁਰੇਵਾਲ , S.F.U.



ਸਦਕੇ ਜਾਈਏ ਸਾਇੰਸ ਦੀਆਂ ਕਾਢਾਂ ਦੇ ਜਿਹੜੀਆਂ ਦੁਨੀਆਂ ਦਾ ਸੱਤਿਆਨਾਸ ਕਰਨ ਲਈ ਇਕ ਅਗਾਂਹਵਧੂ ਰੋਲ ਅਦਾ ਕਰ ਰਹੀਆਂ ਹਨ। ਇਨ੍ਹਾਂ ਹੀ ਕਾਢਾਂ ਦੀ ਲੜੀ ਵਿਚ ਵੀਡੀਓ ਮਸ਼ੀਨ ਵੀ ਮਣਕਿਆਂ ਵਾਲੀ ਮਾਲਾਂ ਵਾਂਗ ਇਕ ਲੜੀਵਾਰ ਮਣਕਾਂ ਹੈ। ਵੀਡੀਓ ਆਉਣ ਦਾ ਪਤਾ ਹੋਰ ਲੋਕਾਂ ਨੂੰ ਤਾਂ ਸ਼ਾਇਦ ਨਾਂ ਲੱਗਾ ਹੋਵੇ, ਪਰ ਵੈਨਕੂਵਰ ਦੀ ਹਿੰਦੋਸਤਾਨੀ ਕਮਿਊਨਿਟੀ ਵਿਚ ਤਾਂ ਇਹ ਖਬਰ ਮਲੇਰੀਏ ਵਾਂਗ ਫੈਲ ਗਈ। ਬਸ ਫਿਰ ਕੀ ਸੀ ਇਕ ਰੰਗੀਆਂ ਭੇਡਾਂ ਵਾਂਗ ਵੀਡੀਓ ਮਸ਼ੀਨਾਂ ਦੀ ਖਰੀਦਾ ਖਰਾਦੀ ਸ਼ੁਰੂ ਹੋ ਗਈ। ਲੋਕਾਂ ਨੂੰ ਹੁਣ ਥੀਏਟਰਾਂ ਵਿਚ ਜਾ ਕੇ ਧੱਕੇ ਖਾਣ ਅਤੇ ਕਾਗਜ਼ੀ ਭਲਵਾਨਾਂ ਦੇ ਸਲੋਕ ਸੁਣਨ ਦੀ ਕੋਈ ਲੋੜ ਨਹੀਂ ਸੀ। ਕਿਉਂਕਿ ਹੁਣ ਉਹ ਆਪਣੀ ਮਨ ਪਸੰਦ ਮੂਵੀ ਘਰ ਬੈਠੇ ਹੀ ਵੇਖ ਸਕਦੇ ਸਨ।

ਲੋਕਾਂ ਵਲੋਂ ਵੀਡੀਓ ਮਸ਼ੀਨਾਂ ਖਰੀਦਣ ਲਈ ਵਖਾਈ ਗਈ ਦਿਲਚਸਪੀ ਕਈ ਬਾਣੀਆਂ ਦੇ ਪੁੱਤਾਂ ਦੇ ਦਿਲਾ ਨੂੰ ਛੋਹ ਗਈ। ਲੋਕਾਂ ਨੂੰ ਹਿੰਦੀ, ਪੰਜਾਬੀ ਅਤੇ ਉਰਦੂ ਮੂਵੀਆਂ ਵਿਖਾਲਣ ਲਈ ਹੇਰਾਫੇਰੀ ਵਿਚ ਚੁਸਤ ਦਿਮਾਗਾਂ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਕ ਫਿਲਮ ਖਰੀਦ ਕੇ ਉਸਦੀਆਂ ਕਈ ਕਈ ਕਾਪੀਆਂ ਕਰਕੇ ਕਿਰਾਏ ਤੇ ਦੇਣੀਆਂ ਸ਼ੁਰੂ ਕਰ ਦਿੱਤੀਆਂ। ਅੱਜ ਕਲ੍ਹ ਜੇਬ ਕਤਰਿਆਂ ਵਾਂਗ ਵੀਡੀਓ ਦੇ ਵਿਉਪਾਰੀਆਂ ਦੀ ਗਿਣਤੀ ਇੰਨੀ ਜ਼ਿਆਦਾ ਹੈ ਕਿ ਮੂਵੀਆਂ ਵੀ ਮਸਰਾਂ ਦੇ ਭਾਅ ਜਾ ਰਹੀਆਂ ਹਨ। ਹਿੰਦੋਸਤਾਨੀ ਅਤੇ ਪਾਕਿਸਤਾਨੀ ਮੂਵੀਆਂ ਦੇ ਨਾਲ ਨਾਲ "ਪੱਛਮੀ ਸੱਭਿਆਚਾਰਕ" ਮੂਵੀਆਂ ਵੀ ਇਨ੍ਹਾਂ ਸਟੋਰਾਂ ਤੋਂ ਮਿਲ ਸਕਦੀਆ ਹਨ।

ਵੀਡੀਓ ਮਸ਼ੀਨਾਂ ਦੇ ਆਉਣ ਦੀ ਸਭ ਤੋਂ ਜ਼ਿਆਦਾ ਖੁਸ਼ੀ ਸਾਡੀਆਂ ਬੀਬੀਆਂ ਨੂੰ ਹੋਈ। ਵੇਹਲੀਆਂ ਬੈਠੀਆਂ ਬੀਬੀਆਂ ਦੀ ਵੀ "ਭਗਵਾਨ" ਨੇ ਰੂੜੀ ਵਾਂਗ ਸੁਣ ਹੀ ਲਈ। ਜੋ ਬੀਬੀਆਂ ਸਾਇੰਸਦਾਨਾਂ ਵਲੋਂ ਬਣਾਏ ਜਾ ਰਹੇ ਬੰਬਾਂ ਤੇ ਉਨ੍ਹਾਂ ਨੂੰ ਧੜੀ ਧੜੀ ਦੀਆਂ ਗਾਲ੍ਹਾਂ ਕੱਢਦੀਆਂ ਸਨ ਹੁਣ ਇਸ ਚਮਤਕਾਰ ਦੇ ਕਾਰਨ ਉਨ੍ਹਾਂ ਨੂੰ ਬੜੇ ਅਕਲ ਵਾਲੇ ਸਮਝਦੀਆਂ ਸਨ। ਕਈਆਂ ਬੀਬੀਆਂ ਨੇ ਤਾਂ ਮਨ ਹੀ ਮਨ ਇਨ੍ਹਾਂ ਸਾਇੰਸਦਾਨਾਂ ਤੇ ਹਕੀਮਪੁਰ ਵਾਲੇ ਸੰਤਾਂ ਦਾ ਮਿਹਰ ਭਰਿਆਂ ਹੱਥ ਰਹਿਣ ਲਈ ਅਰਦਾਸਾਂ ਵੀ ਕੀਤੀਆਂ। ਗਲ ਕੀ ਇਨ੍ਹਾਂ ਨੂੰ ਵੀਡੀਓ ਦੇ ਘਰ ਆਉਣ ਤੇ ਮੁੰਡਾ ਜੰਮੇ ਜਿੰਨੀ ਖੁਸ਼ੀ ਹੋਈ। ਟੀ. ਵੀ. ਦੀ ਅੰਗਰੇਜ਼ੀ ਅਤੇ ਗੋਰੀਆਂ ਸੂਰਤਾਂ ਤੋਂ ਅੱਕੀਆ ਬੀਬੀਆਂ ਨੂੰ ਹਿੰਦੀ, ਪੰਜਾਬੀ ਸੁਣਨ ਦਾ ਤੇ ਦੇਸੀ ਬੰਦੇ ਵੇਖਣ ਦਾ ਚਾਂਸ ਮਿਲ ਗਿਆ। ਜਿਹੜੀਆਂ ਬੀਬੀਆਂ ਅਤੇ ਬਜ਼ੁਰਗਾਂ ਨੇ ਕਦੇ ਪਿੰਡ ਹੋਈ ਰਾਮਲੀਲਾ ਵੀ ਨਹੀਂ ਸੀ ਦੇਖੀ ਹੁਣ ਉਹ ਵੀਡੀਓ ਦੇ ਕਾਰਨ ਟੀ. ਵੀ ਤੇ ਮਿਥੁਨ ਚੱਕਰਵਰਤੀ ਦੀ ਮੂਵੀ ਡਿਸਕੋ ਡਾਂਸਰ ਵੇਖ ਰਹੇ ਸਨ। ਜਿਨ੍ਹਾਂ ਬੀਬੀਆਂ ਨੂੰ ਆਪਣੇ ਘਰ ਦੇ ਜੀਆਂ ਦੇ ਨਾਂ ਨਹੀਂ ਚੇਤੇ ਰਹਿੰਦੇ ਉਹ ਬੰਬਈ ਦੇ ਸਾਰੇ ਐਕਟਰਾਂ ਦੇ ਨਾਂ ਸਬਜੀਆਂ ਦੀ ਤਰ੍ਹਾਂ ਯਾਦ ਕਰੀ ਬੈਠੀਆਂ ਹਨ।

ਵੀਡੀਓ ਦੇ ਘਰਾਂ ਵਿਚ ਆਉਣ ਨੇ ਟੈਲੀਫੋਨਾਂ ਤੇ ਹੋਣ ਵਾਲੀ ਗਲਬਾਤ ਤੇ ਵੀ ਬਹੁਤ ਅਸਰ ਪਾਇਆ ਹੈ। ਜੋ ਬੀਬੀਆਂ ਪਹਿਲਾਂ ਫੂਨ ਤੇ ਮਾਂਹ ਮੋਠਾ ਦੀ ਦਾਲ ਤੋਂ ਲੈ ਕੇ ਗੁਰਦੁਆਰੇ ਹੋਈ ਲੜਾਈ ਤੱਕ ਦੀਆ ਗਲਾਂ ਕਰਦੀਆਂ ਸਨ ਅੱਜ ਸਿਰਫ ਫਿਲਮਾਂ ਬਾਰੇ ਜਾਂ ਵੀਡੀਓ ਨਾ ਰੱਖਣ ਵਾਲੇ ਵਿਅਕਤੀਆਂ ਬਾਰੇ ਹੀ ਗਲ੍ਹਾਂ ਕਰਨਗੀਆਂ। ਫੂਨ ਆਉਣ ਤੇ ਕੁੱਝ ਅਜਿਹੀ ਗਲਬਾਤ ਸ਼ੁਰੂ ਹੁੰਦੀ ਹੈ।

—"ਹੱਲੋ"

—"ਕੀ ਕਰਦੇ ਆਂ ਭੈਣ ਜੀ"

—"ਕੁਛ ਨਹੀਂ, ਆਂ ਬੱਸ ਤਾਬ ਬਚਨ ਦੀ ਮੂਵੀ ਲਾਈ ਬੈਠੀ ਸੀ।"

—"ਕਿਹੜੀ"

—"ਆ ਕੀ ਆ ਖਸਮਾਂ ਨੂੰ ਖਾਣੀ ਦਾ ਨਾਂ, ਅੱਗ ਲੱਗਣਾ ਚੇਤਾ ਈ ਭੁੱਲ ਜਾਂਦਾ ਆ"

—ਸਿਲਸਿਲਾ, ਜੰਜੀਰ, ਸ਼ੋਹਲੇ ........."

—"ਨਹੀਂ ਇਹ ਤਾਂ ਨਵੀਂ ਆਈ ਆ, ਖੈਰ ਕਾਕੇ ਆਏ ਤੇ ਤੈਨੂੰ ਪੁੱਛ ਕੇ ਦੱਸੂ" ਆਦਿ।

ਇਥੇ ਹੀ ਬਸ ਨਹੀਂ ਵੀਡੀਓ ਆ ਜਾਣ ਕਾਰਨ ਲੋਕੀ ਵਿਆਹ ਸ਼ਾਦੀਆਂ, ਜਨਮ ਦਿਨਾਂ ਅਤੇ ਕਈ ਸਪੈਸ਼ਲ ਸਮਾਗਮਾਂ ਦੀਆਂ ਵੀ ਮੂਵੀਆਂ ਬਣਾਉਂਦੇ ਹਨ। ਵਿਆਹ ਦੀ ਬਣੀ ਮੂਵੀ ਵੇਖਦੀ ਵੀਰੋ ਮਨ ਹੀ ਮਨ ਆਪਣੇ ਆਪ ਨੂੰ ਸਿਲਸਿਲਾ ਫਿਲਮ ਵਿਚਲੀ ਰੇਖਾ ਸਮਝਦੀ ਹੈ। ਤੇ ਪ੍ਰੀਤਮ ਸਿਉਂ ਸ਼ਾਇਦ ਫੇਰਿਆ ਵੇਲੇ ਆਪਣੇ ਆਪ ਨੂੰ ਆਕੜ ਕੇ ਤੁਰਦਾ ਵੇਖ ਕੇ ਪ੍ਰੇਮ ਨਾਥ ਸਮਝਦਾ ਹੋਵੇ। ਇਸ ਤਰ੍ਹਾਂ ਬਣੀਆਂ ਮੂਵੀਆਂ ਨਾਲ ਇਕ ਤਾਂ ਯਾਦਗਾਰ ਰੱਖੀ ਜਾ ਸਕਦੀ ਹੈ ਦੂਸਰਾ ਵਿਆਹ ਵਿਚ ਕੀਤੀਆ ਗਲਤੀਆ ਨੂੰ ਵੇਖਿਆ ਜਾ ਸਕਦਾ ਹੈ ਤਾਂ ਜੋ ਬੰਦਾ ਦੂਸਰਾ ਵਿਆਹ ਕਰਵਾਉਣ ਵੇਲੇ ਅਜਿਹੀਆਂ ਗਲਤੀਆ ਨਾਂ ਕਰੇ।

ਕਈ ਮਾਪੇ ਜਿਨ੍ਹਾਂ ਨੇ ਬੱਚਿਆਂ ਨੂੰ ਪੰਜਾਬਦੀ ਸੱਭਿਆਚਾਰ ਬਾਰੇ ਆਪ ਕੁੱਝ ਦੱਸਣ ਤੋਂ ਪ੍ਰੇਹਜ਼ ਕੀਤਾ ਹੁੰਦਾ ਹੈ ਉਹ ਮੂਵੀਆਂ ਰਾਹੀਂ ਬੱਚਿਆਂ ਨੂੰ ਭਾਰਤੀ ਸੱਭਿਆਚਾਰ ਪ੍ਰਤੀ ਜਾਗਰਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਬੱਚੇ ਫਿਲਮਾਂ ਵੇਖਣ ਤੋਂ ਬਾਅਦ ਭਾਰਤ ਨੂੰ ਗਾਉਣ ਵਾਲਿਆ, ਸਮੱਗਲਰਾਂ, ਕਾਤਲਾਂ ਅਤੇ ਧਨਾਢਾਂ ਦਾ ਟਾਪੂ ਹੀ ਸਮਝਦੇ ਹਨ। ਤੂਤ ਦੀ ਛਿਟੀ ਵਰਗਾ ਅਮਿਤਾਬ ਬਚਨ ਬੋਹੜ ਦੇ ਟਾਹਣਿਆਂ ਵਰਗੇ 15-20 ਆਦਮੀਆਂ ਨੂੰ ਇਕੱਲਾ ਹੀ ਕੁੱਟਦਾ ਹੈ। ਜਿਸ ਤੋਂ ਬੱਚੇ ਪਤਲੇ ਰਹਿਣ ਦੀ ਸਿਖਿਆ ਹਾਸਲ ਕਰਦੇ ਹਨ। ਹੀਰੋ ਨੂੰ ਮਾਂ—ਬਾਪ ਤੋਂ ਵਿਛੜਨ ਬਾਅਦ ਕਰੋੜਪਤੀ ਬਣਦਾ ਵੇਖ ਕੇ ਨਿਆਣੇ ਮਾਪਿਆਂ ਵੱਲ ਸੂਈ ਕੁੱਤੀ ਦੀ ਤਰ੍ਹਾਂ ਦੇਖਦੇ ਹਨ। ਗਲ ਕੀ ਲੋਕਾਂ ਨੂੰ ਪੁੱਠੇ ਰਾਹ ਪਾਉਣ ਦੀ ਜੋ ਕਸਰ ਪੱਛਮੀ ਫਿਲਮਕਾਰਾਂ ਨੇ ਛੱਡੀ ਹੈ ਉਸ ਨੂੰ ਹਿੰਦੋਸਤਾਨੀ ਫਿਲਮਕਾਰ ਸੌਖਿਆ ਹੀ ਪੂਰਾ ਕਰੀ ਜਾ ਰਹੇ ਹਨ।

ਅੱਜ ਕੱਲ੍ਹ ਜਿਹੜੇ ਬੰਦਿਆਂ ਕੋਲ ਵੀਡੀਓ ਨਹੀਂ ਹੈ ਉਹਦੇ ਘਰ ਪਈ ਕਰਿਆਟੀ ਨੂੰ ਸੁਸਰੀ ਲੱਗ ਸਕਦੀ ਹੈ। ਕਿਉਂਕਿ ਲੋਕਾਂ ਵੀਡੀਓ ਵਾਲਿਆਂ ਕੋਲ ਸਿਰਫ ਫਿਲਮ ਹੀ ਨਹੀਂ ਵੇਖਦੇ ਸਗੋਂ ਚਾਹ ਨਾਲ ਪਕੌੜੇ ਅਤੇ ਮੁਰਗੇ ਨਾਲ ਰੋਟੀ ਵੀ ਖਾ ਕੇ ਹੀ ਉੱਠਦੇ ਹਨ। ਜਿਹੜਾ ਗਰੋਸਰੀ ਦੀ ਦੁਕਾਨ ਤੋਂ ਆਲੂ, ਗੰਢੇ ਅਤੇ ਕਰਿਆਟੀ ਜ਼ਿਆਦਾ ਖਰੀਦੇ ਸਮਝ ਲਉ ਭਾਈ ਦੇ ਘਰ ਵੀਡੀਓ ਮਸ਼ੀਨ ਹੈ। ਇਕ ਤਾਂ ਅਗਲੇ ਦੇ ਜਾ ਕੇ ਰੋਹਬ ਪਾਉ ਬਈ ਅਸੀਂ ਤਾਂ ਆਉਂਦੇ ਹੀ ਰਹੀਦਾ ਤੂੰ ਨਹੀਂ ਆਉਂਦਾ। ਦੂਸਰਾ ਫਿਲਮ ਵੇਖਣ ਦੇ ਨਾਲ ਨਾਲ ਢਿੱਡ ਨੂੰ ਵੀ ਤੂੜੀ ਦੇ ਕੁੱਪ ਵਾਂਗ ਅਗਲੇ ਦਿਉਂ ਹੀ ਭਰੋ। ਪਰ ਕਈ ਸੱਜਣਾਂ ਨੇ ਵੀਡੀਓ ਨੂੰ ਬੜੀ ਸਿਆਣਪ ਨਾਲ ਵਰਤਿਆਂ ਹੈ। ਇਹ ਮੱਖੀ ਚੂਸ ਲੋਕ ਵੀਡੀਓ ਦੀ ਕੀਮਤ ਆਏ ਗਏ ਬੰਦਿਆਂ ਨੂੰ ਚਾਹ ਪਾਣੀ ਨਾ ਪਲਾਉਣ ਕਾਰਨ ਬਚੇ ਪੈਸਿਆ ਵਿਚੋਂ ਕੱਢਦੇ ਹਨ। ਜਦ ਵੀ ਕੋਈ ਪ੍ਰਾਹੁਣਿਆਂ ਦੀ ਢਾਣੀ ਆਵੇ ਉਨ੍ਹਾਂ ਨੂੰ ਤਿੰਨ ਘੰਟੇ ਦੀ ਮੂਵੀ ਲਾ ਦਿਉ। ਮੂਵੀ ਵੇਖਦਿਆਂ ਬੋਲਣ ਤੋਂ ਪ੍ਰਹੇਜ਼ ਕੀਤਾ ਜਾਂਦਾ ਹੈ। ਅਜਿਹੀ ਹਾਲਤ ਵਿਚ ਬਹੁਤੇ ਲੋਕੀ ਤਾਂ ਉੱਠ ਕੇ ਚਲੇ ਜਾਂਦੇ ਹਨ। ਪਰ ਫਿਰ ਵੀ ਕਈ ਢੀਠ ਬੈਠੇ ਰਹਿੰਦੇ ਹਨ। ਇਨ੍ਹਾਂ ਢੀਠਾਂ ਲਈ ਫਿਰ 6 ਘੰਟਿਆਂ ਵਾਲੀ ਟੇਪ ਫਸਾ ਦਿੱਤੀ ਜਾਂਦੀ ਹੈ ਜਿਸ ਤੇ ਦੋ ਹਿੰਦੀ ਫਿਲਮਾਂ ਤੇ ਬਾਕੀ ਦੇ ਗਾਣੇ ਭਰੇ ਹੋਏ ਹੁੰਦੇ ਹਨ। ਪਰ ਕਈ ਵਾਰ ਅਜਿਹਾ ਕਰਨ ਨਾਲ ਜੱਟ ਦੀ ਕਰਿਆਨੇ ਵਾਲੀ ਦੁਕਾਨ ਵਾਂਗ ਘਾਟਾ ਵੀ ਪੈ ਸਕਦਾ ਹੈ। ਕਿਉਂਕਿ ਕਈ ਮਹਾਂ ਢੀਠ 9 ਘੰਟਿਆਂ ਤੋਂ ਬਾਅਦ ਵੀ ਦੋ ਹੋਰ ਮੂਵੀਆਂ ਵੇਖਣ ਲਈ ਕਾਹਲੇ ਹੁੰਦੇ ਹਨ। ਆਖਰ ਘਰ ਵਾਲਿਆਂ ਨੂੰ ਰੋਟੀਆਂ ਬਣਾਉਣ ਲਈ ਮਜ਼ਬੂਰ ਹੋਣਾ ਹੀ ਪੈਂਦਾ ਹੈ। ਅੰਨ ਦੇ ਦੁਸ਼ਮਣਾ ਨੂੰ 9 ਘੰਟਿਆਂ ਦਾ ਹੋਇਆ ਬਰੇਕ (Break) ਢਿੱਡ ਸਾਫ ਕਰਨ ਵਿਚ ਕਾਫੀ ਮੱਦਦਗਾਰ ਹੁੰਦਾ ਹੈ। ਫਿਰ ਕੀ ਤੱਤੀਆਂ ਤੱਤੀਆਂ ਲਈ ਆਉ।

ਕਈ ਮੱਖੀ ਚੂਸ ਕਿਸਮ ਦੇ ਆਦਮੀਆਂ ਨੂੰ ਵੀਡੀਓ ਮਸ਼ੀਨਾਂ ਤੱਕਲੇ ਵਾਲੀ ਗੋਹ ਨਜ਼ਰ ਆ ਰਹੀਆਂ ਹਨ। ਘਰ ਵੀਡੀਓ ਨਾਂ ਹੋਣ ਕਾਰਣ ਜਨਾਨੀ ਤੋਂ ਸਬਜ਼ੀ ਵੀ ਵਧੀਆਂ ਨਹੀਂ ਬਣਦੀ।" ਮੀਤੇ ਦੀ ਵਹੁਟੀ ਕਹਿੰਦੀ ਸੀ ਕਿ ਜਦ ਦਾ ਘਰ ਵੀਡੀਓ(Video) ਆਇਆ ਜੀਅ ਬੜਾ ਲੱਗਦਾ" ਇਸ ਤਰ੍ਹਾਂ ਦੀਆਂ ਮਿਸਾਲਾਂ ਦੇ ਕੇ ਕਈ ਜਨਾਨੀਆਂ ਇਕ ਤਾਂ ਘਰ ਵਿਚ ਰਹਿਣ ਕਾਰਣ ਜੀਅ ਨਾਂ ਲੱਗਣ ਦੀ ਗਲ ਆਪਣੇ ਪਤੀ ਦੇ ਕੰਨਾਂ ਵਿਚ ਦੀ ਕੱਢਦੀਆਂ ਹਨ। ਦੂਸਰਾ ਸਰੀਕਾਂ ਵਲੋਂ ਲਿਆਂਦੀ ਵੀਡੀਓ ਦਾ ਹਵਾਲਾ ਦੇ ਕੇ ਘਰ ਵਾਲੇ ਨੂੰ ਗੁੱਸਾ ਲਿਆਉਣ ਵਿਚ ਕਾਮਯਾਬ ਹੁੰਦੀਆ ਹਨ। ਸਰੀਕਾਂ ਵਲੋਂ ਲਿਆਂਦੀ ਵੀਡੀਓ ਤੋਂ ਬਾਅਦ ਵੀ ਜੇਕਰ ਆਦਮੀ ਵੀਡੀਓ ਨਾਂ ਖਰੀਦੇ ਤਾਂ ਸਮਝੋ ਮਲੱਪਾਂ ਵਾਲੇ ਕਟੜੂਆਂ ਵਾਂਗ ਅੱਖਾਂ ਮੀਟਣ ਵਾਲਾ ਹੀ ਹੈ।

ਕੁੱਝ ਵੀ ਹੋਵੇ ਵੀਡੀਓ ਦਾ ਫਾਇਦਾ ਹੀ ਫਾਇਦਾ। ਜੇ ਹੋਰ ਨਹੀਂ ਤਾਂ ਬੰਦਾ ਇੰਡੀਆਂ ਬੈਠੇ ਦੋਸਤਾਂ ਦੇ ਸੀਨੇ ਅੱਗ ਲਾਉਣ ਲਈ ਚਿੱਠੀ ਵਿਚ ਹੀ ਇਸਦਾ ਜ਼ਿਕਰ ਕਰ ਛੱਡਦੈ। ਜਾਂ ਫਿਰ ਨਸਲਵਾਦ ਵਿਰੁਧ ਲੜਦੇ ਭਾਈਆਂ ਦੀ ਆਪਸੀ ਲੜਾਈ ਸੰਬੰਧੀ ਟੀ. ਵੀ ਤੇ ਆਈ ਰੀਪੋਰਟ ਹੀ ਭਰ ਕੇ ਸਾਂਭ ਸਕਦਾ ਹੈ। ਭਾਵੇਂ ਅੱਜ ਕਲ ਪੇਅ ਟੀ. ਵੀ (Pay T-V) ਆਉਣ ਕਾਰਣ ਵੀਡੀਓ ਵਾਲਿਆਂ ਦਾ ਕੋਈ ਰੋਹਬ ਨਹੀਂ ਰਿਹਾ ਪਰ ਫਿਰ ਵੀ ਪਿਛਲੇ ਇਕ ਦੋ ਸਾਲ ਤਾਂ ਅਣਖ ਨਾਲ ਹੀ ਕੱਟੇ ਹਨ।

## 17 ਪੰਜਾਬੀਆਂ ਨੂੰ ਸ਼ਰੋਮਣੀ ਪੁਰਸਕਾਰ

ਨਵੀਂ ਦਿੱਲੀ—ਰਾਸ਼ਟਰਪਤੀ ਜ਼ੈਲ ਸਿੰਘ ਨੇ ਸਭਿਆਚਾਰ ਨੂੰ ਪਰਫੁਲਤ ਕਰਨ ਵਿਚ ਪਾਏ ਯੋਗਦਾਨ ਵਜੋਂ 17 ਪੰਜਾਬੀਆਂ ਨੂੰ ਸ਼ਰੋਮਣੀ ਪੁਰਸਕਾਰਾਂ ਨਾਲ ਸਨਮਾਨਤ ਕੀਤਾ।

ਸਨਮਾਨਤ ਹੋਣ ਵਾਲਿਆਂ ਵਿਚ ਟਰੇਡ ਫੇਅਰ ਅਥਾਰਟੀ ਦੇ ਚੇਅਰਮੈਨ ਮੁਹੰਮਦ ਯੂਨਸ, ਫਿਲਮੀ ਸਿਤਾਰਾ ਧਰਮਿੰਦਰ, ਡਿਪਟੀ ਕਮਿਸ਼ਨਰ ਪੁਲਸ (ਟਰੈਫਿਕ) ਸ੍ਰੀਮਤੀ ਕਿਰਨ ਬੇਦੀ, ਸਵਦੇਸੀ ਟੈਲੀਵੀਯਨ ਦੇ ਮੋਢੀ ਵੀ. ਪੀ. ਲੁਬਰਾ, ਉਘੇ ਇਮਾਰਤਸਾਜ ਤੇਜਵੰਤ ਸਿੰਘ ਨਾਮੀ ਬੈਂਕਰ ਐਮ, ਕੇ. ਵਿਜ ਤੇ ਮਰਹੂਮ ਗੁਜਰਮੱਲ ਮੋਦੀ ਦੀ ਪਤਨੀ ਦਯਾਵੰਦੀ ਮੋਦੀ ਸ਼ਾਮਲ ਹਨ।

ਅੰਮ੍ਰਿਤਸਰ ਦੇ ਭਗਤ ਪੂਰਨ ਸਿੰਘ ਨੂੰ 'ਸਾਲ ਦਾ ਸਿੱਖ' ਐਲਾਨਿਆ ਗਿਆ। ਇਹ ਪੁਸਰਕਾਰ ਸਿਖ ਅਧਿਅਨ ਦੀ ਸੰਸਥਾ ਨੇ ਦਿਤੇ।

## ਗੁਰਦੁਆਰਾ ਫੰਡਾਂ ਦੀ ਦੁਰਵਰਤੋਂ ਹੋ ਰਹੀ ਹੈ—ਬੁੱਢਾ ਦਲ

ਜਲੰਧਰ—ਬਾਬਾ ਸੰਤਾ ਸਿੰਘ ਜੀ ਦੇ ਬੁੱਢਾ ਦਲ ਨੇ ਕੇਂਦਰ ਸਰਕਾਰ ਦੁਆਰਾ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਤੋਂ ਪਹਿਲਾਂ ਪ੍ਰਤੀਨਿਧਤਾ ਦੀ ਮੰਗ ਕੀਤੀ ਹੈ, ਬੁੱਢਾ ਦਲ ਪੰਜਾਬ ਵਿਚ ਲਗਪਗ 700 ਗੁਰਦੁਆਰਿਆਂ ਦਾ ਪ੍ਰਬੰਧ ਚਲਾ ਰਿਹਾ ਹੈ।

ਉਹਨਾਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਵਲੋਂ ਬੁੱਢਾ ਦਲ ਦੇ ਖਿਲਾਫ ਚਲਾਏ ਜਾ ਰਹੇ ਪਰਾਪੇਗੰਡੇ ਤੇ ਚਿੰਤਾ ਪ੍ਰਗਟ ਕੀਤੀ ਹੈ।

ਇਕ ਪ੍ਰੈਸ ਕਾਨਫਰੰਸ ਵਿਚ ਦਲ ਦੇ ਪ੍ਰੈਸ ਸਕੱਤਰ ਪ੍ਰੋ: ਸਤਵੰਤ ਸਿੰਘ ਢਿਲੋਂ ਨੇ ਕਿਹਾ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਬੁੱਢਾ ਦਲ ਨਾਲ ਹੋਏ ਸਮਝੌਤੇ ਨੂੰ ਲਾਗੂ ਕਰਨ ਵਿਚ ਫੇਲ੍ਹ ਰਹੇ ਹਨ ਜਿਸ ਵਿਚ ਉਹਨਾਂ ਅਦਾਲਤ ਵਿਚ ਚਲ ਰਹੇ 100 ਮੁਕੱਦਮੇ ਵਾਪਸ ਲੈ ਕੇ ਸਾਰੇ ਮਾਮਲੇ ਗਲਬਾਤ ਰਾਹੀਂ ਹੱਲ ਕਰਨ ਦੀ ਗੱਲ ਸਵੀਕਾਰ ਕੀਤੀ ਸੀ।

ਉਹਨਾ ਕਿਹਾ ਕਿ ਗੁਰਦੁਆਰਾ ਫੰਡਾਂ ਦੀ ਰਾਜਨੀਤਕ ਮੰਤਵਾਂ ਲਈ ਦੁਰਵਰਤੋਂ ਹੋ ਰਹੀ ਹੈ ਅਤੇ ਅਸੀਂ ਆਲ ਇੰਡੀਆਂ ਗੁਰਦੁਆਰਾ ਐਕਟ ਬਣਾਉਣ ਦੀ ਹਮਾਇਤ ਨਹੀਂ ਕਰਦੇ।


Sunlife
OF CANADA
Get Your Life in Shape



Mohinder Singh Gill
B.Comm., M.B.A., C.G.A.

Dou You Have a Key-Person in Your Business ?

Life Under Writer
Member Million Dollar Round Table
700 Royal Center (Box 11112)
1055 W. Georgia St., Vancouver, B.C.
V6E 3P3

What would happen if you lost that person ? Insure your recouvery
Call: Off.682-8441 Res.433-1684

NATIONAL REAL ESTATE SERVICE

NRS

■ BUYING
■ SELLING

Free Evaluation For Your Property Call Any Time Without Any Obligation.

MALKIT DHAMI
M.A. (Eco.)
Phone. Off. 321-6881
Res. 879-9078

BLOCK BROS.
REALTY LIMITED
5842 Cambie Street, Vancouver, B.C.

## ਸਿੱਖ ਇਤਿਹਾਸ ਦੇ ਝਰੋਖੇ ਚੋਂ

# ਆਜ਼ਾਦੀ ਦੀ ਪਹਿਲੀ ਵੀਰਾਂਗਨ ਮਹਾਰਾਣੀ ਜਿੰਦਾਂ

—ਮਨਜੀਤ ਸਿੰਘ ਰੱਤੂ

ਭਾਰਤ ਦੇ ਇਤਿਹਾਸ ਦੇ ਅਧਿਐਨ ਤੋਂ ਜਾਣਕਾਰੀ ਮਿਲਦੀ ਹੈ ਕਿ ਅੰਗਰੇਜ਼ਾਂ ਵਿਰੁੱਧ ਯੁੱਧ ਕਰਨ ਵਾਲੀ ਪਹਿਲੀ ਔਰਤ ਮਹਾਰਾਣੀ ਜਿੰਦਾਂ ਸੀ। ਜਿਸ ਨੂੰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਆਪਣੀ ਮਹਿਬੂਬਾ ਸਮਝਦੇ ਸਨ। ਇਸ ਦਾ ਜਨਮ ਪਿੰਡ ਚਾਹੜ ਜਿਲ੍ਹਾਂ ਸਿਆਲਕੋਟ ਪੱਛਮੀ ਪੰਜਾਬ ਵਿਚ ਹੋਇਆ। ਇਹਨਾਂ ਦੇ ਬਹਾਦਰ ਪਿਤਾ ਸਰਦਾਰ ਮੰਨਾ ਸਿੰਘ ਔਲਕ ਸਨ। ਇਹਨਾਂ ਪੁੱਤਰ ਮਹਾਰਾਜਾ ਦਲੀਪ ਸਿੰਘ ਸਨ।

ਜਦੋਂ ਜੂਨ 1839 ਈਸਵੀ ਨੂੰ ਲਾਹੌਰ ਵਿਖੇ ਸ਼ੇਰੇ ਪੰਜਾਬ ਦੀ ਚਿਤਾ ਬਲ ਰਹੀ ਸੀ ਤਾਂ ਉਸ ਵਕਤ 11 ਰਾਣੀਆਂ ਸ਼ੇਰੇ ਪੰਜਾਬ ਦੀ ਚਿਤਾ ਵਿਚ ਸਤੀ ਹੋਣ ਲਈ ਤਿਆਰ ਸਨ। ਉਸ ਵਕਤ ਮਹਾਰਾਣੀ ਜਿੰਦਾਂ ਦਲੀਪ ਸਿੰਘ ਨੂੰ ਕੁਛੜ ਲੈ ਕੇ ਅਲਵਿਦਾ ਕਰ ਸੀ। ਉਹ ਵੀ ਸੰਸਾਰ ਤੋਂ ਜਾਣਾ ਚਾਹੁੰਦੀ ਸੀ। ਪਰ ਦਲੀਪ ਸਿੰਘ ਦੀ ਮਮਤਾ ਨੇ ਉਸ ਰਹਿਣ ਲਈ ਮਜ਼ਬੂਰ ਕੀਤਾ ਕਿਹਾ ਜਾਂਦਾ ਹੈ ਕਿ ਉਸ ਨੇ ਅੰਗਰੇਜ਼ਾਂ ਨਾਲ ਖਾਲਸੇ ਦੀ ਜੰਗ ਸਮੇਂ ਬਰੂਦ ਦੀ ਬਜਾਏ ਸਰੋਂ ਦੀਆਂ ਬੋਰੀਆਂ ਭਰ ਕੇ ਭੇਜ ਦਿਤੀਆਂ।

ਪਰ ਲਾਲ ਸਿੰਘ ਤੇ ਤੇਜਾ ਸਿੰਘ ਵਰਗਿਆਂ ਨੇ ਮਹਾਰਾਣੀ ਜਿੰਦਾਂ ਨੂੰ ਬਦਨਾਮ ਕਰਨ ਦੀ ਖਾਤਰ ਉਸ ਤੇ ਇਸ ਪ੍ਰਕਾਰ ਦੀਆਂ ਅਨੇਕਾਂ ਊਜਾਂ ਮਹਾਰਾਣੀ ਵਿਰੁੱਧ ਕਰਨ ਦੀ ਖਾਤਰ ਉਸ ਤੇ ਇਸ ਪ੍ਰਕਾਰ ਕੇ ਮਹਾਰਾਣੀ ਅੰਗਰੇਜ਼ਾਂ ਨਾਲ ਮਿਲੀ ਹੈ। ਜੇਕਰ ਮਹਾਰਾਣੀ ਅੰਗਰੇਜ਼ਾਂ ਨਾਲ ਮਿਲੀ ਹੁੰਦੀ ਤਾਂ ਲਾਰਡ ਡਲਹੌਜੀ ਹੱਥੋਂ ਦੁੱਖ ਤਸੀਹੇ ਨਾਂ ਝਲਣੇ ਪੈਂਦੇ। ਨਬਾਲਗ ਮਹਾਰਾਣਾ ਦਲੀਪ ਸਿੰਘ ਨੂੰ ਬਾਦਸ਼ਾਹ ਬਨਾਇਆ ਜਾਏ। ਉਹਨਾਂ ਮਹਾਰਾਣੀ ਨੂੰ ਪਾਲਿਕ ਨਿਯੁਕਤ ਕੀਤਾ। ਪਰ ਇਸ ਗੱਲ ਦਾ ਉਸ ਨੂੰ ਸ਼ਕ ਸੀ ਕਿ ਮਹਾਰਾਣੀ ਉਸ ਨੂੰ ਲੋਰੀਆ ਦੇਵੇਗੀ। ਜਿਸ ਦੇ ਫਲਸਰੂਪ ਉਹ ਬਾਗੀ ਬਣਕੇ ਉਹ ਅੰਗਰੇਜ਼ੀ ਪਾਲਸੀ ਨੂੰ ਚੈਂਲਿਜ ਕਰੇਗਾ।

15 ਮਈ 1848 ਈਸਵੀ ਨੂੰ ਮਹਾਰਾਣੀ ਨੂੰ ਸ਼ੇਖੂਪੁਰਾਂ ਦੇ ਕਿਲ੍ਹੇ ਵਿਚ ਕੈਂਦ ਕਰ ਦਿੱਤਾ। ਉਸ ਨੂੰ ਨਜ਼ਰਬੰਦ ਕੀਤਾ ਗਿਆ। ਭਰੋਵਾਲ ਦੇ ਸਲਾਹਨਾਮੇ ਅਨੁਸਾਰ ਮਹਾਰਾਣੀ ਨੂੰ ਡੇਢ ਲੱਖ ਰੁਪਏ ਪੈਨਸ਼ਨ ਮਿਲਣੀ ਚਾਹੀਦੀ ਸੀ। ਇਹ ਕੱਟ ਕੇ 12 ਹਜ਼ਾਰ ਰੁਪਏ ਕਰ ਦਿੱਤੀ ਗਈ ਸੀ। ਅੰਗਰੇਜ਼ ਮਹਾਰਾਣੀ ਸ਼ੇਖੂਪੁਰੇ ਤੋਂ ਮਹਾਰਾਣੀ ਨੂੰ ਬਨਾਰਸ ਭੇਜਿਆ ਗਿਆ ਸੀ। ਅਤੇ ਬਨਾਰਸ ਤੋਂ ਕਿਲਾ ਚਨਾਰ ਵਿਖੇ 6 ਅਪ੍ਰੈਲ 1949 ਈਸਵੀ ਵਾਲੇ ਦਿਨ ਰਾਤੀ ਚਨਾਰ ਦੇ ਕਿਲੇ ਵਿਚ ਦਾਖਲ ਹੋਈ। ਇਥੇ ਉਸ ਨਾਲ ਘੋਰ ਬਦਸਲੂਕੀ ਕੀਤੀ ਜਾਂਦੀ ਸੀ। ਹੋਰ ਤਾਂ ਕੀ ਖੁਰਾਕ ਉਸ ਦੇ ਮਿਆਰ ਦੀ ਨਹੀਂ ਦਿੱਤੀ ਜਾਂਦੀ ਸੀ। ਉਹ ਕੇਵਲ 12 ਦਿਨ ਇਸੇ ਕਿਲੇ ਵਿਚ ਠਹਿਰੀ। 18 ਅਪ੍ਰੈਲ 1849 ਨੂੰ ਉਸ ਨੇ ਕਿਲੇ ਵਿਚ ਨਿਕਲ ਕੇ ਛਾਲ ਨਦੀ ਵਿਚ ਮਾਰੀ। ਦੂਜੇ ਬੰਨੇ ਜਾ ਕੇ ਉਸ ਨੂੰ ਖਿਆਲ ਆਇਆ ਕਿ ਨੈਪਾਲ ਦਾ ਰਾਣਾ ਜੰਗ ਬਹਾਦੁਰ ਮਹਾਰਾਜਾ ਰਣਜੀਤ ਸਿੰਘ ਦਾ ਮਿਤਰ ਹੈ ਉਸ ਕੋਲ ਜਾ ਕੇ ਪਨਾਹ ਲਈ ਜਾਏ। ਮਹਾਰਾਣੀ ਦੀ ਹਾਲਤ ਉਸ ਵੇਲੇ ਅਜਿਹੀ ਸੀ।

ਉਹ ਠੇਡੇ ਖਾਂਦੀ ਰੋਂਦੀ ਕੁਰਲਾਂਦੀ ਪੰਜਾਬ ਦੀ ਮਹਾਰਾਣੀ ਜਿਸ ਦੇ ਰੂਪ ਉੱਤੇ ਮਹਾਰਾਜ ਆਸ਼ਕ ਸੀ ਭਿਖਾਰਨ ਬਣ ਕੇ ਕਾਠਮੰਡੂ ਪਾਹੁੰਚ ਗਈ ਸੀ। ਇਥੇ ਰਾਣਾ ਜੰਗ ਬਹਾਦਰ ਨੇ ਉਸ ਨੂੰ 20 ਹਜ਼ਾਰ ਪੈਨਸ਼ਨ ਮੁਕਰਰ ਕਰ ਦਿੱਤੀ। ਪੂਰੇ 20 ਸਾਲ ਨਿਪਾਲ ਵਿਖੇ ਇਕ ਪ੍ਰਕਾਰ ਦੀ ਕੈਦਣ ਬਣ ਕੇ ਰਹੀ। ਮਹਾਰਾਣੀ ਜਿੰਦਾ ਨਾਲ ਅੰਗਰੇਜ਼ਾਂ ਨੇ ਇਨਸਾਫ ਨਹੀਂ ਕੀਤਾ ਸੀ। ਉਸ ਦੀ ਪੂਰੀ ਤਲਾਸ਼ੀ ਕੀਤੀ ਗਈ। ਉਸ ਦੇ ਘਰ ਵਿਚੋਂ ਚਿਠੀਆਂ ਕੱਢੀਆਂ। ਇਕ ਅੰਗਰੇਜ਼ਾਂ ਦੇ ਖਿਲਾਫ ਨਾਂ ਨਿਕਲੀ। 1861 ਵਿਚ ਮਹਾਰਾਜਾ ਦਲੀਪ ਸਿੰਘ ਤੇ ਉਸ ਦੀ ਆਦਰਯੋਗ ਮਾਤਾ ਮਹਾਰਾਣੀ ਜਿੰਦ ਕੌਰ ਦਾ ਮਿਲਾਪ ਪੰਜਾਬ ਵਿਚ ਕਰਵਾਉਣ ਲਈ ਪ੍ਰਬੰਧ ਕੀਤਾ ਗਿਆ।

ਜਦੋਂ ਮਾਂ ਪੁੱਤ ਮਿਲੇ ਤਾਂ ਆਪ ਮੁਹਾਰੇ ਭੁੱਬਾ ਨਿਕਲ ਗਈਆਂ। ਮਾਂ ਨੇ ਦਲੀਪ ਸਿੰਘ ਨੂੰ ਘੁੱਟ ਕੇ ਜੱਫੀ ਵਿਚ ਲੈ ਲਿਆ। ਮਹਾਰਾਣੀ ਜਿੰਦਾਂ ਦੀ ਉਸ ਵਕਤ ਨਜ਼ਰ ਖਤਮ ਹੋ ਚੁੱਕੀ ਸੀ। ਇਸ ਲਈ ਉਸ ਨੇ ਅਸੀਸ ਦੇਣ ਲਈ ਦਲੀਪ ਸਿੰਘ ਦੇ ਸਿਰ ਤੇ ਹੱਥ ਫੇਰਿਆ। ਉਹ ਸਿਰ ਵਾਲਾਂ ਤੋਂ ਬਿਨਾਂ ਸੀ।

ਜੁਲਾਈ 1861 ਵਿਚ ਮਾਂ ਪੁੱਤ ਇੰਗਲੈਂਡ ਪੁੱਜੇ ਉਥੇ ਮਹਾਰਾਣੀ ਨੇ ਦਲੀਪ ਸਿੰਘ ਨੂੰ ਰਹਿਣ ਦੀ ਆਗਿਆਂ ਨਾਂ ਦਿੱਤੀ। ਕੈਨਸਿੰਗਟਨ ਵਿਖੇ ਮਹਾਰਾਣੀ ਨੂੰ ਵਖਰੀ ਰਿਹਾਇਸ਼ ਦਿੱਤੀ ਗਈ। ਇਥੇ ਸਿੱਖਾਂ ਦੇ ਆਖਰੀ ਬਾਦਸ਼ਾਹਾਂ ਦੀਆਂ ਘਟਨਾਵਾਂ ਦਰਦ ਭਰੀਆਂ ਹਨ। 25 ਮਹੀਨੇ ਮਹਾਰਾਣੀ ਵਲੈਤ ਵਿਚ ਰਹੀ। ਅਗਸਤ 1863 ਵਿਚ ਉਹ ਦੁਨੀਆਂ ਤੋਂ ਚਲੀ ਗਈ ਸੀ। ਜਿਥੇ ਉਸ ਦਾ ਪਤੀ ਰਣਜੀਤ ਸਿੰਘ 1839 ਵਿਚ ਜਾ ਚੁੱਕਾ ਸੀ। ਅੰਤਿਮ ਸਮੇਂ ਮਹਾਰਾਣੀ ਨੇ ਪੁੱਤਰਾਂ ਨੂੰ ਨਸੀਅਤਾਂ ਕੀਤੀਆਂ ਉਸ ਨੇ ਕਿਹਾ ਮੇਰਾ ਸੰਸਕਾਰ ਪੰਜਾਬ ਵਿਚ ਕੀਤਾ ਜਾਏ। 6 ਮਹੀਨੇ ਬਾਹਦ ਮਹਾਰਾਣੀ ਦੀ ਲਾਸ਼ ਕਬਰਸਤਾਨ ਵਿਚ ਆਈ। ਉਸ ਵੇਲੇ ਦਲੀਪ ਸਿੰਘ ਨੂੰ ਆਗਿਆ ਮਿਲ ਗਈ ਕੇ ਉਹ ਮਹਾਰਾਣੀ ਨੂੰ ਭਾਰਤ ਵਿਚ ਲਿਆ ਸਕਦਾ ਹੈ ਪਰ ਪੰਜਾਬ ਵਿਚ ਪ੍ਰਵੇਸ਼ ਹੋਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਬੰਬਈ ਦੇ ਨੇੜੇ ਉਸ ਦਾ ਸੰਸਕਾਰ ਕੀਤਾ ਗਿਆ ਅਤੇ ਮਹਾਰਾਣੀ ਜਿੰਦਾਂ ਦੀ ਯਾਦ ਇਹ ਤਕਾਜ਼ਾ ਕਰਦੀ ਹੈ ਕਿ ਸਿਖ ਖਾਸ ਕਰਕੇ ਆਪਣੇ ਰੰਗੀਲੇ ਇਤਿਹਾਸ ਤੇ ਝਾਤ ਮਾਰਨ। ਦਲੀਪ ਸਿੰਘ ਨੇ ਜਦੋਂ ਧੀਰਜ਼ ਤੇ ਸ਼ਾਂਤੀ ਸਹਿਤ ਆਪਣੇ ਬੀਤੇ ਇਤਿਹਾਸ ਉਤੇ ਵਿਚਾਰ ਕੀਤੀ ਤਾਂ ਉਸ ਦਾ ਦਿਲ ਰੋ ਉਠਿਆ। ਉਸ ਦੇ ਦਿਲ ਤੇ ਇਕ ਤਿਖਾ ਪ੍ਰਤੀਕਰਮ ਸੀ।

ਉਸ ਨੇ ਫੈਸਲਾ ਕਰ ਲਿਆ ਜੇਕਰ ਮੈਂ ਹੋਰ ਕੁਝ ਨਹੀਂ ਕਰ ਸਕਦਾ ਤਾਂ ਘਟੋ ਘਟ ਸਿਖ ਤਾਂ ਜਰੂਰ ਰਹਾਂਗਾ। ਅਦਨ ਤੇ ਮੁਕਾਮ ਉਤੇ ਉਸ ਨੇ ਸਿਖ ਫੌਜਾਂ ਤੋਂ ਅੰਮ੍ਰਿਤ ਛਕਿਆ। 1839 ਤੋਂ 1863 ਦੇ ਸਮੇਂ ਵਿਚ ਮਹਾਰਾ ਣੀ ਘੁਲ—ਘੁਲ ਕੇ ਮਰੀ। ਉਸ ਨੇ ਅੰਗਰੇਜ਼ਾਂ ਦੀ ਮਿਨਤ ਨਹੀਂ ਕੀਤੀ। ਇਸ ਤੋਂ 1857 ਵਿਚ ਮਹਾਰਾਣੀ ਝਾਂਸੀ ਨੇ ਹੀਰੋਇਨ ਦਾ ਰੋਲ ਅਦਾ ਕੀਤਾ। ਪਰ ਮਹਾਰਾਣੀ ਜਿੰਦਾ ਨੇ 18 ਸਾਲ ਪਹਿਲਾਂ ਅੰਗਰੇਜ਼ੀ ਸਰਕਾਰ ਵਿਰੁੱਧ ਵਿਰੋਧਤਾ ਦਾ ਅੰਦੋਲਨ ਕੀਤਾ। ਸਿੱਖ ਇਤਿਹਾਸ ਦੀ ਇਹ ਆਜ਼ਾਦੀ ਦੀ ਮਿਸਾਲ ਸਦਾ ਅਮਰ ਰਹੇਗੀ।

## ਸ਼ੋਕ — ਮਤਾ

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ, ਪੰਜਾਬੀ ਦੇ ਉਘੇ ਕਵੀ ਦਰਸ਼ਨ ਸਿੰਘ 'ਆਵਾਰਾ' ਅਤੇ ਲੋਕ - ਗਾਇਕਾ ਬੀਬੀ ਨੂਰਾਂ ਦੇ ਸਦਾ ਲਈ ਵਿਛੋੜੇ ਉਪਰ ਡੂੰਘਾ ਦੁਖ ਪਰਗਟ ਕਰਦੀ ਹੈ। ਕਵੀ ਦਰਸ਼ਨ ਸਿੰਘ ਆਵਾਰਾ ਦੀਆਂ ਕਵਿਤਾਵਾਂ ਨੇ ਇਸ ਸਦੀ ਦੇ ਕਈ ਦਹਾਕੇ ਲੋਕਾਂ ਦਿਆਂ ਦਿਮਾਗਾਂ ਤੋਂ ਭਰਮਾਂ ਅਤੇ ਮਜ਼ਹਬਾਂ ਦੇ ਡਰਾਉਣੇ ਰੂਪ ਨੂੰ ਮਿਟਾਉਣ ਲਈ ਅਤੇ ਰੱਬ ਦੇ ਨਾਂ ਉਤੇ ਹੋ ਰਹੇ ਪਾਖੰਡ ਨੂੰ ਬੜੀ ਦਲੇਰੀ ਨਾਲ ਨੰਗਾ ਕੀਤਾ ਜਿਸ ਕਾਰਨ ਉਨ੍ਹਾਂ ਨੂੰ 'ਨਾਸਤਕ' ਹੋਣ ਦੇ ਆਵਾਜ਼ੇ ਵੀ ਸੁਣਨੇ ਪਏ। ਬੀਬੀ ਨੂਰਾਂ ਨੇ ਆਪਣੀ ਸੁਰੀਲੀ ਆਵਾਜ਼ ਨਾਲ ਲੋਕਾਂ ਦੇ ਦਿਲਾਂ ਨੂੰ ਮੋਹ ਲਿਆ ਸੀ ਖਾਸ ਕਰਕੇ ਸਥਾਪਤ ਹੋਏ ਗਾਇਕਾਂ ਵਿਚੋਂ ਬਿਨਾਂ ਕਿਸੇ ਸਹਾਰੇ ਦੇ ਆਪਣੀ ਕਲਾ ਨਾਲ ਆਪਣੇ ਆਪ ਨੂੰ ਉਭਾਰਿਆ। ਅਸੀਂ ਪੰਜਾਬੀ ਸਾਹਿਤ ਸਭਾ ਵੈਨਕੂਵਰ ਵਲੋਂ ਲੋਕਾਂ ਲਈ ਲਿਖਣ ਵਾਲੇ ਕਵੀ ਦਰਸ਼ਨ ਸਿੰਘ 'ਆਵਾਰਾ' ਅਤੇ ਗਾਇਕਾ ਬੀਬੀ ਨੂਰਾਂ ਨੂੰ ਪਿਆਰ-ਭਿਨੀ ਸ਼ਰਧਾਂਜਲੀ ਭੇਟ ਕਰਦੇ ਹਾਂ ਅਤੇ ਉਨ੍ਹਾਂ ਦੇ ਪਰਵਾਰਾਂ ਨਾਲ ਦੁਖ ਵਿਚ ਸ਼ਰੀਕ ਹੁੰਦੇ ਹਾਂ


THINKING OF SELLING
Please call for free Market Evaluation




DEOL REALTY
277-2200



GURMINDER DEOL



MANN MUSIC & VIDEO

6512 Main St.(49th Ave.)
VANCOUVER B.C.
V5K 1A5

ਸ਼ਬਦ, ਧਾਰਮਿਕ ਗੀਤ, ਲੋਕ ਗੀਤ, ਪੰਜਾਬੀ ਜਾਂ ਹਿੰਦੀ ਫਿਲਮੀ ਗੀਤ, ਗਜ਼ਲਾਂ, ਕਵਾਲੀਆ, ਮਾਤਾ ਦੀਆਂ ਭੇਂਟਾ, ਢਾਡੀਆ ਦੀਆਂ ਵਾਰਾਂ, ਜਾਂ ਫਿਰ ਆਪਣੀ ਮਨਮਰਜ਼ੀ ਦੇ ਗੀਤਾਂ ਦੀਆਂ ਟੇਪਾਂ ਭਰਵਾਉਣ ਲਈ ਹਮੇਸ਼ਾ
ਮਾਨ ਮਿਊਜ਼ਿਕ ਦਾ ਨਾਂ ਚੇਤੇ ਰੱਖੋ
"You Name It We Have It"

ਨਵੀਂਆਂ ਤੇ ਪੁਰਾਣੀਆਂ ਵੀਡੀਓ ਫਿਲਮਾਂ ਬਹੁਤ ਹੀ ਕਲੀਅਰ ਪ੍ਰਿੰਟਾਂ ਵਿਚ ਸਾਥੋਂ ਖਰੀਦੋ
(ਨੋਟ:—ਹਰ ਵੀਕ 3 ਜਾਂ 4 ਨਵੀਆਂ ਫਿਲਮਾਂ Release ਹੁੰਦੀਆਂ ਹਨ)

GUARNTEED GOOD PRINTS ON NEW VIDEO CASSETTS
"We Stand For Qality"

MAIL ORDERS ACCEPTED

ਸਾਡੇ ਵਧੀਆ ਵੀਡੀਓ ਫਿਲਮਾਂ ਦੇ Print ਅਤੇ ਗਾਣਿਆਂ ਦੀਆਂ ਵਧੀਆਂ ਕੁਆਲਟੀ ਦੀਆਂ ਟੇਪਾਂ ਦੀ ਪੂਰੇ CANADA ਵਿਚ ਚਰਚਾ ਹੈ
ਆਓ ਤੇ ਅਜਮਾਓ

ਇੰਡੀਆਂ ਦੀ ਬਿਜਲੀ ਤੇ ਚਲਣ ਵਾਲੇ Radio Taperecordes, ਮਸਾਲਾ ਪੀਹਣ ਲਈ Blender and Mill, ਕਪੜੇ ਪ੍ਰੈਸ ਕਰਨ ਵਾਲੀ ਇਸਤ੍ਰੀ, ਇੰਡੀਆਂ ਦੀ ਬਿਜਲੀ ਬਦਲਣ ਵਾਲੇ Converters, Cassett Adapters, Walkmens, ਸਸਤੀਆਂ ਕੀਮਤਾਂ ਵਿਚ ਖਰੀਦੋ

ਦੁਕਾਨਦਾਰ ਭਰਾ ਨੋਟ ਕਰੋ, ਗਾਣਿਆਂ ਦੀਆਂ ਟੇਪਾਂ ਜਾਂ ਵੀਡੀਓ ਫਿਲਮਾਂ ਹੋਲਸੇਲ ਵਿਚ ਸਸਤੀਆਂ ਕੀਮਤਾਂ ਵਿਚ ਤੇ ਵਧੀਆ ਕੁਆਲਟੀ ਵਿਚ ਸਾਡੇ ਕੋਲੋ ਮਿਲ ਸਕਦੀਆਂ ਹਨ।

Store ਹਫਤੇ ਦੇ ਸੱਤੇ ਦਿਨ ਖੁਲ੍ਹਦਾ ਹੈ। ਹੋਰ ਜਾਣਕਾਰੀ ਲਈ
ਗੁਰਪਾਲ ਮਾਨ ਨੂੰ ਫੋਨ ਕਰੋ
(604)321-6667

ਪੰਜਾਬ ਦੀਆਂ ਸਟੇਜਾਂ ਦਾ ਰਾਜਾ



ਗੁਰਦਾਸ ਮਾਨ

ਮਾਨ ਫੋਟੋ ਸਟੂਡੀਓ

ਪੰਜਾਬੀ ਮਾਰਕਿਟ ਵਿਚ ਫੋਟੋ ਦਾ ਇਕ ਸਟੂਡੀਓ
ਮਾਨ ਮਿਊਜ਼ਿਕ ਐਂਡ ਵੀਡੀਓਜ਼ ਦੀ ਦੁਕਾਨ ਦੇ ਵਿਚ ਹੈ

* ਪਾਸਪੋਰਟ ਫੋਟੋ ਰੰਗਦਾਰ ਜਾਂ ਬਲੈਕ ਐਂਡ ਵਾਈਟ ਸਿਰਫ 5 ਮਿੰਟ ਵਿਚ ਖਿਚਾਓ
* ਵਿਆਹ ਦੇ ਮੌਕੇ ਲਈ ਜਾਂ ਕਿਸੇ ਹੋਰ ਮੌਕੇ ਤੇ ਫੋਟੋ ਖਿਚਾਉਣ ਲਈ ਜਾਂ ਵੀਡੀਓ Movie ਬਣਾਉਣ ਲਈ ਮਾਨ ਫੋਟੋ ਸਟੂਡੀਓ ਤੇ ਦਰਸ਼ਨ ਦਿਓ।

ਨੋਟ :—(ਵਿਆਹ ਦੀ ਮੂਵੀ ਬਣਾਉਣ ਤੇ ਮੂਵੀ ਪਿੱਛੇ ਵਿਆਹ ਦੇ ਗਾਣੇ ਵੀ ਭਰ ਕੇ ਦਿਤੇ ਜਾਣਗੇ ਬਗੈਰ ਕਿਸੇ extra cost ਦੇ)

ਹੋਰ ਜਾਣਕਾਰੀ ਲਈ ਫੋਨ ਕਰੋ :—
321-6667

ਗੁਰਦਾਸ ਮਾਨ ਦੇ ਨਵੇਂ ਗਾਣਿਆਂ ਦੀ ਟੇਪ ਮਾਨ ਮਿਊਜ਼ਿਕ ਐਂਡ ਵੀਡੀਓ ਸਟੋਰ ਤੋਂ ਮਿਲ ਸਕਦੀ ਹੈ ਜਿਸ ਵਿਚ ਇਹ ਗਾਣੇ ਹਨ ਪੀੜ ਪਰੁਹਣੀ, ਲੌਂਗ ਦਾ ਲਸ਼ਕਾਰਾ, ਘੜਾ ਵਜਦਾ ਕਿੰਗ ਵਜਦੀ, ਸਾਡਾ ਦਿਲ ਮੋੜਦੇ, ਛੱਡ ਦੇ ਬਾਂਹ, ਤੈਨੂੰ ਵਤਨ ਦੀ ਯਾਦ, ਅਸੀਂ ਤੇਰੇ ਸ਼ਹਿਰ ਨੂੰ ਸਲਾਮ ਕਰ ਚੱਲੇ ਹਾਂ, ਡਰਾਮਾ ਤੇ ਹੋਰ ਬਹੁਤ ਸਾਰੇ ਨਵੇਂ ਗੀਤਾਂ ਨਾਲ ਭਰਪੂਰ ਟੇਪ
ਸਿਰਫ ਮਾਨ ਮਿਊਜ਼ਿਕ ਤੋਂ ਹੀ ਮਿਲ ਸਕਦੀ ਹੈ।

# ਕਹਾਣੀ

## ਨਮੋਸ਼ੀ

ਗੁਰਮੀਤ ਸਕੂਟਰ ਵਾਲੇ ਨੂੰ ਪੈਸੇ ਦੇ ਕੇ ਕਾਹਲੀ ਕਾਹਲੀ ਬੜੀ ਸਾਰੀ ਤਿੰਨ ਮੰਜਲੀ ਗੋਲ ਇਮਾਰਤ ਵਿਚ ਜਾ ਵੜਿਆ। ਏਥੇ ਉਸ ਆਪਣੇ ਕਾਲਜ ਵੇਲੇ ਦੇ ਇਕ ਲੰਗੋਟੀਏ ਯਾਰ ਨੂੰ ਮਿਲਣਾ ਸੀ। ਇਹ ਇਮਾਰਤ ਆਜ਼ਾਦੀ ਤੋਂ ਪਹਿਲਾਂ ਕਿਸੇ ਮਹਾਰਾਜੇ ਦਾ ਮਹੱਲ ਸੀ। ਅਜ ਕਲ ਏਥੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੇ ਅਮਲੇ ਨੇ ਡੇਰਾ ਲਾਇਆ ਹੋਇਆ ਸੀ।

ਦਸ ਬਾਰਾਂ ਸਾਲ ਪਹਿਲਾਂ ਵੀ ਉਹ ਇਸ ਇਮਾਰਤ ਵਿਚ ਕਈ ਵਾਰ ਆਇਆ ਸੀ। ਪਰ ਹੁਣ ਇਸ ਇਮਾਰਤ ਅੰਦਰਲਾ ਆਲਾ ਦੁਆਲਾ ਉਸ ਨੂੰ ਬਦਲਿਆਂ ਲੱਗਾ। ਚਿਟੀਆਂ ਮੁੱਛਾ ਤੇ ਪੱਗ ਵਾਲੇ ਮੋਨੇ ਆਦਮੀ ਦੀ ਥਾਂ ਵੀਹ ਬਾਈ ਸਾਲ ਦੀ ਮਲੂਕ ਜਹੀ ਮੁਟਿਆਰ ਹੁਣ ਰੀਸੈਪਸ਼ਨਿਸਟ ਸੀ। ਉਸ ਨੇ ਆਪਣਾ ਆਪ ਸੰਭਾਲਦਿਆ ਹੋਇਆ ਨੌਜਵਾਨ ਮੁਟਿਆਰ ਨੂੰ ਕਿਹਾ, "ਮੈਂ ਅਮਰੀਕ ਬੈਂਸ ਨੂੰ ਮਿਲਣਾ ਹੈ।"

ਕੁੜੀ ਨੇ ਬੇਧਿਆਨ ਲਹਿਜੇ ਵਿਚ ਪੁੱਛਿਆ "ਉਹ ਕਿਹੜੇ ਸੈਕਸ਼ਨ ਵਿਚ ਕੰਮ ਕਰ ਦੇ ? ਉਸਦਾ ਕਮਰਾ ਨੰਬਰ ਕੀ ਹੈ " ?

ਗੁਰਮੀਤ ਨੇ ਜਵਾਬ ਵਿਚ ਆਖਿਆ, "ਕਮਰਾ ਨੰਬਰ ਤਾਂ ਮੈਨੂੰ ਪਤਾ ਨਹੀਂ, ਪਰ ਏਥੇ ਕੰਮ ਜ਼ਰੂਰ ਕਰ ਦੇ, ਮੇਰੇ ਖਿਆਲ ਵਿਚ ਉਹ ਸ਼ੈਕਸ਼ਨ ਆਫੀਸਰ ਏ।"

"ਕਮਰੇ ਨੰਬਰ ਦੇ ਬਿਨਾਂ ਅਸੀਂ ਕੁਝ ਨਹੀਂ ਦਸ ਸਕਦੇ" ਕੁੜੀ ਦਾ ਜਵਾਬ ਫਿਰ ਸੰਖੇਪ ਸੀ। ਗੁਰਮੀਤ ਨੇ ਫਿਰ ਬੜੀ ਹਲੀਮੀ ਵਿਚ ਕਿਹਾ "ਮੈਂ ਬੜੀ ਦੂਰ ਤੋਂ ਆਇਆ ਹਾਂ। ਮੈਂ ਉਨ੍ਹਾਂ ਨੂੰ ਜ਼ਰੂਰ ਮਿਲਣਾ ਚਾਹੁੰਦਾ ਹਾਂ।" ਏਥੇ ਸਾਰੇ ਦੂਰ ਤੋਂ ਆਉਂਦੇ ਹਨ ਤੇ ਹਰ ਇਕ ਨੂੰ ਜ਼ਰੂਰੀ ਕੰਮ ਹੁੰਦਾ ਹੈ।" ਮੇਰਾ ਭਾਵ ਬਾਹਰਲੇ ਮੁਲਕ ਤੋਂ ਹੈ," ਗੁਰਮੀਤ ਦਾ ਉਤਰ ਸੀ। "ਕਿਹੜੇ ਦੇਸ਼ ਤੋਂ ਆਏ ਹੋ"? ਕੁੜੀ ਹੁਣ ਉਤਸੁਕਤਾ ਨਾਲ ਪੁੱਛਣ ਲੱਗੀ। "ਕੈਨੇਡਾ ਤੋਂ ਗੁਰਮੀਤ ਬੋਲਿਆਂ। ਹਾਂ ਤੇ ਤੁਸੀਂ ਕਿਸ ਨੂੰ ਮਿਲਣਾ ਹੈ"? "ਮੈਂ ਪਹਿਲਾਂ ਭੀ ਅਰਜ ਕੀਤੀ ਸੀ ਕਿ ਅਮਰੀਕ ਸਿੰਘ ਬੈਂਸ ਨੂੰ ਮਿਲਣਾ ਹੈ" ਗੁਰਮੀਤ ਨੇ ਫਿਰ ਕਿਹਾ। "ਤੁਸੀਂ ਕੁਰਸੀ ਤੇ ਬੈਠ ਜਾਓ ਉਹ ਹੁਣੇ ਆ ਜਾਂਦੇ ਨੇ" ਇਹ ਕਹਿ ਕੇ ਕੁੜੀ ਨੇ ਫੂਨ ਦੇ ਦੋ ਨੰਬਰ ਘੁਮਾਏ ਤੇ ਬੋਲੀ "ਸਾਹਿਬ ਆਪ ਨੂੰ ਕੋਈ ਬਾਹਰਲੇ ਮੁਲਕ ਤੋਂ ਆਏ ਤੁਹਾਡੇ ਦੋਸਤ ਮਿਲਣਾ ਚਾਹੁੰਦੇ ਨੇ। ਜੇ ਤੁਸੀਂ ਥੱਲੇ ਆ ਸਕੋ।"

ਗੁਰਮੀਤ ਅਜੇ ਕੁਰਸੀ ਤੇ ਬੈਠਾ ਹੀ ਸੀ ਕਿ ਪੌੜੀਆਂ ਉਤਰਦਾ ਅਮਰੀਕ ਉਸਦੀ ਨਜ਼ਰੀ ਪਿਆ। ਇਕ ਦੂਜੇ ਨੂੰ ਗਲਵਕੜੀ ਪਾ ਕੇ ਮਿਲਦੇ ਸਾਰ ਹੀ ਉਹ ਦੋਵੇ ਕੰਨਟੀਨ ਵਲ ਨੂੰ ਚਲ ਪਏ। ਰਸਮੀ ਨਾਜੀ ਬਾਜ਼ੀ ਪਿਛੋਂ ਅਮਰੀਕ ਕਹਿਣ ਲੱਗਾ, "ਕੋਈ ਕੈਨੇਡਾ ਦੀ ਗਲ ਬਾਤ ਸੁਣਾਓ।" "ਕਿਥੋਂ ਸ਼ੁਰੂ ਕਰਾਂ ? ਗੱਲਾਂ ਤਾਂ ਬਹੁਤ ਨੇ। ਕੈਨੇਡਾ ਵਿਚ ਖਾਲਿਸਤਾਨ ਦੀਆਂ, ਗੁਰਦੁਆਰਿਆਂ ਦੀ ਸਿਆਸਤ ਦੀਆਂ, ਵੱਟੇ ਸੱਟੇ ਦੇ ਵਿਆਹਾ ਦੀਆਂ, ਤੇ ਸਭ ਤੋਂ ਗੰਭੀਰ ਨਿਰਦੋਸ਼ੇ ਕਤਲਾਂ ਦੀਆਂ ਜਿਨ੍ਹਾਂ ਦੀ ਰਫਤਾਰ ਉਥੇ ਅਜ ਕਲ ਪੰਜਾਬੀ ਕਮਿਊਨਿਟੀ ਵਿਚ ਕਾਫੀ ਤੇਜ਼ ਹੈ।" ਬਹੁਤ ਵਾਰ ਅਨਜੋੜ ਵਿਆਹ ਹੀ ਇਹਨਾਂ ਕਤਲਾਂ ਦਾ ਮੂਲ ਕਾਰਨ ਹੁੰਦੇ ਹਨ।"

"ਕੁਝ ਮਹੀਨਿਆਂ ਦੀ ਗੱਲੀ ਹੈ-..... ਇਕ ਪਿਤਾ ਐਥੋ ਕਾਲਜ ਵਿਚ ਪੜ੍ਹਾਉਂਦਾ ਐਮ. ਏ ਪਾਸ ਰਿਸ਼ਤੇਦਾਰ ਮੁੰਡਾ ਪੁਟਕੇ ਆਪਣੀ ਵਿਆਹੁਣ ਜੋਗ ਧੀ ਲਈ ਲੈ ਗਿਆ। ਕੁੜੀ ਨੂੰ ਪੁਛਿਆ ਤਕ ਨਹੀਂ। ਮੁੰਡਾ ਸੈਰ ਦੇ ਬਹਾਨੇ ਕੈਨੇਡਾ ਪੁਜ ਗਿਆ। ਗੁਰਮੀਤ ਦੀ ਗਲ ਅਜੇ ਵਿਚ ਹੀ ਸੀ ਕਿ ਏਨੇ ਨੂੰ ਬਹਿਰਾ ਪਕੌੜੇ ਬਰਫੀ ਤੇ ਕਈ ਤਰ੍ਹਾਂ ਦਾ ਹੋਰ ਨਿੱਕ ਸੁੱਕ ਲੈ ਕੇ ਟੇਬਲ ਤੇ ਟਿਕਾਉਣ ਲਈ ਆ ਗਿਆ। ਪਲ ਦੋ ਪਲ ਲਈ ਦੋਵੇਂ ਚੁਪ ਹੋ ਗਏ।

ਅਮਰੀਕ ਨੇ ਦੋਵਾਂ ਖਾਲੀ ਕੱਪ ਚਾਹ ਨਾਲ ਨੱਕੋ ਨੱਕ ਭਰ ਦਿੱਤੇ ਤੇ ਗੁਰਮੀਤ ਕੱਪ ਵਿਚੋਂ ਚਾਹ ਦਾ ਘਟ ਭਰਕੇ ਫਿਰ ਬੋਲਿਆ, "ਨੌਜਵਾਨ ਮੁੰਡਾ ਕੈਨੇਡਾ ਪੁਜ ਗਿਆ। ਮੁੰਡੇ ਦੇ ਪੁਜਣ ਤੇ ਬਾਪ ਨੇ ਕੁੜੀ ਦੇ ਵਿਆਹ ਦਾ ਦਿਨ ਨੀਯਤ ਕਰ ਦਿੱਤਾ।"

"ਕੁੜੀ ਦੀ ਪਹਿਲਾਂ ਹੀ ਕਿਸੇ ਗੋਰੇ ਮੁੰਡੇ ਨਾਲ ਗੱਲ ਸੀ। ਬਾਪ ਨੇ ਸੋਚਿਆ ਮੁੰਡਾ ਸੁਹਣਾ ਸੁਨੱਖਾ ਏ, ਐਮ ਏ ਪੜ੍ਹਿਆ ਏ, ਜਦ ਵਿਆਹ ਹੋ ਗਿਆ ਇਕੱਠੇ ਰਹਿਣ ਲੱਗ ਪਏ ਕੁੜੀ ਆਪੇ ਗੋਰੇ ਛੋਕਰੇ ਨੂੰ ਭਲ ਭੁਲਾ ਜਾਵੇਗੀ। ਨਾਲੇ ਉਠ ਘੜਾ ਦੇ ਵੀ ਤਾਂ ਲੱਦ ਹੀ ਦਈਏ ਆ।"

"ਇਉਂ ਬਾਪ ਨੇ ਕਦੇ ਕੁੜੀ ਨੂੰ ਆਪਣੀ ਇਜਤ ਦੇ, ਕਦੇ ਦਾੜ੍ਹੀ ਦੇ ਤਰਲੇ ਵਾਸਤੇ ਪਾ ਕੇ ਚਾਰ ਲਾਵਾਂ ਲੈਣ ਲਈ ਰਜ਼ਾਮੰਦ ਕਰਨਾ ਚਾਹਿਆ।"

ਪੰਜਾਬੋ ਆਇਆ ਲਾੜਾ ਮੁੰਡਾ ਘਰ ਵਿਚ ਹੀ ਇਕ ਵਖਰੇ ਕਮਰੇ ਵਿਚ ਰਹਿੰਦਾ ਸੀ। ਕੁੜੀ ਇਕ ਦਿਨ ਬਾਪ ਦੀ ਗੈਰ ਹਾਜ਼ਰੀ ਵਿਚ ਮੁੰਡੇ ਦੇ ਕਮਰੇ ਵਿਚ ਆਈ। ਉਸ ਨੂੰ ਸਾਰੀ ਗਲ ਸਾਫ ਸਾਫ ਦਸ ਦਿੱਤੀ।

ਕੁੜੀ ਦੀ ਗਲ ਸੁਣਦਿਆਂ ਮੁੰਡੇ ਨੂੰ ਕੈਨੇਡਾ ਪੈਰਾ ਹੇਠੋਂ ਨਿਕਲਦਾ ਨਜ਼ਰ ਆਇਆ। ਉਸ ਟਿਕਟ ਲਈ ਰਹਿ ਕੇ ਪਾਈ ਭੌਂ ਦੇ ਅਤੇ ਆਪਣੇ ਕਾਲੇ ਭਵਿੱਖ ਦੇ ਵਾਸਤੇ ਪਾਏ। ਕੁੜੀ ਤਰਸ ਖਾ ਕੇ ਝੂਠ ਮੂਠ ਦਾ ਵਿਆਹ ਕਰਕੇ ਮੁੰਡੇ ਦਾ ਇਮੀਗਰੇਸ਼ਨ ਪ੍ਰਬੰਧ ਕਰਨ ਲਈ ਰਾਜ਼ੀ ਹੋ ਗਈ।

ਮੁੰਡੇ ਨਾਲ ਗਲ ਕਰਕੇ ਭੀ ਕੁੜੀ ਦੇ ਦਿਲ ਨੂੰ ਧਰਾਸ ਨਾ ਆਇਆ ਉਸੇ ਦਿਨ ਉਹ ਬੈਂਕ ਵਿਚੋਂ ਸ਼ਾਮ ਨੂੰ ਆਪਣਾ ਕੰਮ ਖਤਮ ਕਰਦਿਆਂ ਹੀ ਪੁਲੀਸ ਸਟੇਸ਼ਨ ਪੁਜੀ ਅਤੇ ਰਿਪੋਰਟ ਦਰਜ਼ ਕਰਾ ਦਿੱਤੀ ਕਿ "ਮੈਨੂੰ ਆਪਣੇ ਬਾਪ ਪਾਸੋਂ ਜਾਨ ਦਾ ਖਤਰੇ।" ਘਰ ਆ ਕੇ ਉਸ ਪੁਲੀਸ ਰਿਪੋਟਰ ਦੀ ਗਲ ਆਪਣੇ ਬਾਪ ਨੂੰ ਦਸ ਦਿੱਤੀ ਤਾਂ ਜੋ ਉਹ ਵੀ ਡਰ ਜਾਏ ਅਤੇ ਐਵੇਂ ਪੰਜਾਬੀ ਹੈਂਕੜ ਪੁਣੇ ਵਿਚ ਉਸਦੀ ਜਿੰਦਗੀ ਨਾਲ ਨਾ ਖੇਡੇ। ਬਾਪੂ ਵਲੋਂ ਗਲ ਘੁੱਟਣ ਦੇ ਡਰਾਵੇ ਅਜੇ ਉਸ ਨੂੰ ਸਾਰੇ ਦੇ ਸਾਰੇ ਯਾਦ ਸਨ।"

ਵਿਆਹ ਦਾ ਦਿਨ ਨੀਯਤ ਹੋ ਚੁੱਕਾ ਸੀ। ਬਾਪ ਨੂੰ ਅਜੇ ਭੀ ਵਿਸ਼ਵਾਸ ਸੀ ਕਿ ਅਲਕ ਵਛੇਰੀ ਵਾਂਗ ਪਛੋੜੇ ਮਾਰਦੀ ਹੈ ਕੁੜੀ ਵਿਆਹ ਪਿਛੋਂ ਠੰਡੀ ਹੋ ਜਾਵੇਗੀ। ਲੋਕਲ ਰਵਾਜ਼ ਨੂੰ ਧਿਆਨ ਵਿਚ ਰਖਦਿਆਂ ਉਸ ਵਿਆਹ ਵਾਲੀ ਰਾਤ ਲਈ ਹੋਟਲ ਵਿਚ ਕਮਰਾ ਵੀ ਬੁਕ ਕਰਾ ਦਿੱਤਾ।

"ਵਿਆਹ ਪਿਛੋਂ ਕੁੜੀ ਹੋਟਲ ਦੇ ਕਮਰੇ ਵਿਚ ਪੰਜਾਬੀ ਮੁੰਡੇ ਨਾਲ ਗਈ। ਸੁਹਾਗ ਰਾਤ ਦੀ ਲੋਰ ਵਿਚ ਮੁੰਡਾ ਕੁੜੀ ਅੱਗੇ ਕੱਢੀਆਂ ਲਿਲਕੜੀਆਂ ਭੁੱਲ ਗਿਆ। "ਕੋਈ ਗਲ ਬਾਤ ਤਾਂ ਹਜ਼ੂਰ ਸੁਣਾਓ" ਕਹਿਦਿਆਂ ਮੁੰਡੇ ਕੁੜੀ ਨੂੰ ਬਾਹੋਂ ਪਕੜ ਲਿਆ।"

"ਮੈਂ ਤੈਨੂੰ ਉਸ ਦਿਨ ਹੀ ਕਿਹਾ ਸੀ ਕਿ ਮੇਰੇ ਬਾਪ ਤੇਰੇ ਨਾਲ ਧੋਖਾ ਕੀਤਾ ਏ। ਮੈਂ ਵਿਆਹ ਦਾ ਢਕੋਚ ਤੇਰੇ ਭਵਿੱਖ ਨੂੰ ਬਚਾਉਣ ਲਈ ਕੀਤਾ ਏ, ਤੇਰਾ ਬਿਸਤਰਾ ਸਜਾਉਣ ਲਈ ਨਹੀਂ।" ਕੁੜੀ ਲਈ ਇਹ ਉਸ ਦੇ ਸੱਚੇ ਵਿਆਹ ਦਾ ਬੇਲੋੜਾ ਇਮਤੇਹਾਨ ਸੀ।

"ਮੂਰਖ ਮੁੰਡੇ ਸਮਝਿਆ, ਪਹਿਲੀ ਰਾਤ ਏ, ਜਿਸ ਦਾ ਰੋਹਬ ਪੈਂ ਗਿਆਂ ਸੁ ਪੈ ਗਿਆ। ਉਸ ਕੁਰਸੀ ਤੇ ਬੈਠੀ ਕੁੜੀ ਨੂੰ ਦੋਹਾ ਮੋਢਿਆਂ ਤੋਂ ਫੜਕੇ ਆਪਣੇ ਵਲ ਖਿਚਿਆ। ਕੁੜੀ ਝੱਟਕੇ ਨਾਲ ਉਸਦੀ ਪਕੜ ਤੋੜ੍ਹੀ ਤੇ ਇਕ ਕਰਾਰੀ ਚਪੇੜ ਮੁੰਡੇ ਦੇ ਮੂੰਹ ਤੇ ਜੜ ਦਿੱਤੀ।" "ਯੂ ਬਲੱਡੀ ਫੂਲ" ਕਹਿੰਦੀ ਹੋਈ ਦਰਵਾਜ਼ਾ ਖੋਲ੍ਹ ਕੇ ਕਮਰੇ ਚੋ ਬਾਹਰ ਨਿਕਲ ਗਈ ਤੇ ਟੈਕਸੀ ਲੈ ਕੇ ਸਿਧੀ ਗੋਰੇ ਮੁੰਡੇ ਦੇ ਘਰ ਪੁਜ ਗਈ"

ਗੁਸੇ ਨਾਲ ਕੁੜੀ ਬਾਹਰ ਜਾਂਦੀ ਵੇਖ ਕੇ ਮੁੰਡੇ ਦੇ ਕੈਨੇਡਾ ਪੈਰਾ ਹੇਠੋਂ ਨਿਕਲ ਗਿਆ।

ਕੁਝ ਪੱਲਾ ਪਿਛੋਂ ਮੁੰਡਾ ਆਪਣੇ ਆਪ ਨਾਲ ਬੀਤੀ ਇਸ ਫਿਲਮ ਦੀ ਕਹਾਣੀ ਦੇ ਸ਼ਾਕ ਤੋਂ ਸੰਭਲਿਆ। ਉਸ ਕੁੜੀ ਦੇ ਬਾਪ ਨੂੰ ਫੂਨ ਕੀਤਾ। ਉਹ ਕਾਰ ਵਿਚ ਆ ਕੇ ਮੁੰਡੇ ਨੂੰ ਘਰ ਲੈ ਗਿਆ।

ਝੂਠੀ ਕਿਸਮ ਦੀ ਨਮੋਸ਼ੀ ਦੇ ਮਾਰੇ ਬਾਪ ਹਫਤੇ ਦੇ ਵਿਚ ਵਿਚ ਹੀ ਨੌਜਵਾਨ ਪੰਜਾਬੀ ਮੁੰਡੇ ਦਾ ਕਤਲ ਕਰਕੇ ਲਾਸ਼ ਵਿਹੜੇ ਵਿਚ ਗੋਡੇ ਗੋਡੇ ਤਕ ਚੜੇ ਘਾਹ ਹੇਠ ਰਾਤ ਦੇ ਹਨੇਰੇ ਵਿਚ ਡੂੰਗੀ ਦਬ ਦਿੱਤੀ ਅਤੇ ਇੰਡੀਆਂ ਮਾਪਿਆਂ ਨੂੰ ਚਿੱਠੀ ਪਾ ਦਿੱਤੀ ਕਿ "ਮੁੰਡਾ ਘਰੋਂ ਭਜ ਗਿਆ।"

ਗਲ ਸੁਣ ਕੇ ਅਮਰੀਕ ਵਿਚ ਚਾਹ ਦਾ ਬਾਕੀ ਅੱਧਾ ਰਹਿੰਦਾ ਕੱਪ ਚੁਕਣ ਦੀ ਹਿਮਤ ਨਾ ਰਹੀ।

ਸੋਹਣ ਸੁਰਿੰਦਰ ਸੰਘਾ ਸਕਰੂਲਰਵੀ
ਵੈਨਕੂਵਰ ਕੈਨੇਡਾ।



ਸੋਹਣ ਸੁਰਿੰਦਰ ਸੰਘਾ ਸਕਰੂਲਰਵੀ

## ਸਮਾਨਤਾ ਦੇ ਮੈਂਬਰਾਂ ਨੂੰ

ਸਮਾਨਤਾ ਜੱਥੇਬੰਦੀ ਨੂੰ ਸਥਾਪਤ ਹੋਇਆਂ ਇਕ ਸਾਲ ਪੂਰਾ ਹੋਣ ਵਾਲਾ ਹੈ। ਸਮਾਨਤਾ ਦੇ ਮੁਢਲੇ ਮੈਂਬਰ ਬਣਨ ਲਈ ਧੰਨਵਾਦ।

ਇਸ ਪਹਿਲੇ ਸਾਲ ਵਿਚ ਤੁਹਾਡੀ ਸਹਾਇਤਾ ਨਾਲ ਸਮਾਨਤਾ ਲਈ ਮਹੱਤਵ ਪੂਰਣ ਕੰਮ ਕਰਨ ਵਿਚ ਸਫਲ ਹੋਈ ਹੈ ਜਿਵੇਂ :

* ਅੰਤਰ ਰਾਸ਼ਟਰੀ ਨਾਰੀ ਦਿਵਸ ਦੀਆਂ ਸਰਗਰਮੀਆਂ ਵਿਚ ਹਿਸਾ
* ਰੌਸ ਗੁਰਦੁਆਰੇ ਵਿਚ ਔਰਤ-ਸਮੱਸਿਆਵਾਂ ਉਤੇ ਸਪੀਚ ਅਤੇ ਲੀਫਲੈੱਟ ਵੰਡਣੇ।
* ਅਮਰਜੀਤ ਕੌਰ ਸੰਧੂ ਕੇਸ ਦੀ ਸਰਗਰਮ ਸਹਾਇਤਾ।
* ਔਰਤ ਸਮੱਸਿਆਵਾਂ ਉਤੇ ਇਨਫਰਮੇਸ਼ਨ ਟੇਬਲ।
* "ਔਰਤਾਂ ਲਈ ਸਹਾਰਾ ਗਰੁੱਪ" (BWSS) ਵਲੋਂ ਕੀਤੇ ਗਏ ਵਿਦਿਅਕ ਅਤੇ ਸਭਿਆਚਾਰਕ ਪਰੋਗਰਾਮ ਵਿਚ ਭਾਗ। ਸਮਾਨਤਾ ਮੈਂਬਰਾਂ ਵਲੋਂ, ਸਪੀਚ, ਡਰਾਮੇ ਅਤੇ ਗਿੱਧੇ ਵਿਚ ਭਾਗ ; ਰੀਫਰੈਸ਼ਮੈਂਟ ਦੀ ਤਿਆਰੀ ਅਤੇ ਪਰਬੰਧ : ਚਾਇਲਡ ਕੇਅਰ ਅਤੇ ਸਕਿਊਰਿਟੀ ਵਿਚ ਹਿਸਾ ਆਦਿ।
* ਭਾਰਤ ਵਿਚ ਦਾਜ-ਸਬੰਧਤ ਮੌਤਾਂ ਦੇ ਵਿਰੁਧ ਅਪੀਲ।
* ਸਥਾਨਕ ਅਖਬਾਰਾਂ ਵਿਚ ਤਸ਼ੱਦਦ ਦੀਆਂ ਸ਼ਿਕਾਰ ਔਰਤਾਂ ਦੀ ਸਹਾਇਤਾ ਲਈ ਸੂਚਨਾ ਅਤੇ ਫੋਨ ਸਰਵਿਸ।
* ਬੀ. ਸੀ. ਹਿਊਮਨ ਰਾਈਟਸ ਕਮਿਸ਼ਨ ਦੀ ਹੇਅਰਿੰਗ ਵਿਚ ਭਾਗ।
* ਔਰਤਾਂ ਲਈ 'ਇਕੱਤਰਤਾ ਕੇਂਦਰ' (Drop-In Centre) ਸ਼ੁਰੂ ਕਰਨ ਦੀ ਯੋਜਨਾ।

ਪਰ ਸਭ ਤੋਂ ਮਹਤੱਵ ਵਾਲੀ ਗੱਲ ਇਹ ਨੂੰ ਕਿ ਤੁਹਾਡੀ ਮਦਦ ਆਸਰੇ ਸਮਾਨਤਾ ਸਾਡੀਆਂ ਤਸ਼ੱਦਦ ਦੀਆਂ ਸ਼ਿਕਾਰ ਕਈ ਔਰਤਾਂ ਨੂੰ ਸਹਾਰਾ ਦੇ ਸਕੀ ਹੈ। ਕੁਝ ਬੁਰੀ ਤਰਾਂ ਜ਼ਖਮੀ ਹੋਈਆਂ ਔਰਤਾਂ ਐਮਰਜੰਸੀ ਵਿਚ ਲਿਜਾਈਆਂ ਗਈਆਂ ਹਨ, ਕੁਝ ਸਮਾਨਤਾ ਦੀ ਸਹਾਇਤਾ ਨਾਲ ਟ੍ਰਾਂਜ਼ੀਸ਼ਨ ਘਰਾਂ ਵਿਚ ਪਹੁੰਚਾਈਆਂ ਗਈਆਂ ਹਨ ਤੇ ਕੁਝ ਦੀ ਸਹਾਇਤਾ ਕੇਵਲ ਸਲਾਹ ਮਸ਼ਵਰੇ ਰਾਹੀਂ ਹੀ ਕੀਤੀ ਗਈ ਹੈ।

ਅਜਿਹੇ ਸੰਜੀਦਾ ਤੇ ਅਤਿ ਜ਼ਰੂਰੀ ਕੰਮ ਜਾਰੀ ਰੱਖਣ ਲਈ ਤੁਹਾਡੀ ਸਹਾਇਤਾ ਦੀ ਪਹਿਲਾਂ ਨਾਲੋਂ ਵੀ ਜ਼ਿਆਦਾ ਜ਼ਰੂਰਤ ਹੈ। ਇਸ ਲਈ ਸਮਾਨਤਾ ਦੀ ਦੂਜੀ ਮੈਂਬਰਸ਼ਿਪ ਮੀਟਿੰਗ, 16 ਜਨਵਰੀ 1983 ਨੂੰ ਦੋ ਵਜੇ ਮੋਬਰਲੀ ਕਮਿਊਨਿਟੀ ਸੈਂਟਰ ਵਿਚ, 7647 ਪ੍ਰਿੰਸ ਐਲਬਰਟ ਸਟਰੀਟ ਤੇ ਹੋ ਰਹੀ ਹੈ। ਤੁਹਾਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮੀਟਿੰਗ ਵਿਚ ਹਾਜ਼ਰ ਹੋਵੋ ਤੇ ਸਰਗਰਮ ਭਾਗ ਲਵੋ।

ਧੰਨਵਾਦ ਸਾਹਿਤ,
ਹਰਬੰਸ ਕੌਰ ਢਿੱਲੋਂ
ਅਜਮੇਰ ਰੋਡੇ
(ਸਮਾਨਤਾ ਦੀ ਇਗਜ਼ੈਕਟਿਵ ਕਮੇਟੀ ਵਲੋਂ(

ਕੈਨੇਡਾ ਦਰਪਣ
ਦੇ ਆਪ
ਗਾਹਕ ਬਣੋ
ਤੇ ਦੂਜਿਆਂ
ਨੂੰ ਬਣਾਓ
ਕੈਨੇਡਾ ਦਰਪਣ
ਤੁਹਾਡਾ
ਆਪਣਾ ਅਖ਼ਬਾਰ"

ਤੁਹਾਡੀ ਹਰ ਕਿਸਮ ਦੀ ਛਪਵਾਈ ਦੀਆਂ ਲੋੜਾਂ ਇਕੋ ਥਾਂ ਤੋਂ ਪੂਰੀਆਂ ਹੋ ਸਕਦੀਆਂ ਹਨ

* ਬਿਜ਼ਨਿਸ ਕਾਰਡ * ਰਸੀਦ-ਬੁੱਕਾਂ
* ਵਿਆਹ ਸ਼ਾਦੀਆਂ ਦੇ ਕਾਰਡ
* ਮੈਗਜ਼ੀਨ * ਫਲਾਇਰ

ADAM BAKSH
Phone. 873-6125

For all your printing needs
Contact

MAIN PRINTING &
GRAPHIC

4825, MAIN ST.
VANCOUVER, B.C.

SONI & SONS
JEWELLERS

ORIENTAL GOLD AND
SILVER JEWELLERY
REPAIRS
SPECIALIST IN EAST
INDIAN JEWELLERY

NANUBHAI
Bus. 324-1012
Res. 327-0783
6538 MAIN STREET
(Entrance at back door)

VANCOUVER,B.C.
V5X 3G9

TICKETS TO ANYWHERE
GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ
ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ
ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

6612, MAIN ST.
VANCOUVER, B. C.
PHONE: 324-3336

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)

## ਇਪਾਨਾ ਵਲੋਂ "ਉਠਣ ਦਾ ਵੇਲਾ" ਤੇ ਭਾਰਤ ਵਿਚ ਲਗਾਈ ਗਈ ਪਾਬੰਦੀ ਵਿਰੁਧ ਰੋਸ

ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੇਰਿਕਾ (ਇਪਾਨਾ) ਨੇ ਭਾਰਤੀ ਸਰਕਾਰ ਵਲੋਂ ਕੈਨੇਡਾ ਵਿਚ ਖੇਤ ਮਜ਼ਦੂਰਾਂ ਦੇ ਘੋਲ ਤੇ ਬਣੀ ਫਿਲਮ "ਉਠਣ ਦਾ ਵੇਲਾ" ਤੇ ਭਾਰਤ ਵਿਚ ਲਗਾਈ ਗਈ ਪਾਬੰਦੀ ਵਿਰੁਧ ਰੋਸ ਪ੍ਰਗਟ ਕੀਤਾ ਹੈ ਅਤੇ ਹੇਠ ਲਿਖਿਆ ਖਤ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਭੇਜਿਆ ਹੈ।

16 ਦਸੰਬਰ 1982

ਪ੍ਰਧਾਨ ਮੰਤਰੀ
ਪਾਰਲੀਮੈਂਟ ਬਿਲਡਿੰਗ
ਨਵੀਂ ਦਿੱਲੀ, ਭਾਰਤ

ਸ੍ਰੀਮਤੀ ਜੀ :

ਇਸ ਖਤ ਰਾਹੀਂ ਅਸੀਂ ਭਾਰਤੀ ਸਰਕਾਰ ਵਲੋਂ ਆਨੰਦ ਪਟਵਰਧਨ ਅਤੇ ਜਿਮ ਮਨੋਰ ਵਲੋਂ ਬਣਾਈ ਗਈ ਫਿਲਮ "ਉਠਣ ਦਾ ਵੇਲਾ" ਤੇ ਭਾਰਤ ਵਿਚ ਲਗਾਈ ਗਈ ਸੈਂਸਰਸ਼ਿਪ ਖਿਲਾਫ ਰੋਸ ਪ੍ਰਗਟ ਕਰ ਰਹੇ ਹਾਂ।

ਜਿਸ ਤਰ੍ਹਾਂ ਕਿ ਸ਼ਾਇਦ ਤੁਹਾਨੂੰ ਜਾਣਕਾਰੀ ਹੋਵੇ ਕਿ ਇਹ ਫਿਲਮ ਬਰਿਟਿਸ਼ ਕੁਲੰਬੀਆਂ, ਕਨੇਡਾ ਵਿਚ ਖੇਤ ਮਜਦੂਰਾਂ, ਜਿਹਨਾਂ ਦੀ ਬਹੁ-ਗਿਣਤੀ ਭਾਰਤੀ ਮਜਦੂਰਾਂ ਦੀ ਹੈ, ਦੀਆਂ ਹਾਲਤਾਂ ਅਤੇ ਜਦੋ ਜਹਿਦ ਬਾਰੇ ਹੈ। ਇਹ ਫਿਲਮ ਦੁਨੀਆਂ ਭਰ ਵਿਚ ਮਸ਼ਹੂਰ ਹੋ ਚੁੱਕੀ ਹੈ। ਇਸਨੂੰ ਪਿਛਲੇ ਸਾਲ ਜਰਮਨੀ ਦੇ ਮਸ਼ਹੂਰ ਲਿਪਜਿਗ ਅੰਤਰਰਾਸ਼ਟਰੀ ਫਿਲਮ ਮੇਲੇ ਵਿਚ ਸਿਲਵਰ ਡਵ ਐਵਾਰਡ ਮਿਲਿਆ ਸੀ ਅਤੇ ਪਿਛੇ ਜਿਹੇ ਇੰਗਲੈਂਡ ਵਿਚ ਹੋਏ ਅੰਤਰਾਸ਼ਟਰੀ ਫਿਲਮ ਫੈਸਟੀਵਲ ਵਿਚ ਫਾਈਨ ਐਵਾਰਡ ਮਿਲਿਆ ਹੈ। ਇਸ ਫਿਲਮ ਨੂੰ ਕਨੇਡਾ ਭਰ ਵਿਚ ਵਿਦਿਅਕ ਸੰਸਥਾਵਾਂ ਅਤੇ ਯੂਨੀਅਨਾਂ ਵਲੋਂ ਦਿਖਾਇਆ ਜਾ ਰਿਹਾ ਹੈ।

"ਉਠਣ ਦਾ ਵੇਲਾ" ਕਨੇਡਾ ਵਿਚ ਸਾਡੇ ਲੋਕਾਂ ਨੂੰ ਆਉਂਦੀਆਂ ਮੁਸ਼ਕਲਾਂ ਅਤੇ ਉਹਨਾਂ ਦੀ ਦਲੇਰੀ ਅਤੇ ਸਾਹਸ ਦੀ ਇਕ ਦਿਲ-ਖਿਚਵੀਂ ਤਸਵੀਰ ਹੈ। ਇਹ ਬੀ. ਸੀ., ਕਨੇਡਾ ਦੇ ਖੇਤ ਮਜਦੂਰਾਂ, ਜਿਹਨਾਂ ਨੂੰ ਕਿ ਸਰਕਾਰ ਵਲੋਂ ਬੜੀ ਦੇਰ ਤੋਂ ਅਣਗੌਲਿਆ ਗਿਆ, ਦੀਆਂ ਅਣ-ਮਨੁਖੀ ਕੰਮ ਦੀਆਂ ਹਾਲਤਾਂ ਨੂੰ ਦਰਸਾਉਂਦੀ ਹੈ। ਫਿਲਮ ਉਹਨਾਂ ਵਲੋਂ ਆਪਦੀਆਂ ਕੰਮ ਦੀਆਂ ਹਾਲਤਾਂ ਬਦਲਣ ਦੀਆਂ ਕੋਸ਼ਿਸ਼ਾਂ ਨੂੰ ਉਤਸ਼ਾਹ ਦਿੰਦੀ ਹੈ। ਫਿਲਮ ਨੇ ਖੇਤ ਮਜਦੂਰਾਂ ਨਾਲ ਹੋ ਰਹੇ ਧੱਕੇ ਪ੍ਰਤੀ ਲੋਕਾਂ ਦੀਆਂ ਅੱਖਾਂ ਖੋਲੀਆਂ ਹਨ। ਇਸ ਨੇ ਖੇਤ ਮਜਦੂਰਾਂ ਦੇ ਘੋਲ ਅੱਗੇ ਵਧਾਉਣ ਵਿਚ ਇਕ ਵੱਡਾ ਹਿੱਸਾ ਪਾਇਆ ਹੈ ਅਤੇ ਖੇਤ ਮਜਦੂਰਾਂ ਨੂੰ ਮਜਦੂਰ ਸਮਝੇ ਜਾਣ ਅਤੇ ਉਹਨਾ ਨਾਲ ਇਨਸਾਨਾਂ ਵਾਲਾ ਵਰਤਾਓ ਕੀਤੇ ਜਾਣ ਦੇ ਘੋਲ ਵਿਚ ਆਨੰਦ ਸਲਾਹੁਤਾ ਯੋਗ ਹਿੱਸਾ ਪਾਇਅ ਹੈ। ਸਾਨੂੰ ਮਾਣ ਹੈ ਕਿ ਅਸੀਂ ਆਨੰਦ ਅਤੇ ਜਿਸ ਦੀ ਫਿਲਮ ਬਣਾਏ ਜਾਣ ਵਿਚ ਮਦਦ ਕਰ ਸਕੇ ਹਾਂ।

ਪਰੰਤੂ ਫਿਰ ਭੀ ਇਸ ਫਿਲਮ ਨੂੰ ਭਾਰਤੀ ਸੈਂਸਰਸ਼ਿਪ ਬੋਰਡ ਨੇ ਇਹ ਬਹਾਨਾ ਲਾਕੇ ਕਿ ਇਸ ਨਾਲ ਭਾਰਤੀ ਸਰਕਾਰ ਦੇ ਕਨੇਡਾ ਨਾਲ ਸਬੰਧ ਵਿਗੜ ਜਾਣਗੇ। ਭਾਰਤ ਵਿਚ ਦਿਖਾਏ ਜਾਣ ਤੇ ਪਾਬੰਦੀ ਲਾ ਦਿਤੀ ਹੈ। ਭਾਰਤੀ ਸਰਕਾਰ ਵਲੋਂ ਅਜਿਹਾ ਖੁਸ਼ਾਮਦੀ ਭਰਿਆ ਅਤੇ ਚਾਪਲੂਸੀ ਵਾਲਾ ਰਵਈਆ ਅਪਣਾਇਆ ਜਾਣਾ ਸਾਨੂੰ ਉਤਰੀ ਅਮਰੀਕਾ ਵਿਚ ਰਹਿ ਰਹੇ ਦੇਸ਼ ਭਗਤੀ ਦੀਆਂ ਭਾਵਨਾਵਾਂ ਰੱਖਣ ਵਾਲੇ ਅਤੇ ਆਪਦੀ ਜਨਮ ਭੂਮੀ ਨਾਲ ਪਿਆਰ ਕਰਨ ਵਾਲੇ ਭਾਰਤੀਆਂ ਲਈ ਇਕ ਬਹੁਤ ਗੁੱਸੇ ਵਾਲੀ ਗੱਲ ਹੈ। ਪਰ ਭਾਰਤੀ ਸਰਕਾਰ ਦੀ ਧੋਖੇ ਭਰੀ ਨੀਤੀ ਇਸ ਗੁੱਸੇ ਨੂੰ ਹੋਰ ਭੀ ਵਧਾਉਂਦੀ ਹੈ। ਕਨੇਡੀਅਨ ਸਰਕਾਰ ਨੇ ਕਨੇਡਾ ਵਿਚ ਫਿਲਮ ਦਿਖਾਏ ਜਾਣ ਤੇ ਬਿਲਕੁਲ ਹੀ ਕੋਈ ਇਤਰਾਜ਼ ਨਹੀਂ ਕੀਤਾ। ਬਲਕਿ ਕਨੇਡਾ ਦੇ ਨੈਸ਼ਨਲ ਫਿਲਮ ਬੋਰਡ ਦੇ ਫਿਲਮ ਬਣਾਏ ਜਾਣ ਵਿਚ ਮਦਦ ਕੀਤੀ ਹੈ। ਅਤੇ ਕਨੇਡੀਅਨ ਨੈਸ਼ਨਲ ਫਿਲਮ ਬੋਰਡ ਹੀ ਕਨੇਡਾ ਵਿਚ ਫਿਲਮ ਦਾ ਡਿਸਟਰੀਬਿਊਟਰ ਹੈ। ਸਾਡੇ ਮੁਤਾਬਿਕ ਇਹ ਸੈਂਸਰਸ਼ਿਪ ਭਾਰਤੀ ਸਰਕਾਰ ਦੀਆਂ ਜਮਹੂਰੀਅਤ ਵਿਰੋਧੀ ਨੀਤੀਆਂ ਉਘਾੜਦੀ ਹੈ।

ਅਸੀਂ ਤੁਹਾਨੂੰ ਤਾਕੀਦ ਕਰਦੇ ਹਾਂ ਕਿ ਭਾਰਤੀ ਲੋਕਾਂ ਨੂੰ ਆਨੰਦ ਅਤੇ ਜਿਸ ਵਲੋਂ ਬਣਾਈ ਇਹ ਫਿਲਮ ਦੇਖਣ ਦਿਤੀ ਜਾਵੇ ਤਾਂ ਕਿ ਉਹਨਾਂ ਨੂੰ ਪਤਾ ਲੱਗ ਸਕੇ ਕਿ ਅਸੀਂ ਕਿਸ ਤਰਾਂ ਇਸ ਮੁਲਕ ਵਿਚ ਰਹਿ ਰਹੇ ਹਾਂ ਅਤੇ ਕਿਸ ਤਰਾਂ ਆਪਦੀ ਜ਼ਿੰਦਗੀ ਸੁਧਾਰਨ ਲਈ ਘੋਲ ਲੜ੍ਹਦੇ ਹਾਂ।

ਧੰਨਵਾਦ ਸਹਿਤ।

ਹਰਿੰਦਰ ਮਾਹਲ
ਪ੍ਰਧਾਨ, ਇਪਾਨਾ

## 'ਵੀਡੀਓ ਗੇਮਾਂ' ਤੇ ਚੋਰੀ ਦੀ ਆਦਤ

ਕੈਲਗਰੀ : ਵੀਡੀਓ ਗੇਮਾਂ ਖੇਡਣ ਲਈ ਬੱਚਿਆਂ ਵਿਚ ਚੋਰੀ ਦੀ ਆਦਤ ਵਧ ਰਹੀ ਹੈ।

ਪੁਲੀਸ ਅਨੁਸਾਰ ਜਿਨ੍ਹਾਂ ਇਲਾਕਿਆਂ ਵਿਚ ਵੀਡੀਓ ਗੇਮਾਂ ਹਨ ਉਨ੍ਹਾਂ ਦੇ ਨੇੜੇ ਘਰਾਂ ਵਿਚ ਚੋਰੀ ਦੀਆਂ ਵਾਰਦਾਤਾਂ ਤਿੰਨ ਗੁਣਾਂ ਵਧ ਗਈਆਂ ਹਨ।

## ਫ਼ਖਰ ਜ਼ਮਾਨ ਨੂੰ ਇਆਪਾ ਐਵਾਰਡ



ਜਨਾਬ ਫ਼ਖ਼ਰ ਜ਼ਮਾਨ

ਅਮਰੀਕਾ ਦੀ ਨਿਯੂ ਯਾਰਕ ਸਟੇਟ ਦੇ ਸ਼ਹਿਰ ਬਫ਼ਲੋ ਵਿਖੇ ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਪੰਜਾਬੀ ਆਥਰਜ਼ ਐਂਡ ਆਰਟਿਸਟਸ ਇਨਕਾਰਪੋਰੇਟਿਡ(ਕੈਨੇਡਾ) ਵਲੋਂ ਪਾਕਿਸਤਾਨ ਦੇ ਪ੍ਰਸਿਧ ਪੰਜਾਬੀ ਅਦੀਬ ਫ਼ਖਰ ਜ਼ਮਾਨ ਨੂੰ ਸਨਮਾਨਤ ਕਰਨ ਲਈ ਇਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਬਫ਼ਲੋ ਦੇ ਮੈਂਟਲ ਹੈਲਥ ਐਡਮਨਿਸਟ੍ਰੇਟਰ ਜਨਾਬ ਮੁਸ਼ਤਾਕ ਅਹਿਮਦ ਬੱਟ, ਜੋ ਕਿ ਉਰਦੂ ਦੇ ਪੰਜਾਬੀ ਦੇ ਪ੍ਰਸਿਧ ਅਦੀਬ ਵੀ ਹਨ, ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਇਆਪਾ ਦੇ ਪ੍ਰਧਾਨ ਸ੍ਰੀ ਰਵਿੰਦਰ ਰਵੀ ਵਲੋਂ ਜਨਾਬ ਮੁਸ਼ਤਾਕ ਅਹਿਮਦ ਬੱਟ ਨੇ ਪ੍ਰੋ: ਪਿਆਰਾ ਸਿੰਘ ਗਿੱਲ ਤੇ ਕਰਮ ਸਿੰਘ ਸੰਧੂ ਮੈਮੋਰੀਅਲ ਅੰਤਰ ਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ ਐਵਾਰਡ ਨਾਲ ਫ਼ਖਰ ਜ਼ਮਾਨ ਦਾ ਸਨਮਾਨ ਕਰਦਿਆਂ ਉਸਨੂੰ 500 ਡਾਲਰ ਦਾ ਡਰਾਫਟ, ਸਿਰੋਪਾ, ਪਲੈਕ ਅਤੇ ਐਵਾਰਡ-ਸਰਟੀਫਿਕੇਟ ਭੇਟ ਕੀਤੇ।

ਫ਼ਖਰ ਜ਼ਮਾਨ ਦੇ ਲਾ-ਕਾਲਜ ਦੇ ਹਮਜਮਾਤੀ ਜਨਾਬ ਮੁਸਤਫਾ ਚੌਧਰੀ ਨੇ ਸਰੋਤਿਆ ਨਾਲ ਫ਼ਖਰ ਜ਼ਮਾਨ ਤੇ ਉਸ ਦੀਆਂ ਅਦਬੀ ਖਿਦਮਤ ਦਾ ਪਰਿਚਯ ਕਰਵਾਇਆ।

ਇਸ ਮਸਾਗਮ ਵਿਚ ਡਾ: ਫਰੇਂਕ ਲੈਨੀ, ਡਾ: ਐਰਲ ਪਾਈਨਜ਼, ਡਾ: ਐਸਥਰ ਸਮਿਥ, ਡਾ: ਮੁਹੰਮਦ ਖਾਨ, ਡਾ: ਨਿਜ਼ਾਮੁਦੀਨ ਡਾ: ਫਸੀਹਉਦੀਨ ਅਹਿਮਦ, ਡਾਕਟਰ(ਮਿਸਿਜ਼) ਨਾਗਮਾਨਾ, ਡਾ: ਹੱਕ, ਡਾ: ਕਾਂਗ, ਡਾ: ਗੁਲ੍ਹਾਟੀਆਂ, ਜਾਵੇਂਦ ਸ਼ੇਖ, ਚੌਧਰੀ ਅੱਲਾ ਬਖਸ਼, ਸ਼ਫੀਕ ਅਹਿਮਦ, ਜ਼ੁਲਿਫਕਾਰ ਅਲ੍ਹੀ ਹੈਦਰ ਸ਼ਾਹ, ਆਮੰਰ ਬੱਟ, ਮਿਸਿਜ਼ ਸ਼ਮੀਮ ਬੱਟ, ਮਿਸਿਮ ਸ਼ਫਕ ਬੱਟ, ਸ੍ਰੀਮਤੀ ਕੈਥੀ ਲੈਨੀ, ਤੇ ਸ੍ਰੀਮਤੀ ਸਾਰਾ ਪਾਈਨਜ਼ ਆਦਿ ਤੋਂ ਬਿਨਾ ਅਮਰੀਕਾ, ਭਾਰਤ ਅਤੇ ਪਾਕਿਸਤਾਨ ਦੇ ਹੋਰ ਬਹੁਤ ਸਾਰੇ ਸਥਾਨਕ ਪਤਵੰਤੇ ਹਾਜ਼ਰ ਸਨ।

ਫ਼ਖਰ ਜ਼ਮਾਨ ਨੂੰ ਇਹ ਐਵਾਰਡ, ਪੰਜਾਬੀ ਬੋਲੀ,ਸਾਹਿਤ, ਸਭਿਆਚਾਰ, ਤੇ ਪੱਤਰਕਾਰੀ ਦੀਆਂ ਨੁਮਾਂਇਆਂ ਖਿਦਮਤ ਸਰਅੰਜ਼ਾਮ ਦੇਣ ਕਰਕੇ ਅਤੇ ਵਿਸ਼ੇਸ਼ ਤੌਰ ਤੇ 1981 ਵਿਚ ਭਾਰਤ ਵਿਚ ਪਹਿਲੀ ਵਾਰੀ ਗੁਰਮੁਖੀ ਅੱਖਰਾਂ ਵਿਚ ਛਪੇ ਉਸਦੇ ਆਧੁਨਿਕ ਕਲਾਸਿਕ ਨਾਵਲ "ਬੰਦੀਵਾਨ" ਲਈ ਦਿਤਾ ਗਿਆ ਹੈ।

ਇਹ ਐਵਾਰਡ ਰਵਿੰਦਰ ਰਵੀ ਨੇ ਆਪਣੇ ਸਵਰਗੀ ਪਿਤਾ ਅਤੇ ਸ੍ਰੀਮਤੀ ਬਿਕਰਮਜੀਤ ਕੌਰ ਸੰਧੂ ਨੇ ਆਪਣੇ ਸਵਰਗੀ ਪਤੀ ਦੀ ਯਾਦ ਵਿਚ ਸ਼ੁਰੂ ਕੀਤਾ ਹੈ।

ਇਆਪਾ ਅੰਤਰ ਰਾਸ਼ਟਰੀ ਪੱਧਰ ਤੇ ਕੈਨੇਡਾ ਵਿਚ ਸਥਾਪਤ ਪਹਿਲੀ ਸੰਸਥਾ ਹੈ, ਜਿਸਨੇ ਅੰਤਰ ਰਾਸ਼ਟਰੀ ਸਨਮਾਨ ਦੇਣ ਦਾ ਮੁੱਢ ਬੰਨਿਆਂ। ਇਆਪਾ ਵਲੋਂ ਹੁਣ ਤਕ ਸੰਤ ਸਿੰਘ ਸੇਖੋਂ, ਸੋਹਨ ਕਾਦਰੀ ਅਤੇ ਜੋਗਿੰਦਰ ਬਾਹਰਲਾ ਸਨਮਾਨੇ ਜਾ ਚੁੱਕੇ ਹਨ।

1981 ਵਿਚ ਇਆਪਾ ਨੇ ਹੀ 12 ਦੇਸ਼ਾਂ ਦੇ 100 ਲੇਖਕਾਂ ਦੇ ਸਾਹਿਤ ਨੂੰ "ਵਿਸ਼ਵ ਪੰਜਾਬੀ ਸਾਹਿਤ" ਨਾਮ ਦੀ 440 ਸਫ਼ੇ ਦੀ ਪੁਸਤਕ ਵਿਚ ਸੰਗ੍ਰਹਿ-ਬੱਧ ਕਰਕੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਨਵੇਂ ਕਾਂਡ ਦਾ ਆਰੰਭ ਕੀਤਾ। ਇਸ ਸਮੇਂ "ਵਿਸ਼ਵ ਪੰਜਾਬੀ ਕਵਿਤਾ" ਅਤੇ ਵਿਸ਼ਵ ਪੰਜਾਬੀ ਕਹਾਣੀ" ਨਾਮ ਦੇ ਦੋ ਹੋਰ ਸੰਗ੍ਰਹਿ ਤਿਆਰੀ ਅਧੀਨ ਹਨ।

ਸਾਲ 1982 ਲਈ ਇਆਪਾ ਦਾ ਐਵਾਰਡ ਜਿੱਤਣ ਵਾਲੇ ਸਾਹਿਤਕਾਰ ਦਾ ਨਾਮ ਐਲਾਨ ਛੇਤੀ ਹੀ ਕੀਤਾ ਜਾਵੇਗਾ।

ਗੁਰੂਮੇਲ(ਡਾ:)
—ਜਨਰਲ ਸਕੱਤਰ—

## ਸੋਵੀਅਤ ਲੋਕਾਂ ਦੇ ਜੀਵਨ ਪੱਧਰ 'ਚ ਤੇਜ਼ ਪ੍ਰਗਤੀ

ਵਾਸ਼ਿੰਗਟਨ—ਅਮਰੀਕੀ ਖੁਫੀਆਂ ਏਜੰਸੀ ਸੀ. ਆਈ. ਏ. ਨੇ ਵੀ ਇਹ ਸਵੀਕਾਰ ਕੀਤਾ ਹੈ ਕਿ ਪਿਛਲੇ 30 ਸਾਲਾਂ ਵਿਜ ਸੋਵੀਅਤ ਲੋਕਾਂ ਦਾ ਜੀਵਨ ਪੱਧਰ ਬੜੀ ਤੇਜ਼ੀ ਨਾਲ ਉਚਾ ਹੋਇਆ ਹੈ। ਸੀ. ਆਈ. ਏ. ਨੇ ਕਿਹਾ ਕਿ ਇਸ ਵੇਲੇ ਸੋਵੀਅਤ ਲੋਕ ਬੜੀ ਅੱਛੀ ਖੁਰਾਕ ਖਾਂਦੇ ਹਨ ਤੇ ਵਧੇਰੇ ਗਿਣਤੀ ਵਿਚ ਟੈਲੀਵੀਯਨ ਵੀ ਦੇਖਦੇ ਹਨ।

## ਔਰਤਾਂ ਨੂੰ ਕੁੱਟਣ ਵਾਲੇ ਪਤੀਆਂ ਨੂੰ ਸਜ਼ਾਵਾਂ ਦੇਣੀਆਂ ਜਰੂਰੀ ਹਨ

ਟਰਾਂਟੋ: ਸਰਕਾਰਾਂ ਅਤੇ ਸੁਸਾਇਟੀ ਨੂੰ ਚਾਹੀਦਾ ਹੈ ਕਿ ਔਰਤਾਂ ਨੂੰ ਕੁਟਾਪੇ ਦਾ ਸ਼ਿਕਾਰ ਹੋਣ ਤੋਂ ਬਚਾਇਆ ਜਾਵੇ। ਇਸ ਹਿੰਸਕ ਕਾਰਵਾਈ ਲਈ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

ਓਨਟੇਰੀਓ ਲੈਜਿਸਲੇਚਰ ਵਿਚ ਇਹ ਗੱਲ ਸਾਹਮਣੇ ਆਈ ਕਿ ਹਰ ਦਸ ਕੈਨੇਡੀਅਨ ਔਰਤਾਂ ਵਿਚੋਂ ਇਕ ਔਰਤ ਅਜਿਹੀ ਹਿੰਸਾ ਦੀ ਸ਼ਿਕਾਰ ਹੈ। ।

ਸਮਾਜਕ ਉਸਾਰੀ ਬਾਰੇ ਸਟੈਂਡਿੰਗ ਕਮੇਟੀ ਨੇ ਆਪਣੀ ਰੀਪੋਰਟ ਵਿਚ 45 ਸਫਾਰਸ਼ਾਂ ਕੀਤੀਆਂ ਹਨ ਕਿ ਇਸ ਸਥਿਤੀ ਨੂੰ ਸੁਧਾਰਨ ਲਈ ਕਦਮ ਚੁਕੇ ਜਾਣ।

ਕਮੇਟੀ ਦੀਆਂ ਸਿਫਾਰਸ਼ਾਂ ਵਿਚ ਇਹ ਵੀ ਸ਼ਾਮਲ ਹੈ ਕਿ ਕੁਟਾਪੇ ਦਾ ਸ਼ਿਕਾਰ ਔਰਤਾਂ ਉਤੇ ਜ਼ੁਲਮ ਢਾਉਣ ਵਾਲੇ ਦੋਸ਼ੀਆਂ ਨੂੰ ਪੁਲਸ ਚਾਰਜ ਕਰੇ, ਫੈਡਰਲ ਤੇ ਸੂਬਾ ਸਰਕਾਰਾਂ ਅਜਿਹੀ ਕਾਨਫਰੰਸ ਵਿਚ ਸ਼ਾਮਲ ਹੋਣ ਜਿਨ੍ਹਾਂ ਵਿਚ ਹਿਰਾਸਤ ਲੇ ਗਏ ਮੁਲਜ਼ਮਾਂ ਨੂੰ ਛੱਡਣ ਬਾਰੇ ਸ਼ਰਤਾਂ ਹੋਣ, ਕੌਮੀ ਕੰਪਿਊਟਰ ਸਿਸਟਮ ਹੋਵੇ ਜਿਥੇ ਕਚਹਿਰੀ ਆਰਡਰਾਂ ਦਾ ਰੀਕਾਰਡ ਹੋਵੇ ਤੇ ਦੋਸ਼ੀਆਂ ਨੂੰ ਇਕ ਸਾਰ ਸਜ਼ਾਵਾਂ ਬਾਰੇ ਸਿਸਟਮ ਲਾਗੂ ਕੀਤਾ ਜਾਵੇ।

ਇਨ੍ਹਾਂ ਵਿਚ ਇਹ ਵੀ ਸਿਫਾਰਸ਼ ਹੈ ਕਿ ਟਰਾਂਜੀਸ਼ਨ ਘਰਾਂ ਲਈ ਫੰਡ ਮੁਹੱਈਆਂ ਕੀਤੇ ਜਾਣ। ਕਿਰਾਏ ਦੇ ਘਰ ਦੇਣ ਸਮੇਂ ਅਜਿਹੀਆਂ ਔਰਤਾਂ ਨੂੰ ਤਰਜੀਹ ਦਿਤੀ ਜਾਵੇ।

ਰੀਪੋਰਟ ਵਿਚ ਕਿਹਾ ਗਿਆ ਹੈ ਕਿ ਦਿਮਾਗੀ ਬੀਮਾਰੀ ਜਾ ਸ਼ਰਾਬ ਇਸ ਦਾ ਕਾਰਨ ਨਹੀਂ ਅਤੇ ਨਾਹੀ ਇਹ ਸਮੱਸਿਆਂ ਕਿਸੇ ਐਥਨਿਕ ਗਰੁੱਪ ਜਾਂ ਸੰਸਕ੍ਰਿਤਕ ਗਰੁੱਪ ਤੱਕ ਸੀਮਤ ਹੈ।

## ਸਾਹਿਬ ਜ਼ੋਰਾਵਰ ਸਿੰਘ, ਸਾਹਿਬ ਫਤਿਹ ਸਿੰਘ ਟੈਂਪਲ ਫੋਰਟ ਸੇਂਟ ਜੇਮਜ ਦੀ ਕਮੇਟੀ ਦੀ ਚੋਣ

ਸੇਵਾ ਵਿਖੇ ਐਡੀਟਰ ਸਾਹਿਬ ਜੀਓ,

ਸਤਿ ਸ੍ਰੀ ਅਕਾਲ।

ਅਸੀਂ ਆਪ ਜੀ ਨੂੰ ਇਸ ਖਤ ਦੁਆਰਾ ਸੂਚਿਤ ਕਰਦੇ ਹਾਂ ਕਿ ਸਾਹਿਬ ਜ਼ੋਰਾਵਰ ਸਿੰਘ ਸਾਹਿਬ ਫਤਿਹ ਸਿੰਘ ਗੁਰ ਸਿਖ ਟੈਂਪਲ ਸੁਸਾਇਟੀ ਦੀ ਸਾਲ 1983 ਲਈ ਕਮੇਟੀ ਦੀ ਚੋਣ ਹੋਈ ਜਿਸ ਵਿਚ ਹੇਠ ਲਿਖੇ ਸੇਵਾਦਾਰ ਸਰਬ ਸੰਮਤੀ ਨਾਲ ਚੁਣੇ ਗਏ। ਇਹ ਨਾਮ ਆਉਣ ਵਾਲੇ ਪੇਪਰ ਵਿਚ ਛਾਪ ਦੇਣੇ। ਆਪਜੀ ਦੇ ਅਤੀ ਧੰਨਵਾਦੀ ਹੋਵਾਂਗੇ।

| | |
|---|---|
| ਸਵਿੰਦਰਪਾਲ ਸਿੰਘ ਉਪਲ | ਪ੍ਰਧਾਨ |
| ਜਸਵੰਤ ਸਿੰਘ ਬਸਰਾ | ਮੀਤ-ਪ੍ਰਧਾਨ |
| ਜੋਗਿੰਦਰ ਸਿੰਘ ਉਪਲ | ਸਕੱਤਰ |
| ਜਿੰਦਰ ਸਿੰਘ ਮਾਨ | ਮੀਤ-ਸਕੱਤਰ |
| ਗੁਰਮੇਲ ਸਿੰਘ ਜੋਹਲ | ਖਜ਼ਾਨਚੀ |
| ਸੰਤੋਖ ਸਿੰਘ ਦੋਸਾਂਝ | ਮੀਤ-ਖਜ਼ਾਨਚੀ |
| ਰਵਿੰਦਰ ਸਿੰਘ ਪੁਰੇਵਾਲ | ਮੈਂਬਰ |
| ਦੀਦਾਰ ਸਿੰਘ ਗਰਚਾ | " |
| ਮੰਗਲ ਸਿੰਘ ਗਿੱਲ | " |
| ਸਵਰਨ ਸਿੰਘ ਧਾਲੀਵਾਲ | " |
| ਸਿੰਦਰ ਸਿੰਘ ਸੰਘਾ | " |

ਸੰਗਤਾਂ ਦੇ ਦਾਸ

ਜੋਗਿੰਦਰ ਸਿੰਘ ਉਪਲ

ਡਿਕਸ਼ਨਰੀਆਂ, ਯੰਤਰੀਆਂ, ਸੋਵੀਅਤ ਪੁਸਤਕਾਂ, ਬੱਚਿਆਂ ਲਈ ਤਸਵੀਰਾਂ ਵਾਲੀਆਂ ਪੰਜਾਬੀ ਵਿਚ ਕਿਤਾਬਾਂ ਖਰੀਦਣ ਲਈ ਪਹੁੰਚੋ
ਏਸ਼ੀਆ ਬੁੱਕ ਕੰਪਨੀ ਵੈਨਕੂਵਰ
ਫੋਨ : 324-6111



S & S INSURANCE
6679, Main St.(2nd Floor)
At 51st. Ave.
VANCOUVER, B.C.
ਦਲਜੀਤ ਸਿੱਧੂ 324-2311
ਪੰਜਾਬੀ ਮਾਰਕਿਟ ਵਿਚ
S & S INSURANCE
ਜੇ ਤਹਾਡੀਆਂ ਕਾਰਾਂ ਦੀ ਇੰਨਸ਼ੋਰੈਂਸ ਖਤਮ ਹੋਣ ਵਾਲੀ ਹੈ
ਹੁਣੇ ਮਿਲੋ
ਜਿਥੇ ਤੁਹਾਨੂੰ ਦੋਸਤੀ ਭਰਿਆ ਮਾਹੌਲ ਮਿਲੇਗਾ
Autoplan
ਹਰਦੇਵ ਗਿੱਲ 590-2058



# ਕੈਨੇਡਾ ਵਿਚ ਇਕ ਪੰਜਾਬੀ ਲੇਖਕ ਦੀ ਕਿਰਤ ਕੌਡੀਆਂ ਤੋਂ ਵੀ ਸਸਤੀ

**ਸੁਰਜੀਤ ਸਿੰਘ ਸੰਧੂ**
**ਰਿਚਮੰਡ, ਬੀ. ਸੀ.**

ਅੱਜ ਜੇ ਕੋਈ ਦਵਾਨੀ ਦਾ ਲਫੰਗਾ ਦੇਸ਼ੋਂ ਆਕੇ ਕਿਸੇ ਕੁਰਦੁਆਰੇ ਵਿਚ ਅੱਧ-ਮੀਟੀਆ ਅੱਖਾਂ ਕਰਕੇ ਇਹ ਦਾਅਵਾ ਕਰ ਦੇਵੇ ਕਿ ਉਸਦੇ ਹੱਥ ਵਿਚ ਗੁਰੂ ਨਾਨਕ ਦੇਵ ਜੀ ਦੀ ਫੋਟੋ ਦਿਸਦੀ ਹੈ, ਭਾਵੇਂ ਉਸਨੂੰ ਪੂਰੀ ਪੰਜਾਬੀ ਬੋਲਣੀ ਵੀ ਨਾ ਆਉਂਦੀ ਹੋਵੇ, ਤਾਂ ਉਹ ਕੁਛ ਗਿਣਤੀ ਦੇ ਦਿਨਾਂ ਵਿਚ ਹੀ ਲੱਖਾਂ ਡਾਲਿਆਂ ਨਾਲ ਆਪਣੇ ਚੋਲੇ ਦੀਆਂ ਜੇਬਾਂ ਭਰਕੇ ਦੇਸ਼ ਨੂੰ ਲੈਜਾ ਸਕਦਾ ਹੈ। ਜਾਂ ਕੋਈ ਸੰਤ ਰੂਪ ਬਣਾ ਕੇ ਆਪਣੇ ਨਾਲ ਚਾਰ ਪਖੰਡੀ ਚੇਲੇ ਬਾਲੇ ਲੈ ਕੇ ਸਰਬ ਸ਼ਕਤੀ ਮਾਨ ਹੋਣ ਦਾ ਢੰਡੋਰਾ ਪਿਟ ਦੇਵੇ ਤਾਂ ਉਸਦਾ ਲੱਖਾਂ ਪਤੀ ਹੋ ਜਾਣਾ ਤਾਂ ਇਕ ਪਾਸੇ ਰਿਹਾ ਲੋਕੀ ਉਸਦੀ ਜੂਠ ਖਾਣ ਨੂੰ ਉਤਾਵਲੇ ਹੋ ਜਾਣਗੇ ਅਤੇ ਉਸਦੇ ਇਸ਼ਨਾਨ ਕੀਤੇ ਹੋਏ ਪਾਣੀ ਦੀਆਂ ਬੋਤਲਾਂ ਭਰ ਕੇ ਘਰ ਨੂੰ ਲੈ ਜਾਣਗੇ। ਆਪਣੇ ਬੜੇ ਧੰਨਭਾਗ ਸਮਝਣਗੇ।

ਦੂਜੇ ਪਾਸੇ ਜੇ ਕੋਈ ਸੂਝਵਾਨ ਸਖਸ਼ੀਅਤ ਰਾਤ ਦਿਨ ਸਾਡੇ ਇਤਿਹਾਸ ਦੀ ਖੋਜ ਕਰਕੇ ਸਾਡੇ ਸਾਹਮਣੇ ਸਾਡੇ ਬਜ਼ੁਰਗਾਂ ਦੀਆਂ ਘਾਲਣਾਂ ਦਾ ਇਤਿਹਾਸ ਇਕ ਲਿਖਤ ਵਿਚ ਸਾਨੂੰ ਪੇਸ਼ ਕਰਦਾ ਹੈ ਤਾਂ ਉਸਦੀਆਂ ਲਿਖਤਾਂ ਦੇ ਪਤਰੇ ਉਸਦੀਆਂ ਅਲਮਾਰੀਆਂ ਵਿਚ ਹੀ ਪੀਲੇ ਤੇ ਖੱਦੇ ਹੋ ਜਾਂਦੇ ਹਨ।

ਇਹ ਗੱਲ ਸਾਡੇ ਵਿਚ ਰਹਿ ਰਹੇ ਕੇਸਰ ਸਿੰਘ 'ਨਾਵਲਿਸਟ' ਨਾਲ ਬਿਲਕੁਲ ਢੁਕਦੀ ਹੈ। ਮੈਂ ਇਹ ਸੁਣਕੇ ਹੈਰਾਨ ਹੋਇਆ ਕਿ ਅੱਜ ਤੋਂ ਕੁਛ ਸਾਲ ਪਹਿਲਾਂ ਉਹਨਾਂ ਨੇ ਸ਼ਹੀਦ ਮੇਵਾ ਸਿੰਘ ਜੀ ਤੇ ਇਕ ਨਾਵਲ ਲਿਖਿਆ ਜੋ ਕਿ ਸਾਰੇ ਇਕ ਹਜ਼ਾਰ ਦੀ ਗਿਣਤੀ ਵਿਚ ਛਪੇ ਸਨ, ਪਰ ਉਸ ਇਕ ਹਜ਼ਾਰ ਕਾਪੀ ਵਿਚੋਂ ਅਜੇ ਵੀ ਦੋ ਸੌ ਕਾਪੀ ਉਹਨਾ ਪਾਸ ਪਈ ਹੋਈ ਹੈ। ਇਹ ਹੈ ਸਾਡੇ ਦਿਲਾਂ ਵਿਚ ਸਾਡੇ ਕਲਾਕਾਰਾਂ ਦੀ ਕਦਰ, ਔਰ ਇਹ ਹੈ ਉਸ ਸ਼ਹੀਦ ਦੀ ਸਾਡੇ ਦਿਲਾਂ ਵਿਚ ਸ਼ਰਧਾਂ। ਸਿਰਫ ਸਾਲ 'ਚ ਇਕ ਵਾਰ ਉਸਦੀ ਯਾਦ ਵਿਚ ਗੁਰਦੁਆਰੇ ਇਕੱਠੇ ਹੋਕੇ ਅਰਦਾਸ ਵਿਚ ਸ਼ਾਮਲ ਹੋ ਜਾਣਾ ਹੀ ਕਾਫੀ ਸਮਝਦੇ ਹਾਂ। ਚੰਗਾ ਹੋਵੇ ਜੇਕਰ ਉਹ ਸ਼ਰਧਾਲੂ ਸੇਵਾਦਾਰ ਜਿਹੜੇ ਕਿ ਧਾਰਮਿਕ ਪੁਸਤਕਾਂ ਮੁਫਤ ਵੰਡਣ ਦੀ ਸੇਵਾ ਕਰੇ ਰਹੇ, ਗੁਰਦੁਆਰਿਆਂ ਵਿਚ ਕੀਰਤਨ ਦੀਆਂ ਭਰੀਆਂ ਹੋਈਆਂ ਟੇਪਾਂ ਵੇਚਣ ਦੇ ਨਾਲ ਨਾਲ ਇਸ ਤਰਾਂ ਦੀਆਂ ਪੁਸਤਕਾਂ ਨੂੰ ਵੀ ਲੋਕਾਂ ਤਕ ਪਹੁੰਚਾਉਣ ਦਾ ਉਪਰਾਲਾ ਕਰ ਦੇਣ ਤਾਂ ਉਹ ਨਿਰੀ ਪੁਰੀ ਸਾਡੇ ਕਲਾਕਾਰਾਂ ਦੀ ਹੀ ਹੌਸਲਾ ਅਫਜ਼ਾਈ ਨਹੀਂ ਕਰ ਰਹੇ ਹੋਣਗੇ ਸਗੋਂ ਆਪਣੇ ਲੋਕਾਂ ਦੀ ਸੂਝ ਵਧਾਉਣ ਵਿਚ ਵੀ ਬੜਾ ਵੱਡਾ ਹਿੱਸਾ ਪਾ ਰਹੇ ਹੋਣਗੇ। ਆਸ ਹੈ ਕਿ ਇਹ ਸ਼ਰਧਾਲੂ ਸੱਜਣ ਇਸ ਗੱਲ ਵੱਲ ਜ਼ਰੂਰ ਧਿਆਨ ਦੇਣਗੇ।

# ਗੁਰਦੁਆਰਾ ਸਾਹਿਬ ਐਬਸਫੋਰਡ ਦੇ ਉਦਘਾਟਨ ਸਮੇਂ ਹਜ਼ਾਰਾਂ ਸੰਗਤਾਂ ਸ਼ਾਮਲ

ਐਬਸਫੋਰਡ : ਨਵੇਂ ਸਾਲ ਤੇ ਨਵੇਂ ਗੁਰੂ ਘਰ ਦਾ ਉਦਘਾਟਨ ਐਬਸਫੋਰਡ ਤੇ ਆਲੇ ਦੁਆਲੇ ਦੇ ਸ਼ਹਿਰਾਂ ਦੀਆਂ ਸੰਗਤਾਂ ਲਈ ਇਕੋ ਵਿਸ਼ੇਸ਼ ਦਿਨ ਸੀ।

ਪਹਿਲੀ ਜਨਵਰੀ, 1983 ਨੂੰ ਪੰਜਾਂ ਪਿਆਰਿਆਂ ਦੀ ਹਜ਼ੂਰੀ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦੀ ਸਵਾਰੀ ਪੁਰਾਣੇ ਗੁਰੂ ਘਰ ਤੋਂ ਨਵੇਂ ਗੁਰੂ ਘਰ ਪਹੁੰਚੀ। ਉਦਘਾਟਨ ਦੀ ਰਸਮ ਸਮੇਂ ਹਜ਼ਾਰਾਂ ਸੰਗਤਾਂ ਨਾਲ ਅਲੈਕਸ ਪੀਟਰਸਨ ਮੈਂਬਰ ਪਾਰਲੀਮੈਂਟ, ਮਟਸਕੁਈ ਦੇ ਮੇਅਰ ਹੈਰੀ ਡੀਜੋਂਗ, ਐਬਸਫੋਰਡ ਦੇ ਮੇਅਰ ਜਾਰਜ ਫਰਗੁਸਨ, ਮਿਸ਼ਨ ਦੇ ਮੇਅਰ ਜੌਹਨ ਐਗਨਿਊ ਆਦਿ ਸ਼ਾਮਲ ਸਨ।

ਮਿਸਟਰ ਪੀਟਰਸਨ ਨੇ ਸਮੁੱਚੀ ਕੌਮ ਨੂੰ ਕੈਨੇਡਾ ਦੀ ਉਸਾਰੀ ਵਿਚ ਹਿਸਾ ਪਾਉਣ ਲਈ ਵਧਾਈ ਦਿਤੀ ਤੇ ਕਿਹਾ ਕਿ ਸੰਸਕਿਰਤਕ ਉਸਾਰੀ ਹੀ ਆਰਿਥਕਤਾ ਦੀ ਬੁਨਿਆਦ ਹੈ।

ਐਬਸਫੋਰਡ ਦੇ ਮੇਅਰ ਜੌਰਜ ਫਰਗੁਸਨ ਨੇ ਦੱਸਿਆ ਕਿ 1912 ਵਿਚ ਪਹਿਲੇ ਸਿਖ ਐਬਸਫੋਰਡ ਵਿਚ ਆਏ। ਉਹਨਾਂ ਨੇ ਪੁਰਾਣਾ ਇਤਿਹਾਸ ਦੁਹਰਾਇਆ ਤੇ ਕਿਹਾ ਕਿ ਐਬਸਫੋਰਡ ਦੀ ਤਰੱਕੀ ਲਈ ਪੰਜਾਬੀਆਂ ਦਾ ਖਾਸ ਹਿਸਾ ਹੈ।

ਬਿਲਡਿੰਗ ਕਮੇਟੀ ਦੇ ਪਰਧਾਨ ਭਾਈ ਦਰਸ਼ਨ ਸਿੰਘ ਮਾਹਲ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਦਾ ਰਕਬਾ 26000 ਵਰਗ ਫੁੱਟ ਹੈ ਜਿਸ ਵਿਚ ਸਕੂਲ, ਲਾਇਬਰੇਰੀ ਤੇ ਰਹਾਇਸ਼ ਲਈ ਜਗ੍ਹਾ ਹੈ।

# ਦੀਵਾਨ ਸੁਸਾਇਟੀ ਪੋਰਟ ਅਲਬਰਨੀ ਦੀ ਚੋਣ

ਦੀਵਾਨ ਸੁਸਾਇਟੀ, ਪੋਰਟ ਅਲਬਰਨੀ, ਬੀ. ਸੀ. ਦੇ ਪਰਬੰਧਕਾਂ ਦੀ ਚੋਣ 9 ਜਨਵਰੀ 1983 ਨੂੰ ਸਰਬ ਸੰਮਤੀ ਨਾਲ ਹੋਈ। ਚੁਣੇ ਹੋਏ ਪਰਬੰਧਕਾਂ ਨੇ ਵਿਸ਼ਵਾਸ਼ ਦੁਆਇਆ ਕਿ ਉਹ ਸੰਗਤਾਂ ਦੇ ਸਹਿਯੋਗ, ਆਸ਼ੇ ਅਥਵਾ ਗੁਰਮਤ ਅਨੁਸਾਰ ਸੇਵਾ ਕਰਨਗੇ। ਅਤੇ ਸੰਗਤਾਂ ਵਿਚ ਏਕਤਾ ਨੂੰ ਸਦੀਵੀ ਬਣਾਉਣ ਵਿਚ ਉਪਰਾਲੇ ਕਰਦੇ ਰਹਿਣਗੇ।

ਪ੍ਰਬੰਧਕਾਂ ਦੇ ਨਾਮ ਇਸ ਪ੍ਰਕਾਰ ਹਨ —

| | |
|---|---|
| ਬਲਵਿੰਦਰ ਸਿੰਘ ਗਿੱਲ | ਪ੍ਰਧਾਨ |
| ਹਰੀ ਸਿੰਘ ਗਿੱਲ | ਮੀਤ-ਪ੍ਰਧਾਨ |
| ਬਸੰਤ ਸਿੰਘ ਮੁਖਿਜਾ | ਸਕੱਤਰ |
| ਪਰਸ਼ੋਤਮ ਲਾਲ ਸ਼ਰਮਾਂ | ਮੀਤ-ਸਕੱਤਰ |
| ਗੋਬਿੰਦ ਸਿੰਘ ਕੋਂਥ | ਖਜ਼ਾਨਚੀ |

# ਦਿਲ ਦਰਿਆ

(ਦਰਸ਼ਨ ਗਿੱਲ ਤੇ ਚਰਨਜੀਤ ਨੂੰ, ਕਾਕੇ ਰਮਿੰਦਰ ਦੇ ਜਨਮ ਦਿਨ ਤੇ)

ਦੋ ਦਰਿਆ, ਦੋ ਧਰਤੀਆਂ
ਇਕ ਪਵਨ, ਇਕ ਸਾਹ
ਇਕੋ ਰਾਹ !

ਇਕੋ ਰੁਖ ਦਾ ਬੀਜ,
ਰਲ ਮਿਲ ਖੇੜੇ ਖੇਡਣ,
ਭੂਤ, ਭਵਿਖਤ, ਭਵਾਨ !

ਸਵਰਗਾ ਤੇਰੀ ਰੂਹ ਸ਼ਾਂਤੀ,
ਦੁਨੀਆਂ ਤੇਰਾ ਦੀਨ ਤਿਹਾਇਆ !
ਤੇਰੇ ਦਰ ਮਨੁੱਖ ਨੂੰ ਵੇਖਣ
ਰਾਮ ਸੰਗ ਸੰਗ ਇੰਦਰ ਆਇਆ !

ਦੀਨ ਅਤੇ ਦੁਨੀ ਵਿਚ ਬੱਝਾ,
ਪੁਤਰ, ਧੀ, ਪੁਤਰ ਵਿਚ ਰੁੱਝਾ,
ਆਪਣਾ ਬਚਪਨ ਖੇਡ ਮਾਣ ਤੂੰ,
ਸਭ ਦਾ ਖੇੜਾ ਜੋਬਨ ਪਾਲ !
ਮੁਕਤ ਹੋਵੇ ਜੰਜਾਲ !

ਬਾਹਰ ਵੱਲ ਨੂੰ ਤਿੰਨ ਰਸਤੇ ਹਨ,
ਅੰਦਰ ਵੱਲ ਨੂੰ ਇਕ !
ਪਲ ਪਲ ਕਿਧਰ ਖਿਚੀ ਜਾਵੇਂ,
ਆਪਣੇ ਹੀ ਦਿਲ ਦੀ ਟਿਕ ਟਿਕ !

ਤੇ ਮੈਂ ਆਖਾਂ :
ਸਾਗਰ ਹੀ ਬੱਦਲ ਬਣ ਉੱਡੇ,
ਇਕ ਰੂਪ ਤੇ ਇਕ ਰਸਤਾ —
ਸਾਗਰ, ਸੋਮਾ ਤੇ ਦਰਿਆ !
ਦਿਲ ਦੀ ਗੱਲ ਨਾ ਦਿਲ ਨੂੰ ਲਾ —
ਹੁਣ ਸਗਲੀ ਦਿਲਗੀਰੀ ਲਾਹ !
ਮੁਸਕਰਾ !

**ਰਵਿੰਦਰ ਰਵੀ**

### ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ

# ਗੁਲਜ਼ਾਰ ਸਿੰਘ ਸੰਧੂ

ਇਸ ਵਾਰ ਭਾਰਤੀ ਸਾਹਿਤ ਅਕਾਦਮੀ ਦੇ ਪੁਰਸਕਾਰਾਂ ਲਈ ਚੁਣੇ ਸਾਹਿਤਕਾਰਾਂ ਵਿਚੋਂ ਪੰਜਾਬੀ ਵਿਚ ਗੁਲਜ਼ਾਰ ਸਿੰਘ ਸੰਧੂ ਦਾ ਨਾਂਅ ਚੁਣਿਆ ਗਿਆ ਹੈ। ਇਹ ਪੁਰਸਕਾਰ ਉਸਨੂੰ ਉਸਦੇ ਕੁਝ ਸਮਾਂ ਪਹਿਲਾਂ ਛਪੇ ਕਹਾਣੀ ਸੰਗ੍ਰਹਿ 'ਅਮਰ-ਕਥਾ' ਲਈ ਮਿਲਿਆ ਹੈ।

.....ਪੁਰਸਕਾਰ ਦਾ ਐਲਾਨ ਹੁੰਦਿਆਂ ਹੀ ਜਿਵੇਂ ਪੰਜਾਬੀ ਵਾਤਾਵਰਣ ਨੂੰ ਗੁਲਜ਼ਾਰ ਸਿੰਘ ਸੰਧੂ ਦਾ ਨਾਂਅ ਫੇਰ ਚੇਤੇ ਆਇਆ ਹੋਵੇ, ਕੁਝ ਸਾਲ ਪਹਿਲਾਂ ਵਾਲਾ ਉਹੀ ਗੁਲਜ਼ਾਰ ਸਿੰਘ ਸੰਧੂ ਜਿਸ ਨੂੰ ਪੰਜਾਬੀ ਕਹਾਣੀ ਲਿਖਣ ਵਿਚ ਕੁਲਵੰਤ ਸਿੰਘ ਵਿਰਕ ਦਾ ਜਾਨਸ਼ੀਨ ਸਮਝਿਆ ਜਾਂਦਾ ਸੀ.....ਉਹੀ ਗੁਲਜ਼ਾਰ ਸਿੰਘ ਸੰਧੂ ਜਿਸਦੀ 'ਉਚੀ ਅੱਡੀ ਵਾਲੀ ਗੁਰਗਾਬੀ, ਹਰ ਪੰਜਾਬਣ ਦੇ ਪੈਰਾਂ ਨੂੰ ਹਲਕੀ ਹਲਕੀ ਲੱਗਣ ਲੱਗ ਪਈ ਸੀ-ਪਾਠ-ਕਰਮਾਂ ਵਿਚ ਪੜ੍ਹ ਜਾਂਦੀ ਉਸਦੀ ਇਹ ਕਹਾਣੀ...ਪਾਠ ਕਰਮ ਦਾ ਇਹ ਹਿਸਾ ਹੁੰਦੀ ਹੋਈ ਵੀ ਵਾਰ ਵਾਰ ਪੜ੍ਹੀ ਜਾਂਦੀ..ਤੇ ਵਾਰ ਵਾਰ ਇਸਨੂੰ ਪੜ੍ਹਨ ਲਈ ਜੀਅ ਕਰੀ ਜਾਂਦਾ...ਇਹ 'ਉਚੀ ਅੱਡੀ ਵਾਲੀ ਗੁਰਗਾਬੀ' ਹੌਲੀ ਹੌਲੀ ਏਨੀ ਉਚੀ ਹੋ ਗਈ ਹੈ ਕਿ 'ਅਮਰ ਕਥਾ' ਬਣ ਗਈ...

ਉਹਨਾਂ ਦਿਨਾਂ ਵਿਚ ਗੁਲਜ਼ਾਰ ਸਿੰਘ ਸੰਧੂ ਲੁਧਿਆਣਾ ਯੂਨੀਵਰਸਿਟੀ ਵਿਚ ਨੌਕਰ ਸਨ—ਕਦੇ ਕਦੇ ਵੱਡੇ ਲੇਖਕਾਂ ਤੋਂ ਉਸਦੀਆਂ ਗੱਲਾਂ ਸੁਣਦੇ—ਇਹ ਗੱਲਾਂ ਕੁਲਵੰਤ ਸਿੰਘ ਵਿਰਕ ਦੀਆਂ 'ਮਸਾਲਾ ਲਾਊ' ਤੋਂ ਭਾਵੇਂ ਭਿੰਨ ਹੁੰਦੀਆਂ ਪਰ ਇਹਨਾਂ ਦੇ ਮੁਹਾਂਦਰੇ ਵਿਚੋਂ ਕੁਝ ਉਸਦੀ ਸਖਸ਼ੀਅਤ ਵਰਗਾ ਝਾਉਲਾ ਪੈਂਦਾ...ਤੇ ਉਹਦੀਆਂ ਕਹਾਣੀਆਂ ਦਾ ਮੁਹਾਂਦਰਾ ਵੀ ਵਿਰਕ ਦੀਆਂ ਕਹਾਣੀਆਂ ਦੇ ਮੁਹਾਂਦਰੇ ਨਾਲ ਮਿਲਦਾ ਜੁਲਦਾ ਜਾਪਦਾ—ਫੇਰ ਕਿਸੇ ਪੰਜਾਬੀ ਸਮੀਖਿਅਕ ਨੇ ਇਸ ਮੁਹਾਂਦਰੇ ਨੂੰ ਹੋਰ-ਉਘਾੜਦਿਆਂ ਹੋਇਆਂ ਸੰਧੂ ਨੂੰ ਵਿਰਕ ਦੇ ਜਾਨਸ਼ੀਨ ਵਜੋਂ ਪਛਾਣਿਆਂ... ...ਉਸਦੀ ਇਹ ਪਛਾਣ ਪਰਮਾਣਿਕ ਪਛਾਣ ਤਕ ਬਹੁਤ ਹੌਲੀ ਹੌਲੀ ਪਹੁੰਚੀ। ਗੁਲਜ਼ਾਰ ਸਿੰਘ ਸੰਧੂ ਦੀ ਕਹਾਣੀ-ਲੇਖਣ ਤੌਰ ਬੜੀ ਮਿਠੀ ਹੈ। ਉਹਦਾ ਇਹ ਮਿਠਾ ਪਣ ਪੰਜਾਬੀ ਪਾਠਕਾਂ ਦੇ ਕਾਹਲੇ ਸੁਭਾਅ ਨਾਲ ਮਿਲਕੇ ਨਾ ਤੁਰ ਸਕਣ ਦੀ ਕਾਂਪ ਖਾਂਦਾ ਰਿਹਾ ਜਾਪਦਾ ਹੈ—ਕਦੇ ਕਦੇ ਲਗਦਾ ਜਿਵੇਂ ਗੁਲਜ਼ਾਰ ਸਿੰਘ ਕਹਾਣੀ ਲੇਖਕ ਦੇ ਟਰੈਕ ਵਿਚੋਂ ਬਾਹਰ ਨਿਕਲ ਗਿਆ ਹੈ—ਜਿਹਨਾਂ ਦੇ ਜ਼ਿਹਨ ਵਿਚ ਉਹਦੀਆਂ ਪਹਿਲੀਆਂ ਕਹਾਣੀਆਂ ਪਈਆਂ ਸਨ ਉਹ ਉਹਦੀ ਨਵੀਂ ਕਹਾਣੀ ਦੀ ਉਡੀਕ ਕਰਦੇ...ਉਹ ਸੋਚਦੇ ਸੰਧੂ ਦੀ ਕਦੇ ਕੋਈ ਨਵੀਂ ਕਹਾਣੀ ਨਹੀਂ ਆਈ ਫਿਰ ਇਸ ਉਡੀਕ ਦਾ ਅੰਤ ਹੋਇਆ ਤਾਂ ਉਹਦੀ ਅਮਰ-ਕਥਾ ਛਪੀ—ਇਹ 'ਅਮਰਕਥਾ' ਅਜੇ ਪੰਜਾਬੀ ਪਾਠਕਾਂ ਤਕ ਉਸ ਸ਼ਿਦਤ ਨਾਲ ਪਹੁੰਚੀ ਨਹੀਂ ਸੀ ਕਿ ਭਾਰਤੀ ਸਾਹਿਤ ਅਕਾਦਮੀ ਨੇ ਇਸਨੂੰ ਪੁਰਸਕਾਰ ਦੇਣ ਦਾ ਐਲਾਨ ਕਰਕੇ ਇਸ ਗਤੀ ਨੂੰ ਇਕ ਦਮ ਤੇਜ਼ ਕਰ ਦਿਤਾ ਹੈ ਪੰਜਾਬੀ ਪਾਠਕ-ਮੰਡਲ ਵਿਚ ਇਕ ਹਲਚਲ ਮਚੀ ਹੈ—ਕਿਤਾਬਾ ਦੀਆਂ ਦੁਕਾਨਾਂ ਉਤੇ, ਪਬਲਿਸ਼ਰ ਹਾਊਸਾਂ ਵਿਚ ਇਕ ਭੀੜ ਪਹੁੰਚੀ ਹੈ—ਗੁਲਜ਼ਾਰ ਸਿੰਘ ਸੰਧੂ ਦੀ 'ਅਮਰਕਥਾ' ਨੂੰ ਲੱਭਣ ...

**ਸੋਹਨ ਸਿੰਘ ਜੋਸ਼, ਗੁਰਚਰਨ ਸਿੰਘਸਹਿਸੰਰਾ ਤੇ ਕੇਸਰ ਸਿੰਘ ਨਾਵਲਿਸਟ ਦੀਆਂ ਗ਼ਦਰੀਆਂ ਬਾਰੇ ਪੁਸਤਕਾਂ ਏਸ਼ੀਆਂ ਬੁੱਕ ਕੰਪਨੀ ਵੈਨਕੂਵਰ ਤੋਂ ਖਰੀਦੋ**

# ਮੂੰਹ ਆਈ ਬਾਤ ਨਾ ਰਹਿੰਦੀ ਹੈ !

'ਛੱਕਰ'

—ਬੜੌਦਾ 'ਚ ਗੜਬੜ ਜਾਰੀ —
ਫਿਰਕਾਪ੍ਰਸਤੀ ਅਮਰ ਰਹੇ !

—ਅਕਾਲੀਆਂ ਵਿਚ ਫੁੱਟ ਦਾ ਜ਼ਹਿਰ
ਭੇਖਧਾਰੀ 'ਕਾਮਰੇਡ' ਨੇ ਬੀਜਿਆ !

—ਇੰਦਰਾ ਵਲੋਂ ਕਮਿਊਨਿਸਟਾਂ ਤੇ ਤਿੱਖੇ ਹਮਲੇ। ਇਹ ਪਾਰਟੀਆਂ ਸਿਧਾਂਤ ਹੀਣ ਹਨ।
ਕਮਿਊਨਿਸਟ ਤੇ ਸਿਧਾਂਤਹੀਣ ? ਬੀਬੀ ਇਹ ਗੱਲ ਜਚੀ ਨਹੀਂ।

—ਜਾਮਾ ਮਸਜਿਦ ਦੇ ਸ਼ਾਹੀ ਇਮਾਮ ਦੇ ਵਾਰੰਟ ਜਾਰੀ
ਹੁਣ ਤਕ ਹੋ ਚੁਕੀ ਹੋਵੇਗੀ ਜ਼ਮਾਨਤ ਤੇ ਰਿਹਾਈ ਦੀ ਤਿਆਰੀ

—ਆਨੰਦਪੁਰ ਮਤਾ ਸਾਰੇ ਮਸਲਿਆਂ ਦਾ ਹੱਲ
ਖਤਰੇ ਦਾ ਅਲਾਰਮ ਫਿਰ ਵੀ ਵਜਦਾ ਰਹੇਗਾ।

—ਫੁਕਰਿਆਂ ਦਾ ਟੋਲਾ
ਕੈਨੇਡਾ 'ਚੋਂ ਦੁਰਕਾਰਿਆ ਅਮਰੀਕਾ ਸ਼ਰਨ ਲੈਣ ਗਿਆ।

—ਡਾ: ਜਗਜੀਤ ਸਿੰਘ ਚੌਹਾਨ ਨੂੰ ਅਕਾਲ ਤਖਤ ਪੁਜਣਾ ਚਾਹੀਦਾ ਹੈ
ਤਖਤ ਦੀ ਜਥੇਦਾਰੀ ਦਾ ਉਮੀਦਵਾਰ ਬਣਕੇ ਭਿੰਡਰਾਂਵਾਲੇ ਨਾਲ ਖੰਡਾ ਖੜਕਾਉਣ ਲਈ ਤਿਆਰ ਬਰ ਤਿਆਰ ਹੋਣਾ ਚਾਹੀਦਾ ਹੈ।

—'ਧੀਆਂ ਕਿਉਂ ਜੰਮੀਆਂ ਨੀ ਮਾਏ'
'ਕਿਹਾ ਕੁਚੱਜੜਾ,
ਮੈਂ ਵਰ ਟੋਲਿਆ
ਕੀਤਾ ਸੂ ਮੈਂ ਅਨਿਆਂ
ਧੀਏ ਨੀ ਤੁੱਧ ਤੋਂ
ਮੈਂ ਸ਼ਰਮਿੰਦੜਾ
ਕਿਥੇ ਤਾਂ ਡੁੱਬ ਮਰਾਂ ?'


## 1983-ਕਾਰਲ ਮਾਰਕਸ ਦਾ ਵਰ੍ਹਾ
## ਮਾਰਕਸਵਾਦ ਬਾਰੇ ਵਿਗਿਆਨ ਸੈਸ਼ਨ

**ਆਰੰਭਕ ਸੈਸ਼ਨ**

**ਵੈਨਕੂਵਰ, 23 ਜਨਵਰੀ, 2 ਵਜੇ ਬਾਅਦ ਦੁਪਹਿਰ**

**5880 ਮੇਨ ਸਟਰੀਟ**

ਹਰ ਐਤਵਾਰ ਨੂੰ ਦੁਪਹਿਰੋਂ ਬਾਅਦ 2 ਵਜੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਵਿਗਿਆਨਕ ਸੈਸ਼ਨ ਹੋਇਆ ਕਰਨਗੇ
ਜਥੇਬੰਦਕ : ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਇਨਸਟੀਚਿਊਟ

**ਹੋਰ ਮਹੱਤਵ ਪੂਰਣ ਪ੍ਰੋਗਰਾਮ**

## ਇੰਟਰਨੈਸ਼ਨਲਿਸਟਾਂ ਦੀ 20ਵੀਂ ਵਰ੍ਹੇ-ਗੰਢ ਮਨਾਉਣ ਲਈ ਪਬਲਿਕ ਰੈਲੀ

ਵੈਨਕੂਵਰ, 13 ਮਾਰਚ, 7 ਵਜੇ ਸ਼ਾਮ, 5880 ਮੇਨ ਸਟਰੀਟ
ਮੁਖ ਬੁਲਾਰਾ : ਸਾਥੀ ਹਰਦਿਆਲ ਬੈਂਸ
ਜਥੇਬੰਦਕ : ਸੀ ਪੀ ਸੀ (ਐਮ-ਐਲ)

## ਕਾਰਲ ਮਾਰਕਸ ਦੀ ਮੌਤ ਦੀ ਸ਼ਤਾਬਦੀ ਦੇ ਮੌਕੇ ਉਤੇ ਯਾਦਗਾਰੀ ਮੀਟਿੰਗ

ਵੈਨਕੂਵਰ, 14 ਮਾਰਚ, 6 ਵਜੇ ਸ਼ਾਮ, 5880 ਮੇਨ ਸਟਰੀਟ
ਜਥੇਬੰਦਕ : ਸੀ ਪੀ ਸੀ (ਐਮ-ਐਲ)
ਵਧੇਰੇ ਜਾਣਕਾਰੀ ਲਈ ਸੀ ਪੀ ਸੀ (ਐਮ-ਐਲ) ਦੀ ਬੀ ਸੀ ਕਮੇਟੀ ਨਾਲ ਸੰਪਰਕ ਬਣਾਉ
162 ਵੈਸਟ ਹੇਸਟਿੰਗਜ਼ ਸਟਰੀਟ, ਵੈਨਕੂਵਰ —
ਟੈਲੀਫੂਨ : 681-5020



## ਭਾਰਤ ਦਾ ਰੀਪਬਲਿਕ ਦਿਨ ਸਮਾਗਮ
**7ਵਾਂ ਐਨਿਯੂਲ ਸ਼ੋਅ**
ਵਲੋਂ
**ਯੂ. ਬੀ. ਸੀ. ਦੀ ਈਸਟ ਇੰਡੀਅਨ ਸਟੂਡੈਂਟਸ ਐਸੋਸੀਏਸ਼ਨ**

**30 ਜਨਵਰੀ, 1983**

ਜਗ੍ਹਾ :— ਸਟੂਡੈਂਟਸ ਯੂਨੀਅਨ ਬਿਲਡਿੰਗ, ਬਾਲ ਰੂਮ
5.30 ਸ਼ਾਮ ਫੂਨ 324-4504
ਟਿਕਟ : $3.00
ਵਧੇਰੇ ਜਾਣਕਾਰੀ ਲਈ : ਫੂਨ 277-8754




ਦਲਜੀਤ ਸਿੱਧੂ 324-2311

**S & S INSURANCE**
6679, Main St. (2nd Floor)
At 51st. Ave.
VANCOUVER, B.C.

**ਪੰਜਾਬੀ ਮਾਰਕਿਟ ਵਿਚ**
**S & S INSURANCE**
ਜੇ ਤੁਹਾਡੀਆਂ ਕਾਰਾਂ ਦੀ ਇੰਨਸ਼ੋਰੈਂਸ ਖਤਮ ਹੋਣ ਵਾਲੀ ਹੈ
ਹੁਣੇ ਮਿਲੋ
ਜਿਥੇ ਤੁਹਾਨੂੰ ਦੋਸਤੀ ਭਰਿਆ ਮਾਹੌਲ ਮਿਲੇਗਾ

Autoplan


ਹਰਦੇਵ ਗਿੱਲ 590-2058

## ਦੱਖਣੀ ਅਫਰੀਕਾ ਦੀ ਗੁਆਂਢੀ ਮੁਲਕਾਂ ਤੇ ਹਮਲਿਆਂ ਦੀ ਧਮਕੀ

ਲੰਡਨ :—ਦੱਖਣੀ ਅਫਰੀਕਾ ਦੇ ਬਦੇਸ਼ ਮੰਤਰੀ ਰੋਲੋਫ ਬੋਥਾਂ ਨੇ ਧਮਕੀ ਦਿਤੀ ਹੈ ਕਿ ਜੇ ਗੁਆਂਢੀ ਮੁਲਕਾਂ ਨੇ ਛਾਪਾਮਾਰਾਂ ਨੂੰ ਹਮਾਇਤ ਦੇਣੀ ਬੰਦ ਨਾ ਕੀਤੀ ਤਾਂ ਦੱਖਣੀ ਅਫਰੀਕਾ ਉਹਨਾਂ ਉਤੇ ਫਿਰ ਹਮਲਾ ਕਰੇਗਾ। ਕੁਝ ਦਿਨ ਪਹਿਲਾਂ ਟੈਲੀਵਿਜ਼ਨ ਉਪਰ ਇੰਟਰਵਿਊ ਵਿਚ ਪ੍ਰਭੁਸਤਾ ਪ੍ਰਾਪਤ ਅਫਰੀਕੀ ਮੁਲਕਾਂ ਨੂੰ ਇਹ ਧਮਕੀ ਦੇਂਦਿਆਂ ਕਿਹਾ ਕਿ ਦੱਖਣੀ ਅਫਰੀਕਾ ਲੈਸੋਥ ਦੇ ਖਲਾਫ ਮਾਲੀ ਪਾਬੰਦੀਆਂ ਲਾਉਣ ਉਤੇ ਵੀ ਵਿਚਾਰ ਕਰੇਗਾ। ਹਾਲ ਹੀ ਵਿਚ ਪ੍ਰੀਟੋਰੀਅਮ ਨੇ ਲੈਸੋਥੋ ਉਤੇ ਡਾਕੂਆਂ ਵਾਂਗ ਹਮਲਾ ਕੀਤਾ ਸੀ। ਇਸ ਤੋਂ ਪਹਿਲਾਂ ਨਸਲ ਪ੍ਰਸਤ ਦੱਖਣੀ ਅਫਰੀਕਾ ਨੇ ਅੰਗੋਲਾ ਤੇ ਹਮਲਾ ਕੀਤਾ ਸੀ ਅਤੇ ਉਸਦੇ ਕੁਝ ਹਿੱਸੇ ਤੇ ਇਸ ਨੇ ਅਜੇ ਵੀ ਆਪਣਾ ਨਜ਼ਾਇਜ ਕਬਜਾ ਕੀਤਾ ਹੋਇਆ ਹੈ। ਇਸ ਨੇ ਮੌਜੰਬੀਕ ਤੇ ਵੀ ਹਮਲਾ ਕੀਤਾ ਸੀ। ਇਸ ਤੋਂ ਸਪੱਸ਼ਟ ਹੈ ਕਿ ਦੱਖਣੀ ਅਫਰੀਕਾ ਨੇ ਨਾਟਕੀ ਢੰਗ ਨਾਲ ਗੁਆਂਢੀ ਮੁਲਕਾਂ ਦੇ ਖਿਲਾਫ ਆਪਣੀਆਂ ਹਮਲਾਵਰ ਕਾਰਵਾਈਆਂ ਤੇਜ਼ ਕਰ ਦਿਤੀਆਂ ਹਨ।

## ਚੀਨ 'ਚ ਕੁੜੀਮਾਰ ਰੁਝਾਨ ਵਿਰੁਧ ਜ਼੍ਹਾਓ ਦੀ ਤਾੜਨਾ

ਚੀਨ ਵਿਚ ਧੀ ਦੇ ਜਨਮ ਨੂੰ ਬੁਰਾ ਮੰਨਣ ਦਾ ਜੋ ਰੁਝਾਨ ਸ਼ੁਰੂ ਹੋਇਆ ਹੈ ਉਸਨੂੰ ਰੋਕਣ ਲਈ ਚੀਨ ਦੇ ਪਰਧਾਨ ਮੰਤਰੀ ਨੇ ਐਲਾਨ ਕੀਤਾ ਹੈ ਕਿ ਜੋ ਕੋਈ ਆਪਣੀ ਧੀ ਨੂੰ ਕਤਲ ਕਰੇਗਾ ਜਾਂ ਜੰਮਣ ਵਾਲੀ ਮਾਂ ਨਾਲ ਮਾੜਾ ਵਰਤਾਓ ਕਰੇਗਾ ਉਸ ਵਿਰੁਧ ਸਖਤ ਕਾਰਵਾਈ ਕੀਤੀ ਜਾਏਗੀ। ਇਥੇ ਵਰਨਣਯੋਗ ਹੈ ਕਿ ਚੀਨ ਵਿਚ ਕੁਝ ਲੋਕ ਇਸ ਕਾਰਨ ਆਪਣੀ ਨਵੀਂ ਜੰਮੀ ਧੀ ਨੂੰ ਕਤਲ ਕਰ ਦਿੰਦੇ ਹਨ ਤਾਂਕਿ ਉਹਨਾਂ ਨੂੰ ਫਿਰ ਬੱਚਾ ਪੈਦਾ ਕਰਨ ਦਾ ਹੱਕ ਮਿਲ ਸਕੇ ਅਤੇ ਉਹ ਪੁੱਤਰ ਪ੍ਰਾਪਤ ਕਰ ਸਕਣ। ਇਹ ਜਾਣਕਾਰੀ ਇਕ ਸਪਤਾਹਿਕ ਨੇ ਦਿਤੀ।

## ਪੁਲਸਮੈਨ ਦਾ ਲਿੰਗ ਪਲਟਾ

ਨਿਊਯਾਰਕ :—ਨਿਊਯਾਰਕ ਰਾਜ ਦਾ ਜੋ ਮੈਕਾਰਮਿਲ ਕ੍ਰਿਸਮਿਸ ਦੀ ਛੁਟੀ ਪਿਛੋਂ ਡਿਊਟੀ ਉਤੇ ਹਾਜ਼ਰ ਹੋਵੇਗਾ ਤਾਂ ਉਹ ਕੁਝ ਹੋਰ ਦਾ ਹੋਰ ਬਣ ਚੁੱਕਾ ਹੋਵੇਗਾ। ਉਸਦਾ ਲਿੰਗ ਬਦਲ ਗਿਆ ਹੋਵੇਗਾ ਤੇ ਉਹ ਜੋ ਮੈਕਾਰਮਿਲ ਦੀ ਥਾਂ "ਜੈਨੀ ਮਿਕਾਰਮਿਲ" ਅਖਵਾਏਗੀ।

ਘੁੰਗਰਾਲਾਂ ਵਾਲਾਂ ਵਾਲੇ ਪੁਲਸਮੈਨ ਨੇ ਦੋ ਘੰਟੇ ਦੇ ਲਿੰਗ ਬਦਲੀ ਉਪਰੇਸ਼ਨ ਪਿਛੋਂ ਕਿਹਾ, "ਅਜਿਹਾ ਹੋਣਾ ਹੀ ਸੀ।"

ਮਿਸ ਮਿਕਾਰਮਿਕ ਨੂੰ ਉਸਦੇ ਠੀਕ ਠਾਕ ਹੋਣ ਪਿਛੋਂ ਉਸਦੀ ਡਿਊਟੀ ਉਡੀਕ ਰਹੀ ਹੈ, ਭਾਵੇਂ ਉਸਦੇ ਬਾਸ, ਪੁਲਸ ਕਮਿਸ਼ਨਰ ਸੈਮੁਅਲ ਰੋਜ਼ੀ ਅਜੇ ਜਦੋਂ ਵੀ ਉਸਦਾ ਜ਼ਿਕਰ ਕਰਦਾ ਹੈ ਤਾਂ ਮਰਦ ਵਜੋਂ ਹੀ ਕਰਦਾ ਹੈ।

ਭਾਵੇਂ ਮਿਕਾਰਮਿਕ ਦਾ ਅਪਰੇਸ਼ਨ ਹੁਣ ਹੋਇਆ ਹੈ ਪਰ ਉਸ ਵਿਚ ਔਰਤਾਂ ਵਾਲੀਆਂ ਬਿਰਤੀਆਂ ਬਹੁਤ ਚਿਰ ਪਹਿਲਾਂ ਹੀ ਮੌਜੂਦ ਸਨ। 1980 ਤੇ 1981 ਦੇ ਸਾਲਾਂ ਵਿਚ ਮਰਦ ਪੁਲਸਮੈਨਾਂ ਦੇ ਇਸਤਰੀ ਦੇ ਪਹਿਰਾਵੇ ਵਿਚ ਪੇਸ਼ ਹੋਣ ਦੇ ਮੁਕਾਬਲਿਆਂ 'ਚ ਪਹਿਲੇ ਇਨਾਮ ਹਾਸਲ ਕੀਤੇ ਸਨ। ਅਜ ਕੱਲ ਉਹ ਆਪਣੀ ਸਾਬਕਾ ਪਤਨੀ ਨਾਲ ਰਹਿ ਰਿਹਾ ਹੈ, ਭਾਵੇਂ ਉਹਨਾਂ ਦਾ ਤਲਾਕ ਇਕ ਸਾਲ ਪਹਿਲਾਂ ਹੋ ਗਿਆ ਸੀ, ਹੁਣ ਉਹ ਸਹੇਲੀਆਂ ਬਣ ਗਈਆਂ ਹਨ।

## "ਵਿਆਹ ਘੱਟ, ਬੱਚੇ ਵੱਧ"

ਆਟਵਾ: ਕੈਨੇਡਾ ਦੇ ਅੰਕੜਾ ਵਿਭਾਗ ਵਲੋਂ ਪ੍ਰਕਾਸ਼ਤ ਬੁਲੇਟਿਨ ਵਿਚ ਦੱਸਿਆ ਗਿਆ ਹੈ ਕਿ 1980 ਵਿਚ ਵਿਆਹਾਂ ਦੀ ਰਫਤਾਰ ਘਟੀ, ਪਰ ਬੱਚਿਆਂ ਦੀ ਰਫਤਾਰ ਵਧੀ ਹੈ।

ਯੁਕੋਨ ਵਿਚ 10.2 ਪ੍ਰਤੀਸ਼ਤ ਵਿਆਹ ਹੋਏ ਹਰ ਹਜ਼ਾਰ ਮਗਰ ਤੇ ਬੀ.ਸੀ. ਤੀਜੇ ਨੰਬਰ ਤੇ 9 ਪ੍ਰਤੀਸ਼ਤ ਨਾਲ ਰਿਹਾ।

ਤਲਾਕਾਂ ਦੀ ਗਿਣਤੀ ਵਿਚ ਵਾਧਾ ਹੋਇਆ। 1981 ਵਿਚ ਕੈਨੇਡਾ ਵਿਚ 67,671 ਤਲਾਕ ਹੋਏ ਜਿਹੜੇ ਕਿ 1980 ਨਾਲੋਂ 9 ਪ੍ਰਤੀਸ਼ਤ ਵੱਧ ਸਨ।

ਬੱਚੇ ਪੈਦਾ ਕਰਨ ਵਿਚ ਅਲਬਰਟਾ ਪਹਿਲੇ ਨੰਬਰ ਤੇ ਓਨਟੇਰੀਓ ਅਖੀਰਲੇ ਤੇ।

ਉਨੀ ਸਾਲ ਤੱਕ ਦੀਆਂ ਲੜਕੀਆਂ ਨੇ 29,330 ਬੱਚਿਆਂ ਨੂੰ ਜਨਮ ਦਿੱਤਾ।

ਤੀਹ ਸਾਲ ਤੋਂ ਉਪਰ ਦੀਆਂ ਜ਼ਨਾਨੀਆਂ ਦੇ ਬੱਚੇ ਪੈਦਾ ਕਰਕੇ 23 ਪ੍ਰਤੀਸ਼ਤ ਦਾ ਵਾਧਾ ਕੀਤਾ।

ਕੈਨੇਡਾ ਵਿਚ ਮੌਤ ਦੀ ਪ੍ਰਤੀਸਤ ਘਟੀ ਹੈ। 1981 ਵਿਚ 171,029 ਮੌਤਾਂ ਹੋਈਆ ਜਦ ਕਿ ਬੱਚਿਆਂ ਦੀ ਪੈਦਾਇਸ਼ 371,346 ਸੀ।

ਕੋਈ ਤੁਹਾਡੀ ਪਿੱਠ ਤੇ ਸਵਾਰੀ ਨਹੀਂ ਕਰ
ਸਕਦਾ, ਬਸ਼ਰਤੇ ਉਹ ਝੁਕੀ ਹੋਈ ਨਾ ਹੋਵੇ.

## ਵਸਦਾ ਰਹੇ ਪੰਜਾਬ

—ਸ਼ਿਵ ਕੁਮਾਰ ਬਟਾਲਵੀ—

ਤੇਰਾ ਵਸਦਾ ਰਹੇ ਪੰਜਾਬ
ਓ ਸ਼ੇਰਾ ਜਾਗ
ਓ ਜੱਟਾ ਜਾਗ.

ਅੱਗ ਲਾਉਣ ਕੋਈ ਤੇਰੇ ਗਿਧਿਆਂ ਨੂੰ ਆ ਗਿਆ.
ਸੱਪਾਂ ਦੀਆਂ ਪੀਂਘਾਂ ਤੇਰੇ ਪਿੱਪਲਾਂ ਤੇ ਪਾ ਗਿਆ.
ਤ੍ਰਿੰਞਣਾਂ 'ਚ ਕੱਤਦੀ ਦਾ ਰੂਪ ਕੋਈ ਖਾ ਗਿਆ.
ਤੇਰੇ ਵਿਹੜੇ ਵਿਚ ਫਿਰਦੇ ਨੇ ਨਾਗ.
ਓ ਸ਼ੇਰਾ ਜਾਗ
ਓ ਜੱਟਾ ਜਾਗ.

ਖੋਹ ਕੇ ਨਾ ਲੈ ਜਾਣ ਫੇਰ ਕਿਤੇ ਹੋਣੀਆਂ
ਮਾਵਾਂ ਦੀਆਂ ਲੋਰੀਆਂ ਤੇ ਨੂੰਹਾਂ ਦੀਆਂ ਦੌਣੀਆਂ
ਭੈਣਾਂ ਦੀਆਂ ਚੁੰਨੀਆਂ ਤੇ ਵੀਰਾਂ ਦੀਆਂ ਘੋੜੀਆਂ
ਕਿਤੇ ਲੁਟੇ ਨਾ ਓ ਜਾਣ ਸੁਹਾਗ
ਓ ਸ਼ੇਰਾ ਜਾਗ
ਓ ਜੱਟਾਂ ਜਾਗ.

ਸਹੁੰ ਤੈਨੂੰ ਲੱਗੇ ਤੇਰੇ ਜਲ੍ਹਿਆਂ ਦੇ ਬਾਗ ਦੀ
ਸਹੁੰ ਤੈਨੂੰ ਊਧਮਾਂ ਸਰਾਭਿਆਂ ਦੇ ਖਾਬ ਦੀ
ਰੱਖਣੀ ਏ ਸ਼ਾਨ ਬੀਬਾ ਤੂੰ ਹੀਓਂ ਹੀ ਪੰਜਾਬ ਦੀ
ਤੇਰੇ ਖਿੜਦੇ ਰਹਿਣ ਗੁਲਾਬ
ਓ ਸ਼ੇਰਾ ਜਾਗ
ਓ ਜੱਟਾ ਜਾਗ.

## ਲੋਕ ਬੋਲੀਆਂ

ਮੁਹਿੰਦਰ ਸੁਮਲ (ਵੈਨਕੂਵਰ)



ਨਵੀਂ ਨਵੀਂ ਮੈਂ ਆਈ ਕਨੇਡੇ
ਮੈਂ ਬਣ ਬੈਠੀ ਰਾਣੀ
ਅੱਗ ਬਾਲਣ ਦਾ ਟਿੰਟਾ ਮੁੱਕਾ
ਨਾਲ ਚੁੱਲੇ ਦੇ ਪਾਣੀ
ਭਾਂਡੇ ਧੋਣ ਲਈ ਕੋਲ ਮਸ਼ੀਨਾਂ
ਤੱਤਾ ਨਹਾਉਣ ਲਈ ਪਾਣੀ
ਸੋਚਾਂ ਸਮਝਾਂ ਨਾਲ ਜਦੋਂ ਮੈਂ
ਸਾਰੀ ਗੱਲ ਪਛਾਣੀ
ਕਿਸ ਦੀ ਚੂਸਦੀਆਂ ਕਿਸ਼ਤਾਂ ਰੂਪ ਜਵਾਨੀ
ਕਿਸ ਦੀ ........................

ਆਰਾ ਆਰਾ ਆਰਾ
ਨੀ ਇਕ ਮੇਰਾ ਕੰਮ ਟੁੱਟਿਆ
ਕਿਵੇਂ ਕਰੀਏ ਜੂਨ ਗੁਜ਼ਾਰਾ
ਇਹ ਸਾਲ ਮਸਾਂ ਬੀਤਿਆ
ਕਹਿੰਦੇ ਅਗਲਾ ਸਾਲ ਚੜ੍ਹੂਗਾ ਮਾੜਾ
ਘਰ ਜੇ ਵੇਚ ਦਿਤਾ ਤਾਂ ਡਾਊਨ ਜਾਊਗਾ ਸਾਰਾ
ਕੇਹਾ ਨੀ ਇਹ ਦੇਸ਼ ਚੰਦਰਾਂ
ਅਸੀਂ ਫਿਰ ਵੀ ਕਹੀਏ ਨਾ ਮਾੜਾ
ਤੇਰਾ ਨੀ ਸਰੀਰ ਦੱਸਦਾ
ਪਵੇ ਫਿਕਰਾਂ ਦਾ ਛਲਕਾਰਾ
ਨੀ ਸੀਨੇ ਵਿਚ ਅੱਗ ਮਘਦੀ
ਬਾਹਰ ਜ਼ੁਲਮ ਦਾ ਪਾਲਾ
ਨੀ ਸੀਨੇ ..........

ਇਹ ਪੰਜਾਬ ਦੀ ਧਰਤ ਨਾ ਕੁੜੀਏ
ਜਿੱਥੇ ਬੰਦਾ ਬੰਦੇ ਦਾ ਦਾਰੂ
ਇੱਥੇ ਦਾਰੂ ਫੱਟੇ ਖਿਚਣਾ
ਜਾਂ ਦਾਰੂ ਏ ਝਾੜੂ
ਕੋਈ ਕੋਈ ਬੰਦਾ ਡਾਕ ਵੰਡਦਾ
ਜਿਸਦਾ ਕੰਮ ਸਰਕਾਰੂ
ਨੀ ਮੁੜ ਨਾ ਵਤਨਾਂ ਨੂੰ
ਕੌਣ ਕਿਸ਼ਤ ਮੇਰੀ ਤਾਰੂ
ਨੀ ਮੁੜ ਨਾ ........

ਆਰੀ ਆਰੀ ਆਰੀ
ਹੁਣ ਮੁੰਡਾ ਗੋਡ ਹੋ ਗਿਆ
ਉਹਦਾ ਪਹਿਲਾਂ ਨਾਂ ਗੁਲਜ਼ਾਰੀ
ਬਾਪੂ ਨੇ ਕਨੇਡੇ ਭੇਜਿਆ
ਖੂਹ ਦੀ ਕਰਕੇ ਜ਼ਮੀਨ ਗਹਿਣੇ ਸਾਰੀ
ਇਥੇ ਆਕੇ ਜੈਕ ਹੋ ਗਿਆ
ਗੈਂਗ ਬਣਾ ਲਈ ਭਾਰੀ
ਉਹ ਕਾਰ ਕੀ ਰੱਖਣੀ
ਜਿਨ ਮੱਤ ਨਾ ਸੜਕ ਦੀ ਮਾਰੀ
ਮੋੜ ਉਤੋਂ ਚੀਕ ਮਾਰਨੀ
ਭਾਵੇਂ ਹੋ ਜਾਣ ਟੈਰ ਨਕਾਰੀ
ਐਮੇ ਇੰਗਲਿਸ਼ ਦੀ
ਦੇਸੋਂ ਵਿਆਹ ਕੇ ਲਿਆਉਣੀ ਨਾਰੀ
ਮੈਂ ਭਾਵੇਂ ਅਨਪੜ੍ਹ ਹਾਂ
ਮੇਰਾ ਪਿਉ ਤਾਂ ਸਿਗਾ ਪਟਵਾਰੀ
ਮੈਂ ਭਾਵੇਂ ..............

ਖੰਡ ਬਾਝ ਦੁੱਧ ਮਿੱਠਾ ਨਾ ਹੁੰਦਾ
ਬਿਰਛਾਂ ਬਾਝ ਨਾ ਛਾਵਾਂ
ਮਾਵਾਂ ਬਾਝ ਨਾ ਪੁੱਤਰ ਪਲਦੇ
ਜਿੱਤ ਨਾ ਬਾਂਝ ਭਰਾਵਾਂ
ਬੋਲੀ ਬਿਨਾਂ ਨਾ ਕੌਮਾਂ ਬਣਦੀਆਂ
ਸੱਚੀਆਂ ਖੋਲ੍ਹ ਸੁਣਾਵਾਂ
ਵੇ ਬੱਚੇ ਨਾ ਪੰਜਾਬੀ ਬੋਲਦੇ
ਕਿਹੜੀ ਗੱਲ ਮੈਂ ਇਨ੍ਹਾਂ ਦੇ ਖਾਨੇ ਪਾਵਾਂ
ਵੇ ਬੱਚੇ ਨਾ ਪੰਜਾਬੀ ਬੋਲਦੇ ........

ਇਹ ਪੱਛਮੀ ਸੰਸਾਰ ਨੀ ਕੁੜੀਏ
ਇੱਥੇ ਕਰਜ਼ ਹਜ਼ਾਰਾਂ
ਪਹਿਲੀ ਚਿੱਕ ਮੇਰੀ ਘਰ ਦੀ ਕਿਸ਼ਤ ਲਈ
ਦੂਜੀ ਖਾ ਲਈ ਕਾਰਾਂ
ਨੀ ਤਰਲਾ ਜਿਉਂਣੇ ਦਾ
ਹੈ ਨਹੀਂ ਮੌਜ ਬਹਾਰਾਂ
ਨੀ ਤਰਲਾ ਜਿਉਂਣੇ ਦਾ .......



## ਗੁਰੂ ਗੋਬਿੰਦ ਸਿੰਘ ਟੈਂਪਲ ਐਸੋਸੀਏਸ਼ਨ ਪ੍ਰਿਸ ਜਾਰਜ, ਬੀ. ਸੀ. ਦੀ ਕਮੇਟੀ ਦੀ 1983 ਦੀ ਚੋਣ

ੴ ਵਾਹਿਗੁਰੂ ਜੀ ਕੀ ਫਤਿਹ

ਪ੍ਰਿਸ ਜਾਰਜ ਦੀਆਂ ਸੰਗਤਾਂ ਨੇ ਸੇਵਾਦਾਰਾਂ ਦੀ ਕਮੇਟੀ ਸਾਲ 1983 ਵਾਸਤੇ ਗੁਰੂ ਗੋਬਿੰਦ ਸਿੰਘ ਸਿੱਖ ਟੈਂਪਲ ਦੀਆਂ ਸਲਾਨਾਂ ਚੋਣਾਂ ਸਰਬ ਸੰਮਤੀ ਨਾਲ ਕੀਤੀਆਂ। ਇਤਫਾਕ ਅਤੇ ਸਾਂਝੀਵਾਲਤਾ ਸਿਖ ਧਰਮ ਦੇ ਪਹਿਲੇ ਆਜਜ਼ ਹਨ। ਧਰਮ ਦੀਆਂ ਬਰੀਕੀਆਂ ਨੂੰ ਸਮਝਣਾ ਬਹੁਤ ਔਖਾ ਹੈ ਜੋ ਸਮਝ ਲੈਂਦੇ ਹਨ ਉਹ ਆਨੰਦ ਵਿਚ ਹੋ ਜਾਂਦੇ ਹਨ। ਅੱਜ ਨਵਾਂ ਜ਼ਮਾਨਾ ਹੈ ਅਸੀਂ ਅਗਾਂਹ ਵਧਣਾ ਹੈ ਅਗਾਂਹ ਤਾਂ ਹੀ ਵਧ ਸਕਦੇ ਹਾਂ ਜੇ ਸਤਿਗੁਰਾਂ ਦੇ ਦੱਸੇ ਪੂਰਨਿਆਂ ਤੇ ਚਲਣ ਦੀ ਕੋਸ਼ਿਸ਼ ਕਰਾਂਗੇ। ਜ਼ਿੰਮੇਦਾਰੀ ਹੀ ਇਕ ਜੀਵਨ ਦਾ ਰਸ ਹੈ। ਸਾਲ 1982 ਦੀ ਕਮੇਟੀ ਅਤੇ ਸਾਧ ਸੰਗਤਾਂ ਦੇ ਅਸੀਂ ਅਤੀ ਧੰਨਵਾਦੀ ਹਾਂ ਜਿਨਾਂ ਨੇ ਤਨੋ ਮਨੋ ਗੁਰੂ ਮਹਾਰਾਜ ਜੀ ਦੀ ਅਤੇ ਸਮਾਜ ਦੀ ਸੇਵਾ ਮੋਢੇ ਨਾਲ ਮੋਢਾ ਲਾ ਕੇ ਕੀਤੀ। ਆਪ ਜੀ ਦੇ 1983 ਦੇ ਸੇਵਾਦਾਰਾਂ ਦੇ ਨਾਮ ਇਸ ਪ੍ਰਕਾਰ ਹਨ —

| | |
|---|---|
| 1. ਪਿਆਰਾ ਸਿੰਘ ਕੈਲੇ | ਪ੍ਰਧਾਨ |
| 2. ਸੁਰਿੰਦਰ ਸਿੰਘ ਪਰਹਾਰ | ਮੀਤ-ਪ੍ਰਧਾਨ |
| 3. ਮਨਜੀਤ ਸਿੰਘ ਖੇਰਾ | ਸਕੱਤਰ |
| 4. ਪ੍ਰੀਤਮ ਸਿੰਘ ਚਾਹਲ | ਮੀਤ-ਸਕੱਤਰ |
| 5. ਹਰਪਾਲ ਸਿੰਘ ਪਰਮਾਰ | ਖਜ਼ਾਨਚੀ |
| 6. ਗੁਰਦਾਵਰ ਸਿੰਘ ਕਡੋਲਾ | ਮੀਤ-ਖਜ਼ਾਨਚੀ |
| 7. ਹਰਦੇਵ ਸਿੰਘ ਪਰਮਾਰ | ਮੈਂਬਰ |
| 8. ਹਰਭਜਨ ਸਿੰਘ ਬਿਨਿੰਗ | " |
| 9. ਲਹਿਬਰ ਸਿੰਘ ਲੱਲੀ | " |
| 10. ਰਣਜੀਤ ਸਿੰਘ ਸਿੱਧੂ | " |
| 11. ਤਾਰਾ ਸਿੰਘ ਬਾਸੀ | " |

ਧੰਨਵਾਦ ਸਾਹਿਤ ਸੰਗਤਾਂ ਦਾ ਦਾਸ
ਗੁਰਦਿਆਲ ਸਿੰਘ ਭਟੋਆ
ਪ੍ਰਿਸ ਜਾਰਜ, ਬੀ. ਸੀ.

## ਟੱਬ 'ਚ ਫਸਿਆ ਮੋਟਾ ਬੰਦਾ

ਟੂਸ਼ਬਰਿਨ(ਇਟਲੀ):-ਦੋ ਸੌ ਅੱਸੀ ਕਿਲੋਗ੍ਰਾਮ ਵਜ਼ਨ ਵਾਲੇ ਇਕ ਵਿਅਕਤੀ ਦੇ ਸਿਰ ਤੇ ਉਦੋਂ ਬਿਪਤਾ ਆਣ ਪਈ ਜਦੋਂ ਉਹ ਆਪਣੇ ਹੀ ਨਹਾਉਣ ਵਾਲੇ ਟੱਬ ਵਿਚ ਫਸ ਗਿਆ। ਉਹ ਆਪਣੇ ਟੱਬ ਵਿਚ ਫਿਸਲ ਗਿਆ, ਪਰ ਉਸ ਲਈ ਟੱਬ ਵਿਚੋਂ ਨਿਕਲਣਾ ਦੂਭਰ ਹੋ ਗਿਆ। ਹਾਰ ਕੇ ਉਸਨੂੰ ਟੱਬ ਵਿਚੋਂ ਬਾਹਰ ਕੱਢਣ ਲਈ ਫਾਇਰ ਬਿਰਗੇਡ ਵਿਭਾਗ ਦੀ ਮਦਦ ਲੈਣੀ ਪਈ। ਐਸਾਂ-ਡਰੋਏਮੇ ਨਾਂਅ ਦੇ ਇਸ ਸੈਂਤੀ ਵਰ੍ਹਿਆਂ ਦੇ ਵਿਅਕਤੀ ਦੇ ਰਿਸ਼ਤੇਦਾਰਾਂ ਨੇ ਦਸਿਆ ਕਿ ਉਸਨੂੰ ਆਪਣੇ ਘਰ ਵਿਚ ਘੁੰਮਣ ਫਿਰਨ ਲਈ ਵੀ ਵਿਸ਼ੇਸ਼ ਤੌਰ ਤੇ ਬਣਾਈ ਇਕ ਪਹੀਆਂ ਵਾਲੀ ਗੱਡੀ ਦੀ ਵਰਤੋਂ ਕਰਨੀ ਪੈਂਦੀ ਹੈ, ਜਿਹੜੀ ਕਾਰ ਜਿਡੀ ਹੈ। ਅੱਗ ਬੁਝਾਉਣ ਵਾਲੇ ਵਿਭਾਗ ਦੇ ਮੁਲਾਜ਼ਮਾਂ ਨੇ ਦਸਿਆ ਕਿ ਤਿਊਰਨ ਦੇ ਹਸਪਤਾਲ ਵਿਚ ਇਲਾਜ ਕਰਵਾਉਣ ਪਿਛੋਂ ਐਮੇ ਨੂੰ ਘਰ ਤਕ ਛੱਡਣ ਦਾ ਕੰਮ ਵੀ ਉਹਨਾ ਨੂੰ ਆਪ ਹੀ ਨਿਭਾਉਣਾ ਪਿਆ।


# LOVELY FABRICS

**"For Variety of Fabrics in Latest Fashion"**

- Imported Fabrics
- Imported Costume Jewellery
- Fashion needs for weddings
- Video Movies

14-750 FORTUNE DRIVE,
KAMLOOPS, B.C. V2B 2L2
BUS: (604) 376-9820
RES: (604) 376-6086



ਪਾਸਪੋਰਟ, ਵੀਜ਼ਾ, ਡਾਕਟਰੀ ਤੇ ਇੰਮੀਗਰੇਸ਼ਨ ਦੀ ਸਲਾਹ ਲਈ ਮਿਲੋ

ਦੇਸੋਂ ਮੁੜਨ ਵਾਲਿਆਂ ਦੀਆਂ ਵਾਪਸੀ ਸੀਟਾਂ ਬੁਕ ਕਰਨ ਦੀ ਮੁਫਤ ਸਹੂਲਤ ਉਪਲੱਬਧ ਹੈ।

# ਗੁਰੂ ਨਾਨਕ ਟਰੈਵਲ ਐਡਵਾਈਜਰਜ਼

2, ਗਿਲਜ਼ ਪਾਰਕ ਜੀ. ਟੀ. ਰੋਡ
ਸਾਹਮਣੇ ਐਸ. ਡੀ. ਐਮ. ਕੋਰਟ
ਮੋਗਾ— ਜ਼ਿਲਾ ਫਰੀਦਕੋਟ
ਫੋਨ: ਦਫਤਰ 2161


## ਪਾਠਕਾਂ ਪ੍ਰਤੀ

### ਜ਼ਰੂਰੀ ਸੂਚਨਾ

'ਕੈਨੇਡਾ ਦਰਪਣ' ਨਵੇਂ ਸਾਲ 1 ਜਨਵਰੀ, 1983 ਤੋਂ ਤੁਹਾਨੂੰ ਸਟੋਰਾਂ ਤੋਂ ਵੈਨਕੂਵਰ ਵਿਚ 25¢ ਦੀ ਕਾਪੀ ਮਿਲ ਸਕੇਗੀ। ਵੈਨਕੂਵਰ ਤੋਂ ਬਾਹਰ ਇਕ ਕਾਪੀ 40¢ ਦੀ ਹੋਵੇਗੀ।

ਠੀਕ ਸਮੇਂ ਆਪਣੇ ਅਖਬਾਰ ਪਹੁੰਚਣ ਦੀ ਗਰੰਟੀ ਲਈ ਅੱਜ ਹੀ ਆਪਣਾ ਚੰਦਾ ਭੇਜੋ
1 ਸਾਲ — ਕੇਵਲ 15 ਡਾਲਰ

ਪਤਾ :— CANADA DARPAN
P.O. BOX 67344, STN. O.
Vancouver. V5W 3T1
ਜਾਂ ਫੋਨ ਕਰੋ 324-6111

## ਮੁਫਤ

ਇਮੀਗਰੇਸ਼ਨ ਕਾਨੂੰਨ ਦੀ ਜਾਣਕਾਰੀ ਲਈ 'ਕਲਿਨਿਕ' ਜਿਥੇ ਤੁਹਾਨੂੰ ਇਮੀਗਰੇਸ਼ਨ ਸੰਬੰਧੀ ਆਮ ਤੇ ਵਿਸ਼ੇਸ਼ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ।

ਤਾਰੀਖ :
ਜਨਵਰੀ 20,1983
ਫਰਵਰੀ 17, 1983
ਮਾਰਚ 17, 1983
ਅਪਰੈਲ 14, 1983

ਸਮੇਂ : ਸ਼ਾਮ 6.00 ਵਜੇ ਤੋਂ 8.00 ਵਜੇ ਤੱਕ।
ਜਗ੍ਹਾ : ਲੀਗਲ ਸਰਵਿਸਿਜ਼ ਸੁਸਾਇਟੀ, 191 ਈਲੈਕਸੈਂਡਰ ਸਟਰੀਟ, ਵੈਨਕੂਵਰ।

ਜੇ ਅਨੁਵਾਦ ਦੀ ਲੋੜ ਹੋਏ ਤਾਂ ਕਿਸੇ ਨੂੰ ਨਾਲ ਲੈ ਕੇ ਆਉ।
ਮੌਜ਼ੇਕ ਨੂੰ ਪਹਿਲਾਂ ਫੂਨ ਕਰਕੇ ਇੰਟਰਪ੍ਰੇਟਰ ਨਾਲ ਅਪਾਇੰਟਮੈਂਟ ਬਣਾ ਲਵੋ।

ਫੋਨ : 687-1831

# ਆਜ਼ਾਦੀ ਦੇ ਪ੍ਰਸਿੱਧ ਘੁਲਾਟੀਏ ਸਰਦਾਰ ਅਮਰ ਸਿੰਘ ਤੇਗ ਨਾਲ ਇਕ ਮੁਲਾਕਾਤ—

## ਰਿਪੋਰਟਰ—ਹਰੀਸ਼ ਮਲਹੋਤਰਾ ਬਰਮਿੰਘਮ

ਬੀਤੇ ਦਿਨੀਂ ਸਰਦਾਰ ਅਮਰ ਸਿੰਘ ਤੇਗ ਹੁਰੀਂ ਜਦ ਬਰਤਾਨੀਆਂ ਆਏ ਤਾਂ ਉਹਨਾ ਨਾਲ ਕੁਝ ਪਲ ਬਤਾਉਣ ਦਾ ਮੈਨੂੰ ਸੁਭਾਗ ਪ੍ਰਾਪਤ ਹੋਇਆ। ਉਹਨਾ ਨਾਲ 18 ਅਕਤੂਬਰ 1982 ਦੀ ਸ਼ਾਮ ਨੂੰ ਹੋਈ ਗਲਬਾਤ ਤੋਂ ਜਾਣੂ ਕਰਾਉਣ ਤੋਂ ਪਹਿਲਾਂ ਮੈਂ ਠੀਕ ਸਮਝਾਂਗਾ ਕਿ ਉਹਨਾ ਬਾਰੇ ਕੁਝ ਤੁਅਰਫ ਵੀ ਕਰਾ ਦਿਆਂ, ਕਿਉਂਕਿ ਇਹ ਜ਼ਰੂਰੀ ਨਹੀਂ ਕਿ ਨਵੀਂ ਪੌਂਦ ਉਹਨਾਂ ਨੂੰ ਚੰਗੀ ਤਰਾਂ ਜਾਣਦੀ ਹੋਵੇ।

"ਤੇਗ" ਜੀ ਇਸ ਵੇਲੇ 78 ਸਾਲ ਦੇ ਹਨ। ਦਿਮਾਗੀ ਤੇ ਸਰੀਰਕ ਤੌਰ ਤੇ ਨੌਂ ਬਰ ਨੌਂ ਹਨ, ਭਾਵੇਂ ਸੁਣਨ ਸ਼ਕਤੀ ਕੁਝ ਕਮਜ਼ੋਰ ਹੋ ਗਈ ਹੈ। ਆਪ ਪੰਜਾਬੀ ਮਾਂ ਬੋਲੀ ਨੂੰ ਚਾਰ ਕਿਤਾਬਾਂ ਦੇ ਚੁੱਕੇ ਹਨ। (1) ਨਾਭੇ ਦੀ ਖੂਨੀ ਕਾਰਖਾਸ (2) ਗਦਰ ਦਾ ਕਤਲ (3) ਜੁੱਗ ਪਲਟਾਉ ਜੋਧੇ ਤੇ (4) ਫਰੰਗੀ ਦੀਆਂ ਜੇਲ੍ਹਾਂ 'ਚ ਦੇਸ਼ ਭਗਤ।

"ਦਲੇਰ" ਹਫਤਾਵਰ ਪਰਚੇ ਦੇ 1927 'ਚ ਐਡੀਟਰ ਰਹਿਣ ਤੋਂ ਬਿਨਾਂ "ਕਿਰਤੀ" ਰਸਾਲੇ ਦੇ ਵੀ ਸੰਪਾਦਕ ਰਹਿ ਚੁੱਕੇ ਹਨ। 15 ਅਗਸਤ 1972 ਨੂੰ ਲਾਲ ਕਿਲਾ ਦਿੱਲੀ ਵਿਖੇ ਆਪ ਜੀ ਨੂੰ ਭਾਰਤ ਸਰਕਾਰ ਨੇ "ਤਾਮਰ ਪੱਤਰ" ਦੇਕੇ ਸਤਿਕਾਰਿਆ ਤੇ ਅਜੇ ਪਿਛੇ ਜਿਹੇ ਹੀ 2 ਅਕਤੂਬਰ ਨੂੰ ਚੀਫ ਮਨਿਸਟਰ ਪੰਜਾਬ ਸਰਦਾਰ ਦਰਬਾਰਾ ਸਿੰਘ ਜੀ ਨੇ ਆਪ ਨੂੰ ਕਸ਼ਮੀਰੀ ਦੁਸ਼ਾਲਾ ਦੇਕੇ ਮਾਣ ਦਿਤਾ।

ਆਜ਼ਾਦੀ ਦੀ ਲੜਾਈ ਵੇਲੇ ਆਪ ਜੀ ਨੇ 11 ਸਾਲ ਕੈਦ ਤੇ ਦੋ ਸਾਲ ਕੈਦ ਅਕਾਲੀ ਲਹਿਰ ਵੇਲੇ ਕੱਟੀ। ਇਸ ਤੋਂ ਬਿਨਾਂ 20 ਸਾਲ ਪੁਲਸ ਨਿਗਰਾਨੀ ਹੇਠ ਤੇ ਚਾਰ ਸਾਲ ਅੰਡਰਗਰਾਊਂਡ ਰਹੇ।

ਚੌਦਾਂ ਸਾਲ ਦੀ ਉਮਰ ਵਿਚ ਪੰਜਵੀਂ ਜਮਾਤ ਵਿਚੋਂ ਨਸ ਕੇ ਕਾਂਗਰਸ ਲਹਿਰ ਵਿਚ ਸ਼ਾਮਲ ਹੋ ਗਏ। 1921 ਵਿਚ ਜਦ ਮਹਾਤਮਾਂ ਗਾਂਧੀ ਨੇ ਨਾ ਮਿਲਵਰਤਣ ਲਹਿਰ ਦਾ ਭੋਗ ਪਾ ਦਿਤਾ ਤਾਂ ਆਪ ਆਜ਼ਾਦੀ ਲਹਿਰ ਵਿਚ ਕੁੱਦ ਪਏ ਜੋ ਭਾਰਤ ਦੀਆਂ ਹੱਦਾਂ ਟੱਪ ਕੇ ਅਮਰੀਕਾ, ਕੈਨੇਡਾ, ਮਲਾਇਆ ਤੇ ਚੀਨ ਅਦਿ ਤਕ ਫੈਲ ਗਈ ਸੀ। ਇਸ ਤੋਂ ਬਾਅਦ ਆਪ ਇਸ ਲਹਿਰ 'ਚ ਰੁਜ਼ਦੇ ਹੀ ਗਏ, ਜਦ ਤਕ ਮੁਲਕ ਆਜ਼ਾਦ ਨਾ ਹੋ ਗਿਆ।

ਸ.:— ਪੰਜਾਬ 'ਚ ਖਾਲਿਸਤਾਨ ਦੇ ਰੌਲੇ ਬਾਰੇ ਕੁਝ ਦੱਸੋ ?

ਜ.:— ਉਥੇ ਖਾਲਿਸਤਾਨ ਦਾ ਕੋਈ ਰੌਲਾ ਨਹੀਂ ਹੈ। ਸਿਰਫ ਚਾਰ ਪੰਜ ਜੱਟ ਘਰਾਣੇ ਹੀ ਇਹ ਸ਼ਰਾਰਤ ਕਰ ਰਹੇ ਹਨ। ਉਹਨਾਂ ਨੂੰ ਅਮਰੀਕਾ ਤੇ ਕੁਝ ਹੋਰ ਮੁਲਕ ਪੈਸੇ ਦੇ ਰਹੇ ਹਨ। ਕਦੇ ਉਹ ਸਿਗਰਟ ਯੁੱਧ, ਕਦੇ ਨਹਿਰ ਯੁੱਧ ਤੇ ਕਦੇ ਧਰਮ ਯੁੱਧ ਦਾ ਨਾਮ ਬਦਨਾਮ ਕਰਕੇ ਖੱਪ ਪਾਉਣ ਲੱਗ ਪੈਂਦੇ ਹਨ। ਪੰਜਾਬ 'ਚ 9 ਲੱਖ ਵੋਟ ਹਿਦੂਆਂ ਦੀ ਹੈ। ਬਗੈਰ ਜਨਸੰਘ ਦੇ ਅਕਾਲੀ ਕਦੇ ਕਾਮਯਾਬ ਨਹੀਂ ਹੋ ਸਕਦੇ। ਜੇ ਦਰਬਾਰਾ ਅਕਲ ਵਾਲਾ ਹੁੰਦਾ ਤਾਂ ਇਹ ਐਜੀਟੇਸ਼ਨ ਕਦੇ ਨਹੀਂ ਸੀ ਹੋਣਾ।

ਗਾਂਧੀ ਕਹਿੰਦਾ ਸੀ, ਸਿਰਫ ਸੱਚ ਹੀ ਕਾਫੀ ਨਹੀਂ ਹੁੰਦਾ। ਸੱਚ ਨੂੰ ਪ੍ਰਗਟਾਉਣ ਲਈ ਸਿਰ ਦੇਣਾ ਪੈਂਦਾ। ਟੱਕਰ ਤਾਂ ਸਿਰਫ ਅਮਰੀਕਾ ਅਤੇ ਰੂਸ ਦੀ ਹੈ। ਸਿਰਫ ਰੂਸ ਹੀ ਇੰਡੀਆ ਨੂੰ ਬਚਾ ਸਕਦਾ।

ਸ.:— ਹਿੰਦੋਸਤਾਨ ਦੀ ਸਿਆਸਤ ਦਾ ਕੀ ਹਾਲ ਹੈ ?

ਜ.:— ਅਜੇ ਤਕ ਕੌਮੀ ਕਰੈਕਟਰ ਨਹੀਂ ਬਣ ਸਕਿਆ। ਪਾਰਟੀਆਂ 'ਚ 90% ਤੋਂ ਵਕਾਊ ਲੋਕ ਹਨ। ਉਹ ਭਾਟੜਾ ਬਿਰਤੀ ਲੋਕ ਜਿਧਰ ਪਾਸਾ ਭਾਰਾ ਹੁੰਦਾ, ਝੁੱਕ ਜਾਂਦੇ ਹਨ। ਇਸ ਬਦਨਸੀਬ ਮੁਲਕ 'ਚ ਦੌਲਤ ਦਾ ਹੀ ਰੌਲਾ ਪੈਂਦਾ ਰਿਹਾ ਹੈ। ਇਸੇ ਕਰਕੇ ਮੁਸਲਮਾਨਾਂ ਨੇ 1000 ਵਰ੍ਹੇ ਤੋਂ ਗੋਰਿਆਂ ਨੇ 150 ਵਰ੍ਹੇ ਸਾਡੇ ਤੇ ਰਾਜ ਕੀਤਾ। ਮਹਾਂਭਾਰਤ ਵੇਲੇ ਜਾਂ ਕਦੇ ਕਿਸੇ ਹੋਰ ਵੇਲੇ ਕਦੇ ਇਥੇ ਸਤਯੁਗ ਨਹੀਂ ਆਇਆ। ਗ੍ਰੰਥ ਐਂਵੇ ਕਾਲੇ ਕੀਤੇ ਪਏ ਹਨ।

ਮੁਹੰਮਦ ਨੇ ਸਿਰਫ ਤਿੰਨ ਨਾਹਰੇ ਦਿਤੇ ਸਨ (1) ਇਕ ਖੁਦਾ (2) ਇਕ ਜਮਾਤ (3) ਇਕ ਪਿਆਲਾ !



ਪਿਆਰੇ ਦਰਸ਼ਨ ਗਿੱਲ,

ਵੈਨਕੂਵਰ ਕੈਨੇਡਾ ਤੋਂ "ਕੈਨੇਡਾ ਦਰਪਣ" ਦੇ ਉਪਰਾਲੇ ਲਈ ਵਧਾਈਆਂ। ਸੁਨਿਹਰੀ ਭਵਿਖ ਦੀ ਆਸ ਕਰਦਾ ਹਾਂ। ਉਹ ਦਿਨ ਦੂਰ ਨਹੀਂ ਹੋਵੇਗਾ। ਜਦ ਕੈਨੇਡਾ ਦੇ ਹਰ ਪੰਜਾਬੀ ਦੇ ਘਰ 'ਚ 'ਕੈਨੇਡਾ ਦਰਪਣ' ਪੜ੍ਹਿਆ ਜਾਵੇਗਾ। ਇਸ ਗੱਲ ਦਾ ਖਿਆਲ ਰੱਖੀ ਕਿ ਇਹਨੂੰ ਲੋਕਾਂ ਦਾ ਤੇ ਨਿਰਪੱਖ ਕਿਸਮ ਦਾ ਪਰਚਾ ਬਣਾਈ ਰੱਖੀ ; ਮਤਲਬ ਕਿ ਹਰ ਉਸ ਲੇਖਕ ਦੀਆਂ ਰਚਨਾਵਾਂ ਛਾਪੋ, ਜੋ ਢਾਹੂ ਨਾ ਹੋ ਕੇ ਲੋਕਾਂ ਦੇ ਹਿਤ ਲਈ ਹੋਣ, ਭਾਵੇਂ ਉਸ ਲੇਖਕ ਦੇ ਜ਼ਾਤੀ ਵਿਚਾਰ ਸਾਡੇ ਨਾਲੋਂ ਵੱਖ ਹੀ ਕਿਉਂ ਨਾ ਹੋਣ। ਇਹ ਫਰਾਖ ਦਿਲੀ ਹੈ ! ਕਿਤੇ ਐਂਦਾ ਨਾ ਕਰੀ ਕਿ ਜਦ ਪਰਚਾ ਚਲ ਗਿਆ, ਉਦੋਂ ਸਿਰਫ ਲੋਟੂ ਵਿਉਪਾਰੀਆਂ (ਸਾਡੇ ਸਾਹਮਣੇ ਹੀ) ਦਾ ਹੀ ਪੱਖ ਪੂਰਦਾ ਫਿਰੇਂ, ਜਿਵੇਂ ਇਥੇ ਕਈ ਮਕਬੂਲ ਹੋਏ ਪਰਚੇ ਕਰ ਰਹੇ ਹਨ ਪਰ ਰੌਲਾ ਇਹ ਪਾਉਂਦੇ ਹਨ ਕਿ ਅਸੀਂ ਸੱਚ ਅਤੇ ਲੋਕ-ਹਿਤ ਲਈ ਹਿਕ ਥਾਪੜਦੇ ਹਾਂ। ਖਬਰਾਂ ਦੇ ਲੁੱਚੇ ਹੈਡਿੰਗ ਲਾਕੇ ਤੇ ਗੰਗਾਂ ਗਏ ਗੰਗਾਂ ਰਾਮ ਤੇ ਜਮਨਾ ਗਏ ਜਮਨਾ ਦਾਸ ਬਣ ਕੇ ਜ਼ਿਆਦਾ ਦੇਰ ਲੋਕਾਂ ਨੂੰ ਉਲੂ ਨਹੀਂ ਬਣਾਇਆ ਜਾ ਸਕਦਾ।

ਡੂਘੇ ਸਤਿਕਾਰ ਤੇ ਪਿਆਰ ਨਾਲ ਸਾਰੇ ਸਟਾਫ ਨੂੰ ਸ਼ੁਭ-ਇਛਾਵਾਂ।
ਕੋਈ ਹੋਰ ਸੇਵਾ ?

ਤੁਹਾਡਾ ਆਪਣਾ ਹੀ,
ਹਰੀਸ਼ ਮਲਹੋਤਰਾ
ਇੰਗਲੈਂਡ

ਸ.:— ਜਾਤਪਾਤ ਤੇ ਧਾਰਮਿਕ ਭੰਬਲਭੂਸੇ ਬਾਰੇ ਤੁਹਾਡਾ ਕੀ ਖਿਆਲ ਹੈ ?

ਜ.:— ਲੋਕਾਂ ਨੂੰ ਉਲੂ ਬਣਾਉਣ ਤੇ ਲੁੱਟਣ ਦਾ ਇਕ ਸਾਧਨ ਹੈ। ਗੁਰੂ ਗੋਬਿੰਦ ਸਿੰਘ ਨੇ "ਸਿੰਘ" ਸਜਾ ਕੇ ਜਾਤਪਾਤ ਖਤਮ ਵੀ ਕੀਤੀ, ਪਰ ਗੱਲ ਉਥੇ ਦੀ ਉਥੇ ਹੀ ਹੈ।

ਸ.:— ਕਮਿਊਨਿਸਟਾਂ ਬਾਰੇ ਕੀ ਖਿਆਲ ਹੈ ?

ਜ.:— 1939 ਤਕ ਉਹੀ ਬੰਦੇ ਅਕਾਲੀ ਸਨ ਤੇ ਉਹੀ ਕਮਿਊਨਿਸਟ। ਬਾਦ 'ਚ ਦੋ ਧੜੇ ਬਣ ਗਏ। ਦੁਆਬੀਏ ਮਾਰਕਸਵਾਦੀ ਬਣ ਗਏ। ਹੁਣ ਅਸਲੀ ਵਰਕਰ ਮਰ ਗਏ ਤੇ ਨਕਲੀ ਮੂਹਰੇ ਆ ਗਏ ਹਨ। ਉਹ ਵਿਰਲੇ-ਟਾਟਿਆਂ ਤੋਂ ਵੀ ਪੈਸੇ ਲੈਂਦੇ ਹਨ ਤੇ ਵਰਕਰਾਂ ਨੂੰ ਵੀ ਵਰਤਦੇ ਹਨ। ਨਕਸਲਵਾੜੀਆਂ ਦੀ ਸਕੀਮ ਵੀ ਇਸ ਕਰਕੇ ਫੇਲ੍ਹ ਹੋਈ ਕਿ ਉਹ ਲੋਕਾਂ ਦੀ ਹਮਦਰਦੀ ਨਾ ਜਿੱਤ ਸਕੇ। ਸਗੋਂ ਜ਼ਾਤੀ ਦੁਸ਼ਮਣੀਆਂ ਕੱਢਣ ਲੱਗ ਪਏ। ਕੁਝ ਮਾਰਕਸੀ ਵੀ ਅੰਦਰੂਨੀ ਤੌਰ ਤੇ ਉਹਨਾਂ ਨਾਲ ਜਾ ਰਲੇ ਸਨ - ਜ਼ਾਹਿਰਾ ਤੌਰ ਤੇ ਨਹੀਂ। ਇਹ ਕਦੇ ਅਕਾਲੀਆਂ ਨਾਲ ਜਾ ਰਲਦੇ ਹਨ ਤੇ ਕਦੇ ਕਿਸੇ ਨਾਲ। ਇਸੇ ਕਰਕੇ ਕਮਿਊਨਿਸਟ ਪੰਜਾਬ 'ਚ ਕੋਈ ਥਾਂ ਨਹੀਂ ਬਣਾ ਸਕੇ।

ਸ.:— ਇੰਡੀਆ ਦਾ ਸੁਧਾਰ ਕਿਵੇਂ ਹੋ ਸਕਦਾ ?

ਜ.:— ਮੈਨੂੰ ਤਾਂ ਲੱਗਦਾ ਕਿ ਕੋਈ ਅਗੰਮੀ ਸ਼ਕਤੀ ਹੀ ਮੁਲਕ ਨੂੰ ਬਚਾ ਸਕਦੀ ਹੈ ਲੋਕਾਂ ਵਾਲਾ ਤਾਂ ਬੇੜਾ ਗਰਕ ਹੋ ਚੁੱਕਾ ਹੈ ਮੁਲਕ 'ਚੋਂ ਕੁਰੱਪਸ਼ਨ ਕਦੇ ਹਟ ਨਹੀਂ ਸਕਦੀ। ਅਸੀਂ ਮੁਲਕ ਨੂੰ ਆਜ਼ਾਦ ਕਰਾਦਿਤਾ ਹੈ। ਪਰ ਹੁਣ 50% ਫਰੀਡਮ ਫਾਈਟਰਜ਼ ਬੋਗਸ ਬਣ ਗਏ ਹਨ। ਇਹ ਕੁਝ ਕਿਹਾ ਨਹੀਂ ਜਾ ਸਕਦਾ ਕਿ ਸੁਧਾਰ ਆਉਣ 'ਚ ਕਿੰਨੇ ਵਰ੍ਹੇ ਲੱਗਣ। ਕਈ ਵਾਰ ਐਸਾ ਵਕਤ ਵੀ ਆਂਉਦਾ ਕਿ ਕਈ ਗੱਲਾਂ ਯਕਦਮ ਬਦਲ ਜਾਂਦੀਆਂ. ਜਿਨ੍ਹਾਂ ਬਾਰੇ ਅਸੀਂ ਕਿਆਸਿਆਂ ਵੀ ਨਹੀਂ ਹੁੰਦਾ।


ਵਿਆਹ ਸ਼ਾਦੀਆਂ ਦੇ ਕਾਰਡ — ਵੱਖ ਵੱਖ ਡੀਜ਼ਾਈਨਾਂ ਵਿਚ
ਬਿਜ਼ਨਿਸ ਕਾਰਡ, ਫਲਾਇਰ, ਇਸ਼ਤਿਹਾਰ, ਲੈਟਰ ਹੈਡਜ਼, ਇਨਵੌਇਸਜ਼, ਕੈਟਾਲਾਗ ਆਦਿ.....
ਹਰ ਕਿਸਮ ਦੀ ਪ੍ਰਿੰਟਿੰਗ ਲਈ
ਧਨੂ ਪ੍ਰਿੰਟਿੰਗ ਕੰਪਨੀ
ਭਜਨ ਸਿੰਘ
ਫੂਨ : 585-7916
DHANNU PRINTING CO.
— All Your Printing Needs —
FLYERS, REPORTS, LETTERHEADS, BUSINESS CARDS, ENVELOPES
INVOICES, N.C.R. FORMS, LABELS, MENUS, WEDDING CARDS
Telephone : 585-7916
13289-98A AVE, Surrey, B.C.
V3T 5G2


### ਪ੍ਰੈਸ ਰੀਲੀਜ਼

ਕੈਨੇਡਾ ਵਿਚ ਵਸ ਰਹੇ ਪੰਜਾਬੀ ਬੋਲੀ ਦੇ ਦੋ ਸ਼ਰਧਾਲੂਆਂ (ਜਸਵੰਤ ਮਾਂਗਟ ਅਤੇ ਹਰਦੇਵ ਵੜੈਚ) ਵਲੋਂ ਸੰਪਾਦਨਾ ਦੇ ਸੰਧਰਭ ਵਿਚ ਮਾਂ ਬੋਲੀ ਦੀ ਸੇਵਾ ਲਈ ਇਕ ਨਵਾਂ ਬੀੜਾ ਚੁੱਕਿਆ ਜਾ ਰਿਹਾ ਹੈ। ਇਹ ਦੋ ਸੱਜਣ ਪੰਜਾਬੀ ਬੋਲੀ ਦੇ ਨਵੇਂ ਅਤੇ ਪੁਰਾਣੇ ਛਪੇ ਜਾਂ ਅਣਛਪੇ ਪਤ-ਸਾਹਿਤ ਨੂੰ ਨਿਰਪੱਖ ਹੋਕੇ ਸੰਪਾਦਨਗੇ। ਕੈਨੇਡਾ ਵਿਚ ਵਸਦੇ ਪੰਜਾਬੀ ਦੇ ਕਵੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਛਪ ਚੁੱਕੀਆਂ ਜਾਂ ਅਣਛਪੀਆਂ ਵੱਧ ਤੋਂ ਵੱਧ ਰਚਨਾਵਾਂ ਹੇਠ ਲਿਖੇ ਪਤਿਆਂ ਉਤੇ ਭੇਜਣ ਦੀ ਖੇਚਲ ਕਰਨ। ਅਸੀਂ ਅਤੀ ਧੰਨਵਾਦੀ ਹੋਵਾਂਗੇ।

ਜਸਵੰਤ ਮਾਂਗਟ
5052-ਵਿਕਟੋਰੀਆ ਡਰਾਈਵ
ਵੈਨਕੂਵਰ, ਬੀ. ਸੀ. ਕੈਨੇਡਾ
V5P 3T8
ਫੋਨ ਨੰ: 876-1629
ਜਾਂ 324-1034

ਹਰਦੇਵ ਵੜੈਚ
13463-79 ਐਵੇਨਿਊ ਸਰੀ, ਬੀ. ਸੀ. ਕੈਨੇਡਾ
V3W 6S3
ਫੋਨ ਨੰ: 590-4681


BUYING SELLING TRADING
Any Kind Of Real Estate Property
CONTACT
JAS MANGAT
• BUYING
• TRADING
• FARMS
• SELLING
• COMMERCIAL
• INDUSTRIAL
Bus: 324-1034
Res: 876-1629
CATHAY PACIFIC REALTY LTD.
5052 Victoria Dr., Vancouver



WILL WHEATON
PONTIC BUICK GMC LTD.
325-12th St. NEW WEST.
FOR
New and used cars, station wagons, new & used truck, van and 4x4 jimmy....for all your driving needs....your well known professional salesman





Ph. Bus.526-2781
Res.524-4137
Pager 687-7711 #7610
KULDIP SINGH JHAND

# ਕਵਿਤਾਵਾਂ

ਜਸਵੰਤ ਮਾਂਗਟ

## ਸੁਫ਼ਨੇ

ਹਰ ਰਾਤੀਂ
ਜਦ ਮੇਰੇ ਬੱਚੇ
ਸੌਂ ਜਾਂਦੇ ਹਨ —
ਘਰ ਦੇ ਸੱਨਾਟੇ 'ਚੋਂ
ਸੁਫਨਿਆਂ ਦੀ ਇਕ
ਮਹਿਕ ਜਿਹੀ ਉਠਦੀ ਹੈ
ਸੁਫਨੇ ਮਨ ਤੇ ਭਾਰੂ ਹੋ ਜਾਂਦੇ ਹਨ —

ਸੌਣ ਸਮੇਂ ਨਿੱਤ
ਮੇਰੀ ਪਤਨੀ
ਮੇਰੇ ਬੱਚੇ
ਮੇਰਾ ਠਰਿਆ ਮੱਥਾ ਚੁੰਮਦੇ
ਸੁਖ ਦੀ ਰਾਤ ਮੁਬਾਰਕ ਆਖਣ
ਰੰਗ ਬਰੰਗੇ ਸੁਫਨੇ ਦਾਗਣ —

ਜਿਉਂ ਮੰਤਰ - ਮੁਘਧ —
ਮੈਂ ਅੱਖੀਆਂ ਢੋਆਂ
ਕੁਝ ਪਲ ਪਿਛੋਂ
ਸਭ ਸੌਂ ਜਾਵਣ
ਬੱਤੀ ਡੰਗਾਂ
ਉਠ ਖਲੋਵਾਂ
ਕਮਰਿਆਂ ਵਿਚ
ਥੁੜੀਆਂ ਵਸਤਾਂ ਜੋਹਾਂ
ਪੀਪੇ ਵਿਚ ਕੱਲ੍ਹ ਜੋਗਾ ਆਟਾ ਟੋਹਾਂ
ਆਪਣੇ ਅੰਦਰ
ਸੁਫਨ-ਤਾਪ ਪਾਰਾ ਕਣਸੋਆਂ
ਫਿਰ
ਝੁਗੀਆਂ ਵਿਚ
ਫੁੱਟ ਪਾਥਾਂ ਤੇ
ਲੱਖਾਂ ਸੁਫਨੇ ਰੁਲਦੇ ਖੁਲਦੇ
ਗਲ ਨੂੰ ਲਾਵਾਂ
ਅਪਣਿਆਂ ਸੁਫਨਿਆਂ ਦਾ ਤਪ ਠਾਰਾਂ
'ਤੇ ਸੌਂ ਜਾਵਾਂ —

ਪਹਿਲੇ ਪਹਿਰ —
ਰਾਤ ਦੇ ਤੱਪਰੋਂ
ਇਕ ਭਿਆਨਕ ਸੁਫਨਾ ਟਪਕੇ
ਅਚਨਚੇਤੀ ਮੇਰੇ ਕੰਨੀਂ
ਮਿਲ ਮਾਲਕ ਦੀ ਧਮਕੀ ਭਵਕੇ
ਹੱਕ ਮੰਗਣ ਤੇ
ਕੰਮ ਖੁਸਣ ਦਾ ਸੰਸਾ
ਸੁਫਨਿਆਂ ਦੇ ਅਰਥਾਂ ਨੂੰ ਖਾਵੇ
ਹੱਕਾਂ ਦੀ ਚੋਰੀ ਹੋ ਜਾਵੇ —

ਦੂਜੇ ਪਹਿਰ —
ਕਈ ਕਾਨੂੰਨ, ਫਲਸਫੇ ਛਾਣਾਂ
ਮੈਂ ਸੁਕਰਾਤ ਨੂੰ ਵਾਜਾਂ ਮਾਰਾਂ
ਹੇਗਲ, ਕਾਰਲ ਦਾ ਮਨ ਟੋਹਾਂ
ਸੁਫਨਿਆਂ ਦੇ ਕੁਝ ਅਰਥ ਬਣਾਵਾਂ
ਤਾਰਿਆਂ ਦੀਆਂ ਫਿਰ ਮੀਢੀਆਂ ਗੁੰਦਾਂ
ਮੀਢੀਆਂ ਸਰਘੀ ਨਾਲ ਸਜਾਵਾਂ

ਤੀਜੇ ਪਹਿਰ —
ਸੁਪਨ ਸ਼ਿਕਾਰੀ
ਸੋਨੇ ਦਾ ਇਕ ਜਾਲ ਵਿਛਾਵੇ
ਪਰ ਹੋਸ਼ਾਂ ਦਾ ਪੰਛੀ ਕੀਕੁਰ
ਕਾਤਲ ਦੇ ਪੇਚਾਂ ਵਿਚ ਆਵੇ ?

ਪਰ —
ਪ੍ਰਭਾਤ ਹੋਣ ਤੋਂ ਪਹਿਲਾਂ
ਦਿਹੁੰ ਰਾਤੀਂ ਪੜੁਆਂ ਵਿਚਕਾਰੇ
ਸੁਰਤੀ ਦਾ ਤਨ ਭੁਰਦਾ ਜਾਏ
ਸੁਫਨਾਂ ਹੱਥ 'ਚੋਂ ਖੁਰਦਾ ਜਾਏ —

ਡਰਕੇ ਤ੍ਰੱਭਕ ਥਵਾਂ —
ਰੋ ਪੈਨਾਂ —
ਕੱਲ੍ਹ ਦੀ ਆਸ ਸਹਾਰਾ ਲੈਨਾਂ —
ਸੋਚਾਂ ਦੇ ਨਿਰਣੇ ਨੂੰ ਜੋਂਹਦਾ
ਸੰਸੇ ਦੇ ਸਾਗਰ ਤਰਦਾ ਹਾਂ
ਸੁਪਨ ਸੁਨਹਿਰੀ ਖੋਣ ਤੋਂ ਡਰਦਾ
ਨਜ਼ਮ ਦੇ ਵਿਚ ਫਿਰ ਲਿਖ ਧਰਦਾ ਹਾਂ —

ਹਰ ਰਾਤੀਂ
ਜਦ ਮੇਰੇ ਬੱਚੇ
ਸੌਂ ਜਾਂਦੇ ਹਨ —
ਘਰ ਦੇ ਸੱਨਾਟੇ 'ਚੋਂ
ਸੁਫਨਿਆਂ ਦੀ ਇਕ
ਮਹਿਕ ਜਿਹੀ ਉਠਦੀ ਹੈ
ਸੁਫਨੇ ਮਨ ਤੇ ਭਾਰੂ ਹੋ ਜਾਂਦੇ ਹਨ —

## ਸੰਦਲੀ ਰੁਖ

ਆਓ ਵੇ
ਅਜ਼ਲਾਂ ਦੇ ਦਿਓਤਿਓ
ਸਾਡੇ ਵਿਹੜੇ ਆਓ
ਸਾਡੇ ਸੱਚ ਦਾ
ਬਿਰਖ ਵੇ ਸੰਦਲੀ
ਜਾਲੋ ਰਾਖ ਬਣਾਓ
ਪੀਲਾ-ਫੁੱਲ ਦੇ ਅਰਕੀਂ ਗੁੰਨੋ
ਸੰਗ
ਬਿਰਹਾ ਨੂੰ ਪਾਓ

ਸੰਗ ਖਾ ਬਿਰਹਾ
ਹੋਰ ਪਲਮਦੀ
ਪੀੜਾਂ ਨੂੰ ਜਣ ਦੇਂਦੀ
ਪੀੜਾਂ ਦਾ ਸੁਖ-ਅੰਮ੍ਰਿਤ ਪੀਕੇ
ਜਿੰਦੂ ਪੀੜਾਂ ਹੋ ਰਹਿੰਦੀ

ਚੰਨ, ਤਾਰੇ, ਧਰਤੀ ਤੇ ਸੂਰਜ
ਖਲਾ ਦੀ ਪੀੜ 'ਚ ਤਰਦੇ
ਪੀੜਾਂ ਦੀ ਜੜ੍ਹ ਲੱਭਣ ਖਾਤਰ
ਕਈ ਤਾਰੇ ਟੁੱਟ ਮਰਦੇ

ਅਸੀਂ ਤਾਂ ਆਪਣਾ ਸੱਚ ਪਛਾਤਾ
ਤਾਂ ਬਿਰਹਾ ਗਲ ਲਾਈ
ਬਿਰਹਾ ਬਿਰਹਾ ਸੋਚਾਂ ਹੋਈਆਂ
ਪੀੜਾਂ ਦੀ ਜੜ੍ਹ ਪਾਈ।

## ਬਿਰਹਾ

ਬਿਰਹਾ
ਬਿਰਹਾ
ਬਿਰਹਾ ਹੋਈ
ਬਿਰਹਾ ਨੂੰ
ਗਲ ਲਾਇਆ

ਬਿਰਹਾ
ਬਿਰਹਾ
ਬਿਰਹਾ ਜੰਮਿਆਂ
ਬਿਰਹਾ
ਤਨ ਵਿਚ
ਪਾਇਆ

ਬਿਰਹਾ
ਬਿਰਹਾ
ਬਚਪਨ ਬਿਰਹਾ
ਬਿਰਹਾ
ਲਾਡ
ਲਡਾਇਆ

ਬਿਰਹਾ
ਬਿਰਹਾ
ਧੁੱਪਾਂ ਬਿਰਹਾ
ਬਿਰਹਾ
ਆਪ
ਖੁਆਇਆ

ਬਿਰਹਾ
ਬਿਰਹਾ
ਜੀਵਨ ਬਿਰਹਾ
ਬਿਰਹਾ
ਪੱਤਝੜ
ਆਇਆ

ਪੱਤਝੜ
ਪੱਤਝੜ
ਬਿਰਹਾ
ਬਿਰਹਾ
ਬਿਰਹਾ ਦੀ
ਪ੍ਰਕਰਮਾਂ ਕਰਦਿਆਂ
ਪੀੜਾਂ ਦਾ
ਰੱਬ
ਪਾਇਆ

## ਗੀਤ

ਤਪ ਨੀ ਜਿੰਦੇ
ਹੋਰ ਤਪ
ਤੈਨੂੰ ਕੁਠਾਲੀ ਪਾ ਦਿਆਂ
ਯਾਦ-ਭੱਠੀ ਚਿਣਕੇ ਸਾਰੇ ਹਾਦਸੇ
ਪੀੜਾਂ ਦਾ ਲਾਂਬੂ ਲਾ ਦਿਆਂ
ਤਪ ਨੀ ਜਿੰਦੇ
ਹੋਰ ਤਪ .....

ਵਿਚ ਕੁਠਾਲੀ ਢਲ ਕੇ ਜਿੰਦੇ
ਰੂਪ ਤੇਰਾ ਨਿੱਖਰ ਜਾਏ
ਸਾਰ ਦੀ ਮਹਿੰਦੀ ਸਜਾ ਕੇ
ਮੌਤ ਨਾਲ ਪਰਣਾ ਦਿਆਂ
ਤਪ ਨੀ ਜਿੰਦੇ
ਹੋਰ ਤਪ .....

ਬੇ-ਸਹਾਰਾ, ਬੇ-ਕਿਨਾਰਾ
ਸੋਗ ਵਿਚ ਤਰਦੀ ਤਮ੍ਹਾਂ
ਆਸ ਦੀ ਬੇੜੀ ਨੂੰ ਡੋਬਾਂ
ਮੌਤ ਦੇ ਗਲ ਪਾ ਦਿਆਂ
ਤਪ ਨੀ ਜਿੰਦੇ
ਹੋਰ ਤਪ .....

ਦੋਸਤਾਂ ਹੈ ਆਖਿਆ
ਲਿਖ ਨਾ ਪੀੜਾ ਦਾ ਹਿਸਾਬ
ਆਪਣੇ ਤਨ ਦੀ ਪੀੜ ਨੂੰ ਮੈਂ
ਬੋਧ ਦੀ ਅੱਗ ਲਾ ਦਿਆਂ
ਤਪ ਨੀ ਜਿੰਦੇ
ਹੋਰ ਤਪ ....

ਮਰਨ ਦਾ ਵਲ ਆ ਗਿਆ
ਭਟਕਣ ਮੁਕਾਵਾਂ ਭਾਗ ਦੀ
ਹੱਥਾਂ ਤੇ ਕਾਟਾ ਵਾਹ ਦਿਆਂ
ਤਪ ਨੀ ਜਿੰਦੇ
ਹੋਰ ਤਪ .....

**ਜਸਵੰਤ ਮਾਂਗਟ ਦੇ ਛੇਤੀ ਹੀ ਛਪ ਰਹੇ ਕਾਵਿ ਸੰਗ੍ਰਹਿ "ਸਿੱਪੀਆਂ" ਵਿਚੋਂ**



## 'ਆਧੁਨਿਕ ਵਿਸ਼ਵ ਪੰਜਾਬੀ ਕਵਿਤਾ'

ਪੰਜਾਬੀ ਕਵੀ ਚਰਨ ਸਿੰਘ ਵਲੋਂ "ਆਧੁਨਿਕ ਵਿਸ਼ਵ ਪੰਜਾਬੀ ਕਵਿਤਾ" ਨਾਮੀ ਪੁਸਤਕ ਸੰਪਾਦਤ ਕੀਤੀ ਜਾ ਰਹੀ ਹੈ। ਜਿਸ ਵਿਚ ਵਿਸ਼ਵ ਪਧਰ ਤੇ ਪੰਜਾਬੀ ਕਾਵਿ-ਸੰਕਲਨ ਕੀਤਾ ਜਾਵੇਗਾ। ਚਰਨ ਸਿੰਘ ਵਲੋਂ ਕਨੇਡਾ ਵਿਚ ਵਸਦੇ ਹਰ ਕਵੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਰਚਨਾਵਾਂ ਹੇਠ ਲਿਖੇ ਪਤੇ ਤੇ ਭੇਜਣ ਦੀ ਕ੍ਰਿਪਾਲਤਾ ਕਰਨ। ਅਣਛਾਪੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ।

ਫੂਨ 274-9586

ਧੰਨਵਾਦ
ਚਰਨ ਸਿੰਘ
7260 Lombard Road
Richmond B.C. V7C3MI

## ਕੈਨੇਡਾ ਤੋਂ ਨਿਕਲਣ ਵਾਲੇ ਅੰਗਰੇਜ਼ੀ ਦੇ ਚੌ ਮਾਸਕ—ਪੱਤਰ

**ਰਪਚਰ (Rupture)**
**ਦਾ**
**ਮਈ 1983 ਦਾ ਵਿਸ਼ੇਸ਼ ਅੰਕ**

## ਕੈਨੇਡਾ ਦੀ ਪੰਜਾਬੀ ਕਵਿਤਾ ਹੋਵੇਗਾ

ਵਿਸ਼ੇਸ਼ ਫੀਚਰ
* ਪੰਜਾਬੀ ਦੇ ਸੁਪ੍ਰਸਿਧ ਆਲੋਚਕਾਂ ਦੇ ਕੈਨੇਡਾ ਦੀ ਪੰਜਾਬੀ ਕਵਿਤਾ ਬਾਰੇ ਵਿਸ਼ੇਸ਼ ਲੇਖ
* ਕਵਿਤਾਵਾਂ (ਅੰਗਰੇਜ਼ੀ ਅਨੁਵਾਦ)
* ਇੰਟਰਵਿਊਜ਼
* ਕਿਤਾਬਾਂ ਦੇ ਰੀਵੀਊਜ਼
* ਕੈਨੇਡਾ ਦੇ ਪੰਜਾਬੀ ਚਿਤਰਕਾਰਾਂ ਦੇ ਬਣਾਏ ਹੋਏ ਚਿਤਰ

ਕੈਨੇਡਾ ਦੇ ਪੰਜਾਬੀ ਕਵੀਆਂ, ਅਨੁਵਾਦਕਾਂ, ਆਲੋਚਕਾਂ ਅਤੇ ਚਿਤਰਕਾਰਾਂ ਨੂੰ ਬਿਨੇ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਕਵਿਤਾਵਾਂ, ਲੇਖ, ਮੁਲਾਕਾਤਾਂ, ਤਸਵੀਰਾਂ ਆਦਿ 15 ਮਾਰਚ, 1983 ਤੱਕ ਭੇਜਣ ਦੀ ਖੇਚਲ ਕਰਨ। ਇਹ ਕਲਾਂ ਕ੍ਰਿਤਾਂ ਕਿਤੇ ਵੀ ਛਪੀਆਂ ਹੋਈਆਂ ਨ ਹੋਣ। ਕਵਿਤਾਵਾਂ ਘੱਟ ਤੋਂ ਘੱਟ ਦੋ ਦੋ ਅਤੇ ਇਨ੍ਹਾਂ ਦੇ ਪੰਜਾਬੀ ਅਤੇ ਅੰਗਰੇਜ਼ੀ ਰੂਪ ਦੋਵੇਂ ਭੇਜਣੇ ਜ਼ਰੂਰੀ ਹਨ।

ਸੰਪਰਕ ਲਈ ਪਤਾ :
SUKHINDER
Editor : Rupture
Box 732, Postal Stn 'A' Toronto, M5W 1G2, Ontario

ਵਿਦੇਸ਼ ਸੰਪਾਦਕ :
ਸੁਤਿੰਦਰ ਸਿਘ ਨੂਰ (ਡਾ:)
ਆਧੁਨਿਕ ਭਾਰਤੀ ਭਾਸ਼ਾ ਵਿਭਾਗ,
ਦਿੱਲੀ, ਯੂਨੀਵਰਸਿਟੀ, ਦਿੱਲੀ-7, ਇੰਡੀਆ

ਗੁਰਭਗਤ ਸਿਘ (ਡਾ:)
ਰੀਡਰ ਅੰਗਰੇਜ਼ੀ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ, ਇੰਡੀਆ

**ਅਗਲੇ ਅੰਕ ਤੋਂ ਤੁਹਾਡੀ ਜਾਣਕਾਰੀ ਲਈ ਕਾਲਮ, ਤਸਵੀਰ ਤੇ ਸ਼ਬਦ ਚਿਤਰ ਜਾਰੀ ਰਹਿਣਗੇ**

ਪੰਜਾਬੀ ਲੇਖਕਾਂ ਨੂੰ ਸੂਚਨਾ
ਦਿੰਦਿਆਂ ਸਾਨੂੰ ਖੁਸ਼ੀ ਮਹਿਸੂਸ
ਹੋ ਰਹੀ ਹੈ ਕਿ ਪੰਜਾਬ
ਸਟੇਟ ਯੂਨੀਵਰਸਿਟੀ
ਟੈਕਸਟ ਬੁੱਕ ਬੋਰਡ
ਵਲੋਂ ਤਿਆਰ ਕੀਤੀ ਡਿਕਸ਼ਨਰੀ
ਏਸ਼ੀਆ ਬੁੱਕ ਕੰਪਨੀ
ਵੈਨਕੂਵਰ ਕੋਲ ਪਹੁੰਚ ਗਈ ਹੈ
ਕੈਨੇਡਾ ਦੇ ਪੰਜਾਬੀ ਪਾਠਕਾਂ
ਦੀ ਸੂਚਨਾ ਹਿਤ — ਪੰਜਾਬੀ ਤੇ
ਹਿੰਦੀ ਪੁਸਤਕਾਂ ਦੀ ਨਵੀਂ ਸ਼ਿਪਮੈਂਟ
ਪਹੁੰਚ ਗਈ ਹੈ ਫੋਨ ਕਰੋ 324-6111

## ਪੂਰਬ ਤੇ ਪੱਛਮ

ਹਰਜਿੰਦਰ ਚੀਮਾ

○

ਤੇਰੀ ਤੇ ਮੇਰੀ
ਰੂਹ ਵਿਚਕਾਰ
ਹੁਣ ਸਦੀਆਂ ਦਾ ਫ਼ਾਸਲਾ
ਨਦੀ ਦੇ ਦੋ ਕਿਨਾਰਿਆਂ ਵਾਂਗ
ਤੇਰੇ ਤੇ ਮੇਰੇ ਦਿਲ ਵਿਚ
ਓਨੀ ਹੀ ਦੂਰੀ
ਜਿੰਨੀ ਕੁ
ਧਰਤੀ ਤੇ ਅੰਬਰ ਵਿਚਾਲੇ—
ਜੋ ਜ਼ਮਾਨੇ ਵਿਚ
ਕਦੇ ਵੀ
ਤੇ
ਕਿਤੇ ਵੀ
ਇਕ ਨਹੀਂ ਹੋਏ
ਪੂਰਬ ਤੇ ਪੱਛਮ ਦੀ ਦੂਰੀ
ਕਿਉਂਕਿ ਤੂੰ ਪੂਰਬ ਵਿਚ ਜਨਮੀ
ਮੈਂ ਪੱਛਮ ਦੀ ਦੇਣ।

## ਨਵੀਆਂ ਕਲਮਾਂ:

### ਕੁੜੀ ਜਵਾਨ ਮੁੰਡੇ ਪਰੇਸ਼ਾਨ

ਮਨਜੀਤ ਬਿਨਿੰਗ, ਵੈਨਕੂਵਰ

ਕੁੜੀ ਪੜ੍ਹ ਗਈ ਜਮਾਤਾਂ ਕੈਨੇਡਾ ਦੀਆਂ
ਗੱਲਾਂ ਗੋਰਿਆਂ ਨਾਲ ਹੁਣ ਕਰਨ ਲੱਗ ਪਈ
ਭੁਲਦੀ ਜਾਂਦੀ ਹੁਣ ਪੰਜਾਬੀ ਬੋਲੀ ਤਾਈਂ,
ਗੁਰਦੁਆਰਿਆਂ ਤੋਂ ਨਫਰਤ ਕਰਨ ਲੱਗ ਪਈ

ਹੁਣ ਰੱਬ ਤੋਂ ਏਸ ਨੇ ਕੀ ਲੈਣਾ,
ਜਦ ਖੁਦ ਹੀ ਰੱਬ ਕਹਾਉਂਦੀ ਏ
ਗੁਰਦੁਆਰੇ ਜਾ ਕੇ ਇਸਨੇ ਕੀ ਲੈਣਾ
ਆਪਣੇ ਆਪ ਨੂੰ ਰੱਬ ਸਦਾਉਂਦੀ ਏ।

ਕੰਮ ਲੱਭ ਲਿਆ ਕਲੀਨਰੀ ਦਾ
ਤਰੀਕਾ ਮਿਲ ਗਿਆ ਰੋਜ਼ੀ ਕਮਾਉਣੇ ਦਾ
ਮਾਂ ਬਾਪ ਤੋਂ ਏਸ ਨੇ ਕੀ ਲੈਣਾ,
ਟਾਈਮ ਮਿਲ ਗਿਆ ਘੁੰਮਣ ਘੁੰਮਾਉਣੇ ਦਾ

ਕਹਿੰਦੇ ਕੁੜੀ ਪੈਸੇ ਜੁਦ ਰੱਖਣ ਲੱਗ ਪਈ
ਚੈੱਕ ਬੈਂਕ ਵਿਚ ਕੈਸ਼ ਕਰਾਉਣ ਲੱਗੀ
ਸ਼ਰੇਆਮ ਕਰੇ ਮੁੰਡਿਆਂ ਨਾਲ ਗੱਲਾਂ
ਭੈਣ ਭਰਾ ਨੂੰ ਹੁਣ ਭੁਲਾਉਣ ਲੱਗੀ

ਗੋਰੀ ਆਪਣੇ ਆਪ ਨੂੰ ਸਮਝਦੀ ਹੈ
ਵਾਲ ਪੂਰੇ ਸਟਾਈਲ ਕਟਾਉਂਦੀ ਹੈ
ਸਪਰੇਅ, ਬੁਰਸ਼ ਦੀ ਹੁਣ ਇਹ ਕਰੇ ਵਰਤੋਂ
ਨਿੱਤ ਨਵਾਂ ਹੀ ਰੰਗ ਬਣਾਉਂਦੀ ਹੈ

ਮੂੰਹ ਧੋਵੇ ਬਿਸ਼ੱਕ ਇਹ ਨਾ ਧੋਵੇ
ਪੌਡਰ, ਸੁਰਖੀ, ਕਰੀਮ ਲਗਾਉਂਦੀ ਹੈ
ਅੱਖੀਂ ਪਾ ਕੇ ਸੁਰਮਾ ਨਿੱਤ ਮਟਕਾਵੇ
ਅੱਖਾਂ ਉਪਰ ਇਹ ਨਾਮ ਬਣਾਉਂਦੀ ਹੈ

ਕਹਿੰਦੀ ਸੂਟ ਪਾਉਂਦੀ ਨੂੰ ਹੁਣ ਸੰਗ ਲੱਗਦੀ
ਬੈਲ ਬੌਟਮ ਹੀ ਮਨ ਨੂੰ ਭਾਉਂਦਾ ਹੈ
ਸ਼ਰਟਾਂ, ਪੈਂਟਾਂ ਪਾਉਣ ਤੋਂ ਅੱਕ ਚੁਕੀ
ਸਕਰਟਾਂ ਪਾਉਣ ਨੂੰ ਦਿਲ ਲਲਚਾਉਂਦਾ ਹੈ

ਪਤਾ ਨਹੀਂ ਕੀ ਚੀਜ਼ ਹੈ ਪਰਸ ਦੇ ਵਿਚ
ਪੱਪੀ ਵਾਂਗ ਬਾਹੀਂ ਲਮਕਾਈ ਰੱਖਦੀ
ਇਕ ਹੱਥ ਡਾਇਰੀ, ਦੂਜੇ ਪਰਸ ਹੋਵੇ
ਵਿਚ ਮੇਕਅੱਪ ਦਾ ਮਾਲ ਸਜਾਈ ਰੱਖਦੀ।

## ਗਰਭਵਤੀ ਪਾਕੀ ਕੁੜੀ ਨੂੰ ਕੋੜੇ ਪੈਣਗੇ

ਇਸਲਾਮਾਬਾਦ —ਪਾਕਿਸਤਾਨ ਦੇ ਉਤਰ ਪੱਛਮੀ ਸਰਹੱਦੀ ਸੂਬੇ ਵਿਚ ਇਕ ਇਸਲਾਮੀ ਅਦਾਲਤ ਨੇ 'ਹੋਣ ਵਾਲੇ ਨਜਾਇਜ਼ ਬੱਚੇ ਦੀ ਮਾਂ' ਬਣਨ ਦੇ ਦੋਸ਼ ਵਿਚ ਇਕ ਗਰਭਵਤੀ ਹੋਈ ਅਣਵਿਆਹੀ ਕੁੜੀ ਨੂੰ 100 ਕੋਰੜੇ ਮਾਰਨ ਅਤੇ ਦੋ ਸਾਲ ਕੈਦ ਦੀ ਸਜ਼ਾ ਦਿਤੀ ਹੈ। ਇਹ ਗੱਲ ਵੱਡੀ ਗਿਣਤੀ ਵਿਚ ਛਪਦੀ ਇਕ ਰੋਜ਼ਾਨਾ ਅਖਬਾਰ 'ਜੰਗ' ਨੇ ਆਪਣੀ ਇਕ ਖਬਰ ਵਿਚ ਦੱਸੀ। ਅਖਬਾਰ ਨੇ ਦਸਿਆ ਕਿ ਉਸ ਮੁੰਡੇ ਨੂੰ ਗ੍ਰਿਫਤਾਰ ਕਰ ਲਿਆ ਹੈ ਜਿਸ ਦੇ ਨਾਲ ਇਸ ਕੁੜੀ ਦੇ ਸਰੀਰਕ ਸਬੰਧ ਸਨ। ਪਾਕਿਸਤਾਨ ਦੇ ਇਸਲਾਮੀ ਨੇਮਾਂ ਅਨੁਸਾਰ ਕੁੜੀ ਸਜ਼ਾ ਦੇ ਖਿਲਾਫ ਪਾਕਿਸਤਾਨ ਦੀ ਫੈਡਰਲ ਸ਼ਰੀਅਤ ਵਿਚ ਅਪੀਲ ਕਰ ਸਕਦੀ ਹੈ, ਜਿਹੜੀ ਕਿ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਹੈ

ਸਾਂਤ ਚਿਤ ਰਿਹਾਂ ਸਭਨਾਂ ਉਤੇ ਹੁਕਮ ਚਲਾ ਸਕਦੇ ਹੋ।
— ਫ਼ਰਾਂਸਿਸ ਕੁਆਰਲੇ

ਲੋਕਾਂ ਨੂੰ ਸ਼ਰਮਸਾਰ ਕਰਨ ਨਾਲੋਂ ਉਹਨਾਂ ਨੂੰ ਗੁੱਸਾ ਚੜ੍ਹਾਉਣਾ ਸਦਾ ਸੌਖਾ ਹੁੰਦਾ ਹੈ।
— ਰਾਬਿੰਦਰ ਨਾਥ ਟੈਗੋਰ

ਕਹਾਣੀ—

# ਦਿਓ

ਜਗਦੇਵ ਜਟਾਣਾ

ਰਾਤ ਅਧੋਂ ਵੱਧ ਬੀਤ ਚੁਕੀ ਸੀ ਪਰ ਲਗਦਾ ਸੀ ਨੀਂਦ ਜਿਵੇਂ ਉਸ ਨਾਲ ਰੁੱਸੀ ਹੋਵੇ। ਇਹ ਕੋਈ ਨਵੀਂ ਗਲ ਨਹੀਂ ਸੀ ਪਿਛਲੇ ਤਕਰੀਬਨ ਦੋ ਮਹੀਨਿਆਂ ਤੋਂ ਇਹੋ ਜਿਹੀ ਹਾਲਤ ਨਾਲ ਉਸ ਨੂੰ ਦੋ ਚਾਰ ਹੋਣਾ ਪੈ ਰਿਹਾ ਸੀ। ਉਹ ਕਦੀ ਸੁਪਨੇ ਵਿਚ ਵੀ ਨਹੀ ਸੀ ਸੋਚ ਸਕਦੀ ਕਿ ਉਸ ਦੀ ਪੜ੍ਹਾਈ ਉਸ ਦੇ ਸੁਹੱਪਣ ਅਤੇ ਉਸ ਦੀ ਸਿਆਣਪ ਦਾ ਇਹ ਹਸ਼ਰ ਵੀ ਹੋ ਸਕਦਾ ਹੈ। ਉਹ ਨਹੀਂ ਸੀ ਜਾਣਦੀ ਕਿ ਸਜਾਏ ਸੁਪਨੇ ਕਦੇ ਪੂਰੇ ਨਹੀਂ ਹੁੰਦੇ। ਹਕੀਕਤ ਨਾਲ ਟਕਰਾ ਉਸ ਦੇ ਸਜਾਏ ਸੁਪਨੇ ਵੀ ਮੁੱਠ ਵਿਚੋਂ ਕਿਰਦੀ ਰੇਤ ਵਾਂਗ ਕਿਰ ਗਏ। ਉਸ ਨਾਲ ਦੇ ਬੈੱਡ ਤੇ ਪਏ ਆਪਣੇ ਪਤੀ ਵੱਲ ਖਾ ਜਾਣ ਵਾਲੀਆਂ ਨਿਗਾਹਾਂ ਨਾਲ ਤੱਕਿਆ। ਉਸ ਦਾ ਮੂੰਹ ਕੌੜਾ ਜ਼ਹਿਰ ਹੋ ਗਿਆ। ਪਰ ਦੂਜੇ ਪਲ ਹੀ ਉਹ ਪ੍ਰੀਤ ਨੂੰ ਬੇ ਕਸੂਰ ਜਾਪਿਆ। ਉਹ ਕੋਈ ਨਿਰਨਾ ਨਾ ਕਰ ਸਕੀ। ਸੋਚ ਸੋਚ ਉਸ ਦਾ ਦਿਮਾਗ ਫਟਣ ਤੇ ਆ ਗਿਆ। ਪ੍ਰੀਤ ਆਪਣੀਆਂ ਪਤਲੀਆਂ ਪਤਲੀਆਂ ਫਲੀਆਂ ਵਰਗੀਆਂ ਉਂਗਲਾਂ ਨਾਲ ਮੱਥਾ ਘੁੱਟਣ ਲੱਗੀ ਜਿਸ ਨਾਲ ਪੁੜਪੜੀਆਂ ਵਿਚੋਂ ਨਿਕਲਦੀਆਂ ਚੀਸਾਂ ਨੂੰ ਆਰਜ਼ੀ ਠਲ ਪੈ ਗਈ।

ਉਹ ਚੁਪ ਚੁਪੀਤੀ ਉਠ ਬੈਠੀ। ਕੋਲ ਪਿਆ ਨਾਈਟ ਗਾਊਨ ਚੁੱਕ ਇਕ ਤਰ੍ਹਾਂ ਉਸ ਮੋਢਿਆਂ ਉਪਰ ਸਿਟ ਲਿਆ ਅਤੇ ਉਹ ਬੇਚੈਨ ਘੁੰਮਦੀ ਘੁਮਾਉਂਦੀ ਲਿਵਿੰਗ ਰੂਮ ਵਿਚ ਸੋਫੇ ਵਿਚ ਜਾ ਧਸੀ। ਮਨ ਵਿਚ ਉਠੇ ਤੂਫਾਨ ਤੋਂ ਛੁਟਕਾਰਾ ਪਾਉਣ ਲਈ ਵਿੰਡੋ ਤੇ ਤਣਿਆਂ ਪਰਦਾ ਪਾਸੇ ਕਰ ਉਹ ਸੱਖਣੀਆਂ ਅੱਖਾਂ ਨਾਲ ਬਾਹਰ ਤੱਕਣ ਲੱਗ ਪਈ। ਬਾਹਰ ਪੋਂਜੇ ਦੁਆਲੇ ਉਡਦੀ ਰੂੰ ਵਾਂਗ ਮੋਟੀ ਮੋਟੀ ਸਨੋ ਪੈ ਰਹੀ ਸੀ। ਸਨੋ ਦੇ ਚਿੱਟੇ ਚਿੱਟੇ ਫੰਬੇ ਸਟਰੀਟ ਲਾਈਟ ਦੀ ਪੀਲੀ ਰੋਸ਼ਨੀ ਵਿਚ ਕਿਸੇ ਉਡੇ ਆਉਂਦੇ ਮਖਿਆਲ ਦਾ ਭੁਲੇਖਾ ਪਾ ਰਹੇ ਸਨ। ਉਸ ਆਪਣੇ ਵਾਲਾਂ ਵਿਚ ਹੱਥ ਫੇਰਨਾ ਚਾਹਿਆ ਪਰ ਜੂੜ ਕੇ ਜਟੂਰੀਆਂ ਬਣ ਚੁੱਕੇ ਵਾਲਾਂ ਨੇ ਉਂਗਲਾਂ ਦਾ ਰਾਹ ਰੋਕ ਲਿਆ ਉਸ ਦਾ ਹਉਕਾ ਨਿਕਲ ਗਿਆ।

ਉਹ ਬੇਸ਼ਕ ਲੋਹੜੇ ਦੀ ਸੰਗਾਊ ਸੀ ਪਰ ਬਣ ਸੰਵਰ ਕੇ ਰਹਿਣ ਦੀ ਪੂਰੀ ਸ਼ੌਕੀਨ। ਉਂਝ ਪ੍ਰੀਤ ਬਹੁਤੀ ਸੋਹਣੀ ਤਾਂ ਨਹੀਂ ਸੀ ਪਰ ਜਵਾਨੀ ਆਪਣੇ ਆਪ 'ਚ ਇਕ ਆਕਰਸ਼ਣ ਰੱਖਦੀ ਹੈ। ਉਤੋਂ ਉਸ ਦਾ ਬਣ ਠਣ ਕੇ ਰਹਿਣਾ ਸੋਨੇ ਤੇ ਸੁਹਾਗੇ ਦਾ ਕੰਮ ਕਰਦਾ। ਕਾਲਜ ਜਾਂਦੀ ਤਾਂ ਮੁੰਡੇ ਮਖਿਆਲ ਵਾਂਗ ਮੰਡਰਾਉਂਣ ਲਗ ਜਾਂਦੇ ਕਈ ਵੇਰ ਉਸ ਦੀ ਰੂਮ ਮੇਟ ਉਸ ਦੀ ਸ਼ੌਕੀਨੀ ਵੇਖ ਕਹਿ ਉਠਦੀ, 'ਕੋਈ ਪਟੇਂਗੀ ਸਰੋਂ ਦਾ ਰਾਖਾ ••••• ••।'' ਤੇ ਪ੍ਰੀਤ ਸਿਰਫ ਮੁਸਕਰਾ ਦਿੰਦੀ।

ਪਿਛਲੇ ਸਾਲ ਦੀ ਹੀ ਤਾਂ ਗੱਲ ਹੈ। ਜਦ ਉਹ ਕਸ਼ਮੀਰ ਦੇ ਟੂਰ ਸਹੇਲੀਆਂ ਨਾਲ ਗਈ ਸੀ। ਉਸ ਦਿਨ ਵੀ ਇਸੇ ਤਰ੍ਹਾਂ ਮੋਟੀ ਸਨੋ ਪੈ ਰਹੀ ਸੀ। ਅਲਬੇਲੀਆਂ ਮੁਟਿਆਰਾਂ ਦੀ ਟੋਲੀ ਸਨੋ-ਫਾਲ ਦੇ ਨਜ਼ਾਰੇ ਦਾ ਆਨੰਦ ਮਾਣ ਰਹੀ ਸੀ ਕਿ ਦੋ ਦੋ ਚਾਰ ਚਾਰ ਕਸ਼ਮੀਰੀ ਮੂੰਹ ਵਿਚ ਕੁਝ ਬੁੜ ਬੁੜਾਉਂਦੇ ਕਾਹਲੇ ਕਦਮੀਂ ਉਹਨਾਂ ਕੋਲ ਆ ਜਾ ਰਹੇ ਸਨ। ਉਹ ਬੇਸ਼ਕ ਉਹਨਾਂ ਦੀ ਬੋਲੀ ਤਾਂ ਨਹੀਂ ਸੀ ਸਮਝਦੀ ਪਰ ਉਹਨਾਂ ਦੇ ਚਿਹਰਿਆਂ ਤੋਂ ਹਾਵ ਭਾਵ ਪੜ੍ਹਨ ਦਾ ਜਤਨ ਜ਼ਰੂਰ ਕਰਦੀ ਰਹੀ। ਜਦ ਉਸ ਦੇ ਕੁਝ ਵੀ ਪਿੜ ਪੱਲੇ ਨਾ ਪਿਆ ਤਾਂ ਉਹ ਆਪਣੀ ਮੈਡਮ ਪਾਸ ਜਾ ਪੁਜੀ। ਉਸਦੇ ਸਵਾਲ ਦੇ ਜਵਾਬ ਵਿਚ ਮੈਡਮ ਨੇ ਪਹਿਲਾਂ ਤਾਂ ਉਸ ਨੂੰ ਟਾਲਣ ਦੀ ਕੋਸ਼ਿਸ਼ ਕੀਤੀ, 'ਛੱਡ ਪ੍ਰੀਤ ਹਰ ਗਲ ਵਿਚ ਵਾਲ ਦੀ ਖੱਲ ਨਾ ਲਾਹਿਆ ਕਰ। ਕਾਲਜ ਵਿਚ ਤਾਂ ਤੂੰ ਦਿਮਾਗ ਚੱਟਦੀ ਹੈਂ। ਇਸ ਟੂਰ ਤੇ ਤਾਂ ਆਨੰਦ ਮਾਣ।' ਪਰ ਪ੍ਰੀਤ ਦੇ ਦੁਬਾਰਾ ਪੁਛਣ ਤੇ ਉਸ ਬੜੀ ਪੁਰਾਣੀ ਗਲ ਸੁਣਾਈ।

ਪ੍ਰੀਤ ! ਪੁਰਾਣੇ ਸਮੇਂ ਦੀ ਗੱਲ ਹੈ। ਇਸ ਬਸਤੀ ਵਿਚ ਇਕ ਬਹੁਤ ਹੀ ਖੂਬਸੂਰਤ ਕੁੜੀ ਰਹਿੰਦੀ ਸੀ। ਉਂਝ ਕਸ਼ਮੀਰਨਾਂ ਦਾ ਸੁਹੱਪਣ ਤਾਂ ਤੂੰ ਦੇਖ ਹੀ ਰਹੀ ਹੈਂ ਪਰ ਉਹ ਕੁੜੀ ਤਾਂ ਇੰਦਰ ਦੇ ਅਖਾੜੇ ਦੀ ਅਪਸਰਾਂ ਲਗਦੀ ਸੀ। ਜਿਵੇਂ ਉਸ ਨੂੰ ਕਿਸੇ ਗਲਤੀ ਦੀ ਸਜ਼ਾ ਦੇਣ ਖਾਤਰ ਦੀ ਮਾਤ ਲੋਕ ਭੇਜਿਆ ਗਿਆ ਹੋਵੇ। ਹੱਸੂ ਹੱਸੂ ਕਰਦੀ ਉਹ ਮੁਟਿਆਰ ਕਲ ਕਲ ਵਗਦੀਆਂ ਕੂਲਾਂ ਤੇ ਹਰਨੋਟੀਆਂ ਵਾਂਗ ਚੁੰਗੀਆਂ ਭਰਦੀ ਰਹਿੰਦੀ। ਕਹਿੰਦੇ ਹਨ ਇਕ ਵੇਰ ਉਹ ਉਸ ਸੰਘਣੇ ਜੰਗਲ ਵੱਲ ਚਲੀ ਗਈ ਜਿਥੋਂ ਘੱਟ ਹੀ ਕੋਈ ਬੱਚ ਕੇ ਆਉਂਦਾ ਸੀ। ਉਸ ਜੰਗਲ ਬਾਰੇ ਮਸ਼ਹੂਰ ਸੀ ਕਿ ਉਥੇ ਇਕ ਦਿਓ ਰਹਿੰਦਾ ਹੈ। ਦਿਓ ਉਸ ਕੁੜੀ ਦਾ ਸੁਹੱਪਣ ਵੇਖ ਮੋਹਿਤ ਹੋ ਗਿਆ। ਉਹ ਕੁੜੀ ਦੇ ਸੁਹੱਪਣ ਵਿਚ ਇੰਨਾ ਗਰਕ ਹੋ ਗਿਆ ਕਿ ਉਸ ਨੂੰ ਪਤਾ ਵੀ ਨਾਂ ਲੱਗਾ ਕਿ ਕਦ ਉਹ ਮੁਟਿਆਰ ਵਾਪਸ ਵੀ ਚਲੀ ਗਈ। ਦਿਓ ਇਕ ਦਮ ਕਸਬੇ ਵੱਲ ਭੱਜ ਉੱਠਿਆ। ਲੋਕ ਡਰਦੇ ਮਾਰੇ ਘਰਾਂ ਵਿਚ ਸਿਮਟ ਗਏ। ਫੇਰ ਅਚਾਨਕ ਸਾਰਿਆਂ ਦਿਓ ਦੀ ਗੜਕਦੀ ਆਵਾਜ਼ ਸੁਣੀ ਕਿ ਜੇ ਕੁੜੀ ਉਸ ਦੇ ਹਵਾਲੇ ਕਰ ਦੇਣ ਤਾਂ ਉਹ ਇਹ ਜੰਗਲ ਛਡ ਜਾਏਗਾ। ਜੇ ਕੁੜੀ ਉਸ ਦੇ ਹਵਾਲੇ ਨਾ ਕੀਤੀ ਤਾਂ ਉਹ ਸਾਰੇ ਕਸਬੇ ਨੂੰ ਸਾੜ ਕੇ ਸੁਆਹ ਕਰ ਦੇਵੇਗਾ। ਘਰ ਘਰ ਖੁਸਰ ਫੁਸਰ ਹੋਣ ਲੱਗੀ। ਹਰ ਇਕ ਨੂੰ ਆਪਣੀ ਜਾਨ ਦਾ ਫ਼ਿਕਰ ਪਿਆ ਹੋਇਆ ਸੀ। ਅੰਤ ਫੈਸਲਾ ਹੋਇਆ ਕਿ ਜੇ ਇਕ ਮੁਟਿਆਰ ਦੀ ਜਾਨ ਜਾਣ ਨਾਲ ਕਸਬਾ ਅਬਾਦ ਰਹਿ ਸਕਦਾ ਹੈ ਤਾਂ ਕਿਉਂ ਨਾ ਉਸ਼ਨੂੰ ਦਿਓ ਦੇ ਹਵਾਲੇ ਕਰ ਦਿੱਤਾ ਜਾਵੇ। ਉਹਨਾਂ ਆਪਣੀਆਂ ਜਾਨਾਂ ਤੇ ਘਰ ਘਾਟ ਬਚਾਉਣ ਖਾਤਰ ਉਸ ਦਿਓ ਦੇ ਹੱਥੀਂ ਸੌਂਪ ਦਿਤਾ। ਉਸ ਦਿਨ ਤੋਂ ਬਾਅਦ ਕਿਸੇ ਨੇ ਵੀ ਦਿਓ ਨੂੰ ਇਧਰ ਨਹੀਂ ਦੇਖਿਆ। ਇਹ ਲੋਕ ਉਸ ਮੁਟਿਆਰ ਦੀ ਸਮਾਧ ਬਣਾ ਉਸ ਦੀ ਪੂਜਾ ਕਰਦੇ ਹਨ। ਜਿਉਂਦੀ ਦੇ ਅਰਮਾਨ ਕੁਚਲ ਉਸ ਨੂੰ ਬਲਦੀ ਅੱਗ ਵਿਚ ਝੋਕ ਹੁਣ ਉਸ ਦੀ ਸਮਾਧ ਦੀ ਪੂਜਾ ਕਰਦੇ ਹਨ। ਮੰਨਤਾਂ ਮੰਨਦੇ ਹਨ। ਮੈਡਮ ਦਾ ਕਿਹਾ ਆਖਰੀ ਵਾਕ ਜਨਤਾ ਦੇ ਅੰਧ ਵਿਸ਼ਵਾਸ਼ ਦਾ ਮੂੰਹ ਚਿੜਾ ਰਿਹਾ ਸੀ।

ਇਹ ਗਲ ਸੁਣ ਕੁੜੀਆਂ ਭਾਂਤ ਭਾਂਤ ਦੀਆਂ ਬੋਲੀਆਂ ਬੋਲਣ ਲਗੀਆਂ। ਕੋਈ ਕਹਿੰਦੀ, 'ਹਾਏ ਹਾਏ ਚੰਦਰਾਂ ਦਿਓ ਸਹੁਰੀਂ ਬਿਲਕੁਲ ਹੀ ਨਹੀਂ ਆਉਂਦਾ। ਦੂਜੀ ਕਹਿੰਦੀ, 'ਹੁਣ ਉਹਨੇ ਸਹੁਰਿਆਂ ਤੋਂ ਮੂੰਗੀ ਲੈਣੀ ਐ ? ਬੁਲਬੁਲ ਉਹਦੇ ਪਿੰਜਰੇ ਵਿਚ ਐ'। ਤੀਜੀ ਪਹਿਲੀ ਨੂੰ ਜਾ ਰਗੜਾ ਧਰਦੀ, 'ਇਹਦਾ ਜੀਅ ਕਰਦੈ ਦਿਓ ਨੂੰ ਮਿਲਣ ਨੂੰ ਤਾਂ ਹੀ ਤਾਂ ਪੁੱਛਦੀ ਹੈ ਸਹੁਰੀਂ ਬਿਲਕੁਲ ਹੀ ਨਹੀਂ ਆਉਂਦਾ।' ਇਸ ਤਰ੍ਹਾਂ ਕੁੜੀਆਂ ਇਕ ਦੂਜੀ ਨੂੰ ਠੱਠਾ ਮਖੌਲ ਕਰਨ ਲਗ ਪਈਆਂ।

ਪਰ ਪ੍ਰੀਤ ਨੂੰ ਲਗਾ ਜਿਵੇਂ ਦਿਓ ਦੀ ਰੂਹ ਉਸ ਰਾਜੇ ਵਿਚ ਪ੍ਰਵੇਸ਼ ਕਰ ਗਈ ਹੋਵੇ ਜਿਸ ਦੇ ਕਹਿਰ ਦਾ ਸ਼ਿਕਾਰ ਉਹਨਾਂ ਦਾ ਪਿੰਡ ਹੋਇਆ ਦਸਿਆ ਜਾਂਦਾ ਸੀ। ਜਿਸ ਰਾਜੇ ਨੇ ਇਹੀ ਗਲ ਫਿਰ ਦੁਹਰਾਉਂਣੀ ਚਾਹੀ ਸੀ। ਪਰ ਕਾਮਯਾਬ ਨਹੀਂ ਸੀ ਹੋ ਸਕਿਆ। ਉਸ ਦੇ ਮਾਂ ਪਿਓ ਬਿਲਕੁਲ ਅਜਿਹੀ ਹੀ ਕਹਾਣੀ ਉਸ ਰਾਜੇ ਦੀ ਸੁਣਾਉਂਦੇ ਹੁੰਦੇ ਸਨ। ਚੌਦੇਂ ਮਸਿਆ ਨੂੰ ਇਕ ਸਮਾਧ ਤੇ ਕੱਚੀ ਲੱਸੀ ਜਾਂ ਪ੍ਰਸ਼ਾਦ ਚੜ੍ਹਾਉਂਦੇ ਤਾਂ ਉਸ ਨੇ ਖੁਦ ਦੇਖੇ ਸਨ। ਇਹ ਮੜ੍ਹੀਆਂ ਪੂਜਣ ਦੀ ਰੀਤ ਤਾਂ ਅਜ ਤਕ ਉਵੇਂ ਦੀ ਉਵੇਂ ਚਲ ਰਹੀ ਹੈ।

ਉਹਨਾਂ ਦੇ ਪਿੰਡ ਦੇ ਜੀਤੇ ਝੱਬਰ ਦੀ ਕੁੜੀ ਕਹਿੰਦੇ ਬੜੀ ਛੈਲ ਛਬੀਲੀ ਮੁਟਿਆਰ ਸੀ ਬਿਲਕੁਲ ਆਪਣੀ ਮਾਂ ਦੀ ਤਸਵੀਰ। ਮਾਂ ਤਾਂ ਵਿਚਾਰੀ ਦੀ ਨਿਰੀ ਹੁੰਦੀ ਦੀ ਮਰ ਗਈ ਸੀ। ਬਿਰਧ ਦਾਦੇ ਦਾਦੀ ਅਤੇ ਖੇਤਾਂ ਵਿਚ ਮਿੱਟੀ ਨਾਲ ਘੁਲਦੇ ਪਿਓ ਦੇ ਹੱਥਾਂ ਵਿਚ ਰੁਲਦੀ ਖੁਲਦੀ ਨੂੰ ਪਤਾ ਨਹੀਂ ਕਿਥੋਂ ਇੰਨਾਂ ਲੋਹੜੇ ਦਾ ਰੂਪ ਚੜ੍ਹ ਆਇਆ ਸੀ। ਬੇਸ਼ਕ ਜੀਤਾ ਉਸ ਨੂੰ ਬਹੁਤ ਲਾਡ ਲਡਾਉਂਦਾ ਸੀ ਪਰ ਮਰਦ ਤੀਵੀਆਂ ਵਾਲਾ ਪਿਆਰ ਕਿਵੇਂ ਦੇ ਸਕਦਾ ਹੈ। ਖਾਸ ਕਰ ਸਾਰਾ ਦਿਨ ਖੇਤੀ ਰੁਲਣ ਵਾਲਾ ਮਿਹਨਤੀ ਮਰਦ। ਬੜੀ ਤਣੀ ਸੁੰਦਰਤਾ ਦਾ ਇਕ ਨਮੂਨਾ ਸੀ ਮਿੰਦੀ। ਮੋਟੀਆਂ ਮੋਟੀਆਂ ਟੂਣੇ ਹਾਰੀਆਂ ਅੱਖਾਂ, ਤਿੱਖਾ ਤਲਵਾਰ ਵਰਗਾ ਨੱਕ ਬੁਲ੍ਹ ਨਿਰੇ ਗੁਲਾਬ ਦੀਆਂ ਪੱਤੀਆਂ ਹੱਸਦੀ ਤਾਂ ਚਿੱਟੇ ਦੰਦ ਮੋਤੀਆਂ ਦੀ ਮਾਲਾ ਦਾ ਭੁਲੇਖਾ ਪਾਉਂਦੇ। ਲੰਮੀ ਲੰਝੀ। ਕਦ ਬੁੱਤ ਵਲੋਂ ਤਾਂ ਸੁਖ ਨਾਲ ਮਾਂ ਪਿਓ ਦੋਵੇਂ ਪੂਰੇ ਸਨ। ਸੋ ਮਿੰਦੀ ਕਿਵੇਂ ਘੱਟ ਰਹਿੰਦੀ। ਤੁਰਦੀ ਨੂੰ ਵੇਖ ਮੋਰ ਪਾਇਲ ਪਾਉਣੀ ਭੁੱਲ ਜਾਂਦੇ।

ਉਹਨਾਂ ਦਿਨਾਂ ਵਿਚ ਰਿਆਸਤ ਦੇ ਰਾਜੇ ਵਲੋਂ ਹਨੇਰ ਪਾਇਆ ਹੋਇਆ ਸੀ। ਜਿਥੇ ਵੀ ਸੋਹਣੀ ਕੁੜੀ ਦੇਖੀ ਝੱਟ ਮਹਿਲੀਂ ਪਹੁੰਚਦੀ ਹੋਣ ਦਾ ਹੁਕਮ ਜਾਰੀ ਹੋ ਜਾਂਦਾ। ਪਰਜਾ ਦਾ ਪਿਤਾ ਪਰਜਾ ਲਈ ਹਊਆ ਬਣਿਆ ਹੋਇਆ ਸੀ। ਆਪਣੀਆਂ ਧੀਆਂ ਦੇ ਹਾਣ ਦੀਆਂ ਮੁਟਿਆਰਾਂ ਵੀ ਉਸ ਦੀ ਨਜ਼ਰ ਵਿਚ ਆਪਾ ਨਾਂ ਬਚਾ ਸਕਦੀਆਂ। ਜਗੀਰਾਂ ਦੇ ਲਾਲਚੀ ਕੁੱਤੇ ਪਿੰਡ ਪਿੰਡ ਸੁੰਘਦੇ ਫਿਰਦੇ ਕਿ ਕਦ ਕਿਸੇ ਸਨੱਖੀ ਮੁਟਿਆਰ ਦੀ ਖਬਰ ਮਹਾਰਾਜ ਨੂੰ ਦੇ ਕੇ ਬਖਸ਼ੀਸ਼ ਪ੍ਰਾਪਤ ਕਰਨ।

ਜਿੰਨਾਂ ਜੀਤੇ ਨੂੰ ਆਪਣੀ ਧੀ ਦੇ ਸੋਹਣੀ, ਸਿਆਣੀ ਤੇ ਸੁਸ਼ੀਲ ਹੋਣ ਤੇ ਮਾਣ ਸੀ ਉਨ੍ਹਾਂ ਹੀ ਫਿਕਰ ਉਸ ਨੂੰ ਅੰਦਰੋਂ ਵੱਢ ਵੱਢ ਖਾਂਦਾ ਰਹਿੰਦਾ। ਜੇ ਰਾਜੇ ਦੇ ਕੰਨੀ ਭਿਣਕ ਪੈ ਗਈ। ਮਿੰਦੀ ਸਾਰੀ ਉਮਰ ਲਈ ਪਿਓ ਵਰਗੇ ਰਾਜੇ ਦੀ ਕੈਦੀ ਬਣ ਕੇ ਰਹਿ ਜਾਵੇਗੀ। ਉਹ ਬਥੇਰਾ ਕੁੜੀ ਨੂੰ ਘਰ ਡੱਕ ਡੱਕ ਰਖਦੇ ਪਰ ਫੁਲਾਂ ਦੀ ਖੁਸ਼ਬੋ ਦਾ ਕੋਈ ਕੀ ਕਰੇ। ਕਿੰਨਾ ਚਿਰ ਇਸ ਸੁਗੰਧ ਨੂੰ ਰੋਕਿਆ ਜਾ ਸਕਦੀ ਹੈ।

ਬਖਸ਼ੀਸ਼ਾਂ ਦੇ ਲਾਲਚੀ ਕੁੱਤਿਆਂ ਜਾ ਮਹਾਰਾਜ ਦੀ ਜੈ ਜੈ ਕਾਰ ਕੀਤੀ, ਤੇ ਰਿਆਸਤ ਵਿਚ ਪੈਦਾ ਹੋਏ ਨਵੇਂ ਨਗੀਨੇ ਦੀ ਖਬਰ ਜਾ ਉਸ ਬੁੱਚੜ ਨੂੰ ਪਹੁੰਚਾਈ। ਰਾਜੇ ਨੇ ਅਹਿਲਕਾਰ ਭੇਜ ਜੀਤੇ ਨੂੰ ਬੜੇ ਲਾਲਚ ਦਿੱਤੇ। ਪਰ ਹਰ ਇਨਸਾਨ ਦਾ ਮਾਈ ਬਾਪ ਪੈਸਾ ਨਹੀਂ ਹੁੰਦਾ। ਜੀਤੇ ਨੇ ਸਾਫ ਨਾਂਹ ਕਰ ਦਿੱਤੀ। ਮੈਂ ਧੀ ਰਾਜੇ ਨੂੰ ਦੇਣ ਨਾਲੋਂ ਜ਼ਹਿਰ ਦੇ ਕੇ ਮਾਰ ਦੇਣੀ ਬਿਹਤਰ ਸਮਝਦਾ ਹਾਂ। ਲਾਲਚ ਨਾਲ ਗਲ ਬਣਦੀ ਨਾ ਵੇਖ ਉਹਨਾਂ ਬੜੇ ਡਰਾਵੇ ਦਿੱਤੇ। ਪਰ ਜੀਤੇ ਨੇ ਕੁੱਤਿਆਂ ਤੋਂ ਪੜਵਾਏ ਜਾਣ ਦੀ ਧਮਕੀ ਦਾ ਵੀ ਕੋਈ ਅਸਰ ਨਾ ਕਬੂਲਿਆ। ਉਹ ਧੀ ਦੀਆਂ ਖੁਸ਼ੀਆਂ ਦਾ ਕਾਤਲ ਬਣਨ ਲਈ ਤਿਆਰ ਨਾ ਹੋਇਆ। ਜਦ ਜੀਤਾ ਕਿਸੇ ਰਾਹ ਤੇ ਵੀ ਨਾ ਆਇਆ ਤਾਂ ਪ੍ਰਜਾ ਦੇ ਮਾਈਬਾਪ ਦਾ ਹੁਕਮ ਹੋਇਆ ਕਿ ਕੁੜੀ ਨੂੰ ਜ਼ਬਰੀ ਚੁੱਕ ਲਿਆਂਦਾ ਜਾਵੇ।

ਜੀਤਾ ਰਾਤ ਬਰਾਤੇ ਬੜਾ ਚੁਕੰਨਾ ਰਹਿਣ ਲਗ ਪਿਆ। ਅਗਲੇ ਦਿਨ ਹੀ ਪਟਿਆਲੇ ਵਾਲੇ ਰਾਹੋਂ ਉੱਡਦੀ ਧੂੜ ਵੇਖ ਜੀਤੇ ਦਾ ਮੱਥਾ ਠਣਕਿਆ। ਉਹ ਵਾਹੋ ਦਾਹੀ ਘਰ ਵੱਲ ਭੱਜ ਤੁਰਿਆ। ਪਿੰਡ ਛੱਡ ਜਾਣ ਦਾ ਸਮਾਂ ਵੀ ਨਹੀਂ ਸੀ ਰਿਹਾ। ਜੀਤੇ ਨੂੰ ਕਿਸੇ ਗਵਾਂਢੀ ਕੋਲੋਂ ਵੀ ਆਸ ਨਹੀਂ ਸੀ ਜੋ ਉਸ ਖਾਤਰ ਰਾਜੇ ਦਾ ਕਹਿਰ ਝਲਣ ਲਈ ਤਿਆਰ ਹੋ ਸਕਦਾ। ਰਾਕਸ਼ਾਂ ਕਿੱਥੇ ਭੱਜਣ ਦੇਣਾ ਹੈ। ਸੋਚ ਉਹ ਸਿਧਾ ਤੂੜੀ ਵਾਲੇ ਕੋਠੇ ਅੰਦਰ ਗਿਆ ਤੂੜੀ ਇਧਰ ਉਧਰ ਕਰਕੇ ਉਸ ਛੇ ਗੋਲੀ ਮੰਗਾਲ ਲਗਾ ਪਿਸਤੌਲ ਕੱਢ ਡੱਬ ਵਿਚ ਅੜਾ ਲਿਆ।

ਘੋੜ ਸਵਾਰ ਦਸਤੇ ਨੇ ਜੀਤੇ ਦਾ ਦਰਵਾਜ਼ਾ ਆ ਖੜਕਾਇਆ। ਜੀਤੇ ਨੂੰ ਬੇਸ਼ਕ ਪਤਾ ਸੀ ਕਿ ਦਰਵਾਜ਼ਾ ਖੜਕਾਉਣ ਵਾਲੇ ਕੌਣ ਹਨ। ਪਰ ਫਿਰ ਵੀ ਉਸ ਤਸੱਲੀ ਕਰਨ ਲਈ ਪੁੱਛ ਲਿਆ, ''ਕੌਣ ਐ ਬਈ''

'ਜੀਤਾ ਸਿਆਂ, ਅਸੀਂ ਮਹਾਰਾਜ ਦਾ ਸੰਦੇਸ਼ ਲੈ ਕੇ ਆਏ ਹਾਂ। ਦਰਵਾਜ਼ਾ ਖੋਹਲੋ'। ਬਾਹਰੋਂ ਬੜੀ ਮੁਲਾਇਮ ਜਿਹੀ ਆਵਾਜ਼ ਆਈ ਜਿਸਨੂੰ ਸੁਣਦਿਆਂ ਜੀਤੇ ਦੀਆਂ ਮੁੱਠੀਆਂ ਮਿਚ ਗਈਆਂ। ਉਹ ਰੋਹ ਭਰੀ ਅਵਾਜ਼ ਵਿਚ ਬੋਲਿਆ, ''ਮੈਂ ਪਹਿਲਾਂ ਹੀ ਸੋ ਦੀ ਇਕ ਸੁਣਾ ਤੀ ਸੀ। ਮੇਰਾ ਜਵਾਬ ਹੁਣ ਵੀ ਉਹੀ ਹੈ। ਜਾਓ ਰਾਜੇ ਨੂੰ ਕਹਿ ਦਿਓ ਕੁੜੀ ਦੀ ਲੋਥ ਨਾਲ ਲਾਵਾਂ ਬੇਸ਼ਕ ਲੈ ਲੈ। ਜਿਉਂਦੇ ਜੀਅ ਮੈਂ ਬੱਕਰੀ ਦਾ ਰੱਸਾ ਕਸਾਈ ਨੂੰ ਫੜਾਉਣ ਵਾਲਾ ਨਹੀਂ'। ਜਾਓ ਚਲੇ ਜਾਓ'। ਪਰ ਪਾਪ ਦੀ ਜੰਞ ਇਹ ਗਲਾਂ ਸੁਣਨ ਨਹੀ ਸੀ ਆਈ। ਦਰਵਾਜ਼ੇ ਨੂੰ ਧੱਕੇ ਵਜਣ ਲੱਗੇ ਤਾਂ ਜੀਤੇ ਦਾ ਹੱਥ ਡੱਬ ਵਿਚਲੇ ਪਿਸਤੌਲ ਜਾ ਪਿਆ। ਉਸ ਪਿਸਤੌਲ ਨੂੰ ਚੁੰਮਿਆ। ਇਸ ਤੋਂ ਪਹਿਲਾਂ ਕਿ ਦਰਵਾਜ਼ਾ ਟੁਟਦਾ, ਗੋਲੀ ਲਾਡਾਂ ਪਾਲੀ ਧੀ ਦੀ ਛਾਤੀ ਵਿਚੋਂ ਪਾਰ ਹੋ ਚੁੱਕੀ ਸੀ। ਜੀਤਾ ਪਾਗਲਾਂ ਵਾਂਗ ਬਾਘੀ ਪਾਉਣ ਲਗ ਪਿਆ। ਲੈ ਜਾਓ ! ਲੈ ਜਾਓ ! ਚੁੱਕ ਲਓ ਮਿੰਦੀ ਦੀ ਡੋਲੀ••••• ਤੇ ਉਹ ਉੱਚੀ ਹੱਸਣ ਲਗ ਪਿਆ।

ਪ੍ਰੀਤ ਨੂੰ ਇਨ੍ਹਾਂ ਕਹਾਣੀਆਂ ਦੇ ਨਾਇਕ ਦੋ ਨਹੀਂ ਇਕੋ ਹੀ ਲੱਗ ਰਿਹਾ ਸੀ। ਬੱਸ ਰੂਪ ਹੀ ਵੱਖਰੇ ਸਨ। ਕਦੀ ਦਿਓ, ਕਦੀ ਰਾਜਾ, ਪੈਸੇ ਵਾਲਾ ਅਤੇ ਇਸ ਯੁੱਗ ਵਿਚ ਇਹ ਰੂਹ ਵਿਦੇਸ਼ੀ ਜਾ ਵਸੇ ਭਾਰਤੀਆਂ ਵਿਚ ਪ੍ਰਵੇਸ਼ ਕਰ ਚੁੱਕੀ ਹੈ।

ਪਤਾ ਨਹੀਂ ਕਿੰਨਾਂ ਚਿਰ ਹੋਰ ਉਹ ਇਹਨਾਂ ਗੁੰਝਲਾਂ ਵਿਚ ਹੀ ਉਲਝੀ ਰਹਿੰਦੀ ਜੇ ਉਸ ਦੇ ਕੰਨੀ ਆਪਣੇ ਪਤੀ ਦੀ ਅਵਾਜ਼ ਨਾ ਪੈਂਦੀ। ਉਹ ਕਹਿ ਰਿਹਾ ਸੀ, ''ਮਖਾਂ ਅਜ ਤੈਨੂੰ ਲੰਚ ਬਣਾਉਣਾ ਨੀ ਯਾਦ। ਬਾਹਰ ਨੂੰ ਬੂਥਾ ਚੁੱਕੀ ਬੈਠੀ ਐਂ ਕਦ' ਦੇ ਛੇ ਵਜੇ ਐ,'' ਕਹਿੰਦਾ ਉਸ ਦਾ ਪਤੀ ਖੰਘਦਾ ਖੰਘਦਾ ਵਾਸ਼ ਰੂਮ ਜਾ ਵੜਿਆ। ਉਹ ਕਿਚਨ ਵਿਚ ਲੰਚ ਤਿਆਰ ਕਰਦੀ ਹੋਈ ਸੋਚ ਰਹੀ ਸੀ ਜਿਵੇਂ ਉਸ ਦਿਓ ਦੀ ਰੂਹ ਰਾਜੇ ਵਿਚੋਂ ਨਿਕਲ ਕੇ ਉਸ ਦੇ ਪਤੀ ਵਿਚ ਆਣ ਵਸੀ ਹੋਵੇ। ਉਸ ਦਾ ਹਉਕਾ ਨਿਕਲ ਗਿਆ। ਕਾਸ਼ ! ਮੇਰੇ ਮਾਪੇ ਵੀ ਕਸ਼ਮੀਰੀਆਂ ਵਾਂਗ ਕਸਬਾ ਬਚਾਉਣ ਦੀ ਥਾਂ ਜੀਤੇ ਝੱਬਰ ਵਰਗੇ ਹੋ ਜਾਂਦੇ ਤੇ ਭਰੀਆਂ ਹੋਈਆਂ ਅੱਖਾਂ ਨਾਲ ਉਹ ਬੁੱਢੇ ਪਤੀ ਦਾ ਲੰਚ ਬਣਾਉਂਦੀ ਰਹੀ।

# ਸਿੰਘ ਸਾਹਿਬ ਦੀ ਸ਼ਹਾਦਤ (ਨਾਵਲ)

**ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ(ਪਿੰਡ ਖੁਰਦਪੁਰ,ਜ਼ਿਲਾ ਜਲੰਧਰ) .ਖ਼ਾਲਸਾ ਦੀਵਾਨ ਸੋਸਾਇਟੀ ਗੁਰਦੁਆਰਾ ਵੈਨਕੂਵਰ, ਕੈਨਡਾ ਦੀ ਜੀਵਨ ਗਾਥਾ।**

(ਲੜੀਵਾਰ)

**ਕਿਸ਼ਤ ਪੰਜਵੀਂ**

**ਕੇਸਰ ਸਿੰਘ ਨਾਵਲਿਸਟ**



## ਕਾਂਡ 11

"ਸਿੰਘ ਸਾਹਿਬ ! ਤੁਸੀਂ ਭੈਣ ਜੀ ਨੂੰ ਨਹੀਂ ਦੱਸਿਆ ਕਿ ਕਰਤਾਰ ਸਿੰਹੁ ਹੋਰੀਂ ਕੇਵਲ ਉਹਨਾਂ ਨੂੰ ਹੀ ਪਿੰਡ ਛੱਡਣ ਨਹੀਂ ਜਾ ਰਹੇ, ਇਨ੍ਹਾਂ ਦੀ ਆਪਣੀ ਡਿਊਟੀ ਦੇਸ ਜਾ ਕੇ ਕੰਮ ਕਰਨ ਦੀ ਲੱਗੀ ਹੋਈ ਐ।"

"ਦੱਸਣ ਦੀ ਲੋੜ ਹੀ ਨਹੀਂ ਜਾਪਦੀ। ਜਿਹੜੀ ਗੱਲ ਦਾ ਉਹਨਾਂ ਨਾਲ ਸੰਬੰਧ ਹੀ ਨਹੀਂ, ਉਸ ਗੱਲ ਨੂੰ ਉਹਨਾਂ ਪਾਸ ਕਰਨ ਦੀ ਲੋੜ ਹੀ ਕੀ ਐ !"

"ਮੈਂ ਤਾਂ ਭੈਣ ਜੀ ਨੂੰ ਦਸ ਦਿੱਤਾ ਐ ਕਿ ਕਰਤਾਰ ਸਿੰਹੁ ਹੋਰਾਂ ਦੀ ਡਿਊਟੀ ਦੇਸ ਦੀ ਐ। ਉਹ ਤੁਹਾਨੂੰ ਪਿੰਡ ਛੱਡ ਆਉਣਗੇ। ਉਹ ਕਹਿਣ ਲੱਗੇ ਮੈਨੂੰ ਕਿਹੜਾ ਪਿੰਡ ਦਾ ਰਾਹ ਨਹੀਂ ਆਉਂਦਾ।"

ਜ਼ਰਾ ਰੁੱਕ ਕੇ ਭਗਵਾਨ ਸਿੰਘ ਨੇ ਦੱਸਿਆ—"ਮੈਂ ਸਮਝਿਆ ਕਿ ਭੈਣ ਜੀ ਨੂੰ ਇਹ ਗੱਲ ਦਸ ਦੇਣ ਦਾ ਉੱਕਾ ਕੋਈ ਹਰਜ਼ ਨਹੀਂ। ਚੰਗਾ ਹੋਂਦਾ ਜੇ ਤੁਸੀਂ ਆਪ ਹੀ ਭੈਣ ਜੀ ਨਾਲ ਜ਼ਿਕਰ ਕਰ ਦੇਂਦੇ।"

ਭਗਵਾਨ ਸਿੰਘ ਦੀ ਗੱਲ ਵਿਚੋਂ ਹੀ ਟੁਕ ਕੇ ਕਰਤਾਰ ਸਿੰਘ ਨੇ ਪੁੱਛਿਆ—"ਮੈਂ ਬੜਾ ਹਰਾਨ ਆਂ, ਮੇਰੀ ਡਿਊਟੀ ਦੇਸ ਜਾਣ ਦੀ ਲੱਗੀ ਐ ਤੇ ਮੈਨੂੰ ਕੁਝ ਪਤਾ ਈ ਨਹੀਂ।"

ਭਗਵਾਨ ਸਿੰਘ ਨੇ ਭਾਈ ਸਾਹਬ ਵਲ ਤੱਕਿਆ। ਭਾਈ ਸਾਹਬ ਨੇ ਕਿਹਾ—"ਹੁਣ ਵੇਲਾ ਬਿਲਕੁੱਲ ਨੇੜੇ ਆ ਗਿਆ ਹੈ ਕਰਤਾਰ ਸਿੰਘ ਜੀ ਨੂੰ ਇਹਨਾਂ ਦੀ ਡਿਊਟੀ ਦੱਸਣ ਦਾ।"

"ਭਾਈ ਸਾਹਬ ! ਜੇ ਤੁਸੀਂ ਮੈਨੂੰ ਪਹਿਲੋਂ ਹੀ ਦਸ ਦਿੰਦੇ ਕਿ ਪਾਰਟੀ ਨੇ ਮੇਰੀ ਡਿਊਟੀ ਦੇਸ ਜਾ ਕੇ ਕੰਮ ਕਰਨ ਲਈ ਲਾਈ ਐ ਤਾਂ ਮੈਂ ਤੁਹਾਡੇ ਨਾਲ ਜਾਣ ਦੀ ਅੜੀ ਹੀ ਨਾ ਕਰਦਾ।"

"ਮੈਂ ਇਹ ਯੋਗ ਸਮਝਿਆ ਕਿ ਤੁਹਾਨੂੰ ਜਾਣ ਲੱਗਿਆਂ ਹੀ ਦੱਸਾਂਗੇ।"

ਕਰਤਾਰ ਸਿੰਘ ਨੇ ਇਹ ਭਰਵੀਂ ਨਜ਼ਰ, ਭਾਈ ਸਾਹਬ ਦੇ ਭੱਖਦੇ ਚਿਹਰੇ ਉੱਤੇ ਸੁਟ ਕੇ ਨੀਵੀਂ ਪਾ ਲਈ। ਭਾਈ ਸਾਹਬ ਨੇ ਆਪਣੇ ਥੈਲੇ ਵਿਚੋਂ ਕਾਗਜ਼ਾਂ ਦੀ ਇਕ ਥੱਬੀ ਕਢਦਿਆਂ ਭਗਵਾਨ ਸਿੰਘ ਦੇ ਹੱਥ ਫੜਾ ਦਿੱਤੀ। ਭਗਵਾਨ ਸਿੰਘ ਨੇ ਕਾਗਜ਼ ਉੱਥਲ ਪੁੱਥਲ ਕੇ ਵੇਖੇ। ਕਰਤਾਰ ਸਿੰਘ ਨੇ ਕਾਗਜ਼ਾਂ ਉੱਤੇ ਨਜ਼ਰ ਟਿਕਾਂਦਿਆਂ ਕਿਹਾ—"ਲਿਖ ਦਿਓ ਜੋ ਸੁਨੇਹਾ ਪਤਾ ਲਿਖਣੈ, ਜੀਹਨੂੰ ਦੇਣੈ।"

ਕਰਤਾਰ ਸਿੰਘ ਦੀ ਗੱਲ ਸੁਣ ਕੇ ਭਗਵਾਨ ਸਿੰਘ ਮੁਸਕਰਾ ਪਿਆ। "ਕਰਤਾਰ ਸਿੰਘ ਜੀ ! ਇਹ ਸਾਰੇ ਕਾਗਜ਼ ਕੋਰੇ ਦਿਸਦੇ ਹਨ ਪਰ ਇਹਨਾਂ ਉੱਤੇ ਸਭ ਸੁਨੇਹੇ ਪਤੇ ਲਿਖੇ ਹਨ। ਤੁਸੀਂ ਇਹ ਕਾਗਜ਼ ਆਪਣੇ ਹੱਥੀ ਜਿਨ੍ਹਾਂ ਬੰਦਿਆਂ ਨੂੰ ਪਹੁੰਚਾਣੇ ਐ ਉਹਨਾਂ ਦੇ ਨਾ ਪੱਤੇ ਜ਼ਬਾਨੀ ਯਾਦ ਕਰ ਲਵੋ। ਲਿਖ ਕੇ ਨਹੀਂ ਰਖਣੇ ਕਿੱਧਰੇ ਵੀ।"

ਭਾਈ ਸਾਹਬ ਨੇ ਵਿਚੋਂ ਹੀ ਗੱਲ ਫੜਦਿਆਂ ਪੁੱਛਿਆ—"ਕਰਤਾਰ ਸਿੰਘ ਜੀ ! ਤੁਸੀਂ ਕਰਤਾਰ ਸਿੰਘ ਸਰਾਭੇ ਨੂੰ ਤਾਂ ਮਿਲੇ ਹੋਵੋਗੇ ?" "ਬਸ ਮਾੜਾ ਜਿਹਾ ਜਾਣਦਾ। ਇਕ ਵਾਰੀ ਅਮਰੀਕਾ ਗਏ ਸਾਂ। ਕਿਸੇ ਦਵਾਨ ਵਿਚ ਬੋਲਦਾ ਵੇਖਿਆ ਸੀ। ਛੂੰਕਾਂ ਬਾਂਕਾ ਜਿਹੈ। ਮੈਂ ਉਹਨੂੰ ਪਛਾਣ ਲਊ। ਪਛਾਣਨੋਂ ਨਹੀਂ ਛੱਡਦਾ।"

"ਸ਼ਾਇਦ ਉਹਨੇ ਵੀ ਮੇਰੇ ਵਾਂਗੂ ਆਪਣਾ ਹੁਲੀਆਂ ਬਦਲਿਆਂ ਹੋਵੇ।" ਭਗਵਾਨ ਸਿੰਘ ਨੇ ਕਿਹਾ।

"ਸੌ ਵਾਰੀ ਬਦਲ ਲਵੇ। ਉਹ ਬੋਲਿਆਂ ਨਹੀਂ ਕਿ ਮੈਂ ਪਛਾਣਿਆ ਨਹੀਂ।"

"ਜੇ ਕਰਤਾਰ ਨੂੰ ਲੱਭ ਲਓ ਤਾਂ ਫੇਰ ਗੱਲ ਈ ਮੁੱਕ ਗਈ। ਇਹ ਸਾਰੇ ਕਾਗਜ਼ ਉਹਨੂੰ ਦੇ ਦੇਣੇ। ਹੋ ਸਕਦੈ ਉਹ ਨਾਂ ਮਿਲੇ। ਜੇ ਉਹ ਨਾਂ ਲੱਭੇ ਤਾਂ ਸੋਹਣ ਸਿੰਹੁ ਭਕਨੇ ਜਾਂ ਕੇਸਰ ਸਿੰਹੁ ਠਠਗੜ ਨੂੰ ਜਾ ਦੇਣੇ।"

ਮੈਂ ਇਹਨਾਂ ਦੋਹਾਂ ਨੂੰ ਵੀ ਪਛਾਣਦਾਂ ਚੰਗੀ ਤਰ੍ਹਾਂ।"

"ਬਸ ਫੇਰ ਤਾਂ ਗੱਲ ਹੋਰ ਵੀ ਸੌਖੀ ਹੋ ਗਈ।" ਭਗਵਾਨ ਸਿੰਘ ਨੇ ਕਿਹਾ।

ਭਾਈ ਸਾਹਬ ਤੇ ਭਗਵਾਨ ਸਿੰਘ ਦੋਵੇਂ ਸੋਚੀ ਪੈ ਗਏ। ਭਾਈ ਸਾਹਬ ਨੇ ਸੱਜੇ ਹੱਥ ਦੀ ਪਹਿਲੀ ਉਂਗਲ ਖੜੀ ਕਰ ਕੇ ਕਿਹਾ—"ਮੈਂ ਦਸਦਾਂ। ਬੀਬੀ ਗੁਲਾਬ ਕੌਰ ਨੂੰ ਮੈਂ ਵੇਖਿਆ ਨਹੀਂ ਪਰ ਉਸ ਬੀਬੀ ਉੱਤੇ ਮੇਰਾ ਪੱਕਾ ਭਰੋਸਾ ਹੈ। ਉਹ ਸ਼ੇਰਨੀ ਹੈ। ਉਹਦਾ ਪਿੰਡ ਬਖਸ਼ੀਵਾਲਾ, ਸੰਗਰੂਰ ਦੇ ਜ਼ਿਲ੍ਹੇ ਵਿਚ ਹੈ ਪਰ ਉਹ ਆਪਣੇ ਪਿੰਡ ਨਹੀਂ ਗਈ ਹੋਣੀ। ਜੇ ਉਹ ਕਿਧਰੇ ਮਿਲ ਪਵੇ ਤਾਂ ਉਸ ਨੂੰ ਹੀ ਦੇ ਦਿਓ, ਆਪੇ ਪਹੁੰਚਾ ਦੇਏਗੀ।"

"ਮੈਂ ਬੀਬੀ ਨੂੰ ਵੇਖਿਆ ਨਹੀਂ ! ਜਾਣ ਪਛਾਣ ਨਹੀਂ ! ਬੜੀ ਔਖੀ ਗੱਲ ਐ।" ਕਰਤਾਰ ਸਿੰਘ ਨੇ ਉੱਤਰ ਦਿੱਤਾ।

ਭਾਈ ਸਾਹਬ ਨੇ ਕਿਹਾ - "ਮੈਂ ਦਸਦਾਂ। ਭਾਈ ਜਵਾਲਾ ਸਿੰਘ ਠੱਠੀਆਂ ਵੈਨਕੋਵਰ ਆਉਂਦੇ ਜਾਂਦੇ ਰਹਿੰਦੇ ਸੀ, ਅਮਰੀਕਾ ਤੋਂ।"

"ਠੀਕ ਐ। ਮੈਂ ਉਹਨਾਂ ਨੂੰ ਜਾਣਦਾ।"

"ਭਾਈ ਸ਼ੇਰ ਸਿੰਘ ਵੇਈ ਪੋਈਂ ਵੀ ਉਹਨਾਂ ਨਾ ਦੇਸ਼ ਗਏ ਸਨ।" ਭਗਵਾਨ ਸਿੰਘ ਨੇ ਦੱਸਿਆਂ।

ਕਰਤਾਰ ਸਿੰਘ ਨੇ ਕਿਹਾ—"ਮੈਂ ਭਾਈ ਸ਼ੇਰ ਸਿੰਘ ਨੂੰ ਨਹੀਂ ਜਾਣਦਾ।"

"ਕੋਈ ਤਾਂ ਮਿਲੂ ਹੀ। ਜਿਹੜਾ ਪਹਿਲੋਂ ਮਿਲੇ ਉਹਨੂੰ ਕਾਗਜ਼ ਦੇ ਦੇਣੇ। ਉਹ ਆਪੇ ਸਾਰਿਆਂ ਨੂੰ ਪਹੁੰਚਾ ਦੇਣਗੇ।" ਭਗਵਾਨ ਸਿੰਘ ਨੇ ਜ਼ਰਾ ਰੁੱਕ ਦੇ ਦੱਸਿਆ-"ਕਰਤਾਰ ਸਿੰਹੁ ਜੀ ! "ਇਹਨਾ ਕਾਗਜ਼ਾਂ ਵਿਚ ਕਈ ਸਫੇ ਸੁਨੇਹਿਆਂ ਪਤਿਆਂ ਲਈ ਬੰਗਾਲੀ ਵਿਚ ਵੀ ਲਿਖੇ ਹੋਏ ਐ। ਇਹ ਸਿਰਫ ਤੁਹਾਡੀ ਜਾਣਕਾਰੀ ਲਈ ਦਸ ਰਿਹਾਂ।"

ਭਾਈ ਸਾਹਬ ਨੇ ਦਖਲ ਦੇਂਦਿਆਂ ਕਿਹਾ—"ਮੈਨੂੰ ਇਕ ਹੋਰ ਜ਼ਰੂਰੀ ਨਾਮ ਯਾਦ ਆ ਗਿਆ ਹੈ। ਭਾਈ ਹਰਨਾਮ ਸਿੰਘ ਹੋਰੀਂ।" ਉਨ੍ਹਾਂ ਮੁਸਕਰਾ ਕੇ ਦੱਸਿਆ—"ਉਹਨਾਂ ਦੀ ਜਾਣ ਪਛਾਣ ਨੇ ਦੱਸਿਆ—"ਉਹਨਾਂ ਦੀ ਖੱਬੀ ਬਾਂਹ ਉੱਡ ਗਈ ਸੀ। ਇਸੇ ਲਈ ਉਹਨਾਂ ਨੂੰ ਟੁੰਡੀ ਲਾਟ ਕਹਿੰਦੇ ਹਨ।"

"ਮੈਂ ਉਹਨਾਂ ਦੇ ਦਰਸ਼ਨ ਨਹੀਂ ਕੀਤੇ ਪਰ ਉਹ ਤਾਂ ਲੁਧਿਆਣੇ ਦੇ ਆਲੇ ਦੁਆਲੇ ਹੀ ਸ਼ਾਇਦ ਮਿਲ ਪੈਣ।"

"ਤੁਸੀਂ ਬਹੁਤੇ ਬੰਦਿਆਂ ਨੂੰ ਜਾਣਦੇ ਹੀ ਹੋ। ਕਾਗਜ਼ ਪਹੁੰਚਾਣ ਵਿਚ ਕੋਈ ਮੁਸ਼ਕਲ ਨਹੀਂ ਆਉਣੀ। ਕੇਵਲ ਇਸੇ ਕਰਕੇ ਹੀ ਇਹ ਸੇਵਾ ਤੁਹਾਡੇ ਜ਼ਿੰਮੇਂ ਲੱਗੀ ਹੈ। ਮੈਂ ਕਈ ਵਾਰੀ ਸੋਚਿਆ ਹੈ ਕਿ ਤੁਹਾਨੂੰ ਆਪਣੇ ਨਾਲ ਲੈ ਜਾਵਾਂ ਤੇ ਠਾਕਰ ਸਿੰਘ ਹੋਰਾਂ ਨੂੰ ਦੇਸ ਭੇਜ ਦਈਏ। ਇਸ ਤਰ੍ਹਾਂ ਦੋਵੇਂ ਕੰਮ ਵਿਗੜ ਜਾਂਦੇ ਹਨ। ਠਾਕਰ ਸਿੰਘ ਹੋਰੀ ਚੀਨੀ ਤੇ ਮਲਾਈ ਜਾਣਦੇ ਹਨ। ਉਹਨਾਂ ਦੀ ਏਥੇ ਲੋੜ ਹੈ। ਤੁਸੀਂ ਸਾਰੇ ਦੇਸ਼-ਭਗਤਾਂ ਤੋਂ ਜਾਣੂੰ ਹੋ। ਇਸ ਲਈ ਤੁਹਾਡੀ ਦੇਸ ਲੋੜ ਹੈ। ਪਹੁੰਚੋਗੇ ਤਾਂ ਤੁਹਾਡੀ ਡਿਊਟੀ ਆਪੇ ਲਗ ਜਾਏਗੀ।

ਕਰਤਾਰ ਸਿੰਘ ਦੇ ਚਿਹਰੇ ਉੱਤੇ ਤਸੱਲੀ ਦਾ ਪਰਭਾਵ ਉੱਘੜਦਾ ਤੱਕ ਦੇ ਭਾਈ ਸਾਹਬ ਨੇ ਭਗਵਾਨ ਸਿੰਘ ਵਲ ਸੰਬੋਧਤ ਹੋ ਕੇ ਕਿਹਾ—"ਪਰਧਾਨ ਜੀ ! ਹੁਣ ਤੁਸੀਂ ਹੁਕਮ ਕਰੋ ਜੋ ਕਰਨਾ ਹੈ।"

"ਮੈਂ ਪਰਧਾਨ ਪਰਧੂਨ ਕੋਈ ਨਹੀਂ। ਤੁਸੀਂ ਮੇਰਾ ਨਾਂ ਲੈ ਕੇ ਬੁਲਾਇਆ ਕਰੋ।"

"ਫਿਰ ਤੁਸੀਂ ਮੈਨੂੰ ਸਿੰਘ ਸਾਹਬ ਕਹਿ ਕੇ ਕਿਉਂ ਬੁਲਾਂਦੇ ਹੋ। ਮੇਰਾ ਨਾਮ ਲੈ ਕੇ ਕਿਉਂ ਨਹੀਂ ਬੁਲਾਂਦੇ ?"

ਭਗਵਾਨ ਸਿੰਘ ਨੇ ਨੀਵੀਂ ਪਾ ਕੇ ਕਿਹਾ—"ਸਿੰਘ ਸਾਹਿਬ ! ਸਤਗੁਰ ਸੱਚੇ ਪਾਤਸ਼ਾਹ ਨੇ ਜੋ ਬਖਸ਼ਸ਼ ਤੁਹਾਡੇ ਉੱਤੇ ਕੀਤੀ ਐ, ਉਸ ਦਾ ਇਕ ਕਿਣਕਾ ਸਾਨੂੰ ਵੀ ਬਖਸ਼ ਦਿਓ। ਮੈਨੂੰ ਤਾਂ ਮਾਤਾ ਗੁਜਰੀ ਦਾ ਮਿਹਰ ਭਰਿਆ ਹੱਥ ਤੁਹਾਡੇ ਸੀਸ ਉੱਤੇ ਝੁਲਦਾ ਦਿਸ ਰਿਹੈ। ਮੈਨੂੰ ਤਾਂ....।" ਗਲਾ ਭਰ ਆਉਣ ਕਰ ਕੇ ਉਹ ਆਪਣੀ ਗੱਲ ਪੂਰੀ ਨਾ ਕਰ ਸਕਿਆ।

ਇਕ ਦਮ ਭਾਈ ਸਾਹਬ ਤੇ ਭਗਵਾਨ ਸਿੰਘ ਦੀ ਜੱਫੀ ਪੈ ਗਈ। ਭਾਈ ਸਾਹਬ ਦੀ ਜੱਫੀ ਵਿਚੋਂ ਨਿਕਲਦਿਆਂ ਹੀ ਭਗਵਾਨ ਸਿੰਘ ਨੇ ਕਰਤਾਰ ਸਿੰਘ ਨੂੰ ਆਪਣੀ ਜੱਫੀ ਵਿਚ ਜਕੜ ਲਿਆ।

## ਕਾਂਡ 12

ਗ਼ਦਰ ਪਾਰਟੀ ਦੇ ਸਾਹਮਣੇ ਵੱਡਾ ਨਿਸ਼ਾਨਾ ਸੀ—"ਹਿੰਦੁਸਤਾਨ ਨੂੰ ਆਜ਼ਾਦ ਕਰਾਉਣਾ।" ਪਰ ਇਸ ਨਾਲੋਂ ਵੀ ਵੱਡਾ ਮੰਤਵ ਸੀ ਕਿ ਹਿੰਦੁਸਤਾਨ ਦੇ ਆਲੇ ਦੁਆਲੇ, ਅੰਗਰੇਜ਼ਾਂ ਦੇ ਅਧੀਨ ਦੇਸ਼ਾਂ ਵਿਚ ਵੀ ਗ਼ਦਰ ਕਰਕੇ, ਉਨ੍ਹਾਂ ਦੇਸਾਂ ਦੇ ਲੋਕਾਂ ਨੂੰ ਜਗਾਇਆ ਜਾਏ। ਇਸ ਗੱਲ ਉੱਤੇ ਗ਼ਦਰ ਪਾਰਟੀ ਸਪੱਸ਼ਟ ਸੀ ਕਿ ਜੇ ਹਿੰਦੁਸਤਾਨ ਆਜ਼ਾਦ ਹੋ ਵੀ ਜਾਏ ਤੇ ਉਸ ਦੇ ਗੁਆਂਢੀ ਦੇਸ ਅੰਗਰੇਜ਼ਾਂ ਦੇ ਗ਼ੁਲਾਮ ਰਹਿ ਜਾਣ, ਤਾਂ ਵੀ ਹਿੰਦੁਸਤਾਨ ਦੀ ਆਜ਼ਾਦੀ ਕਾਇਮ ਰੱਖਣੀ ਔਖੀ ਹੋਵੇਗੀ। ਇਸ ਲਈ ਇਹ ਫੈਸਲਾ ਕੀਤਾ ਗਿਆ ਕਿ ਹਿੰਦੁਸਤਾਨ, ਬਰਮਾ ਤੇ ਮਲਾਯਾ ਵਿਚਲੇ ਹਿੰਦੁਸਤਾਨੀ ਫੌਜੀਆਂ ਨੂੰ ਅੰਗਰੇਜ਼ਾਂ ਦੇ ਉਲਟ ਹਥਿਆਰ ਚੁੱਕਣ ਲਈ ਉਭਾਰਿਆ ਜਾਏ। ਗ਼ਦਰ ਪਾਰਟੀ ਦੇ ਆਗੂਆਂ ਦਾ ਪੱਕਾ ਵਿਚਾਰ ਸੀ ਕਿ ਜਦ ਅੰਗਰੇਜ਼ ਜਰਮਨਾਂ ਦੇ ਖਿਲਾਫ ਜੰਗ ਵਿਚ ਰੁਝੇ ਹੋਏ ਹਨ ਤਾਂ ਹਿੰਦੁਸਤਾਨ, ਬਰਮਾ ਤੇ ਮਲਾਯਾ ਵਿਚੋਂ ਇਕੋ ਸਮੇਂ ਜਾਂ ਲਾਗੇ ਚਾਗੇ ਗ਼ਦਰ ਕਰਵਾ ਕੇ ਅੰਗਰੇਜ਼ਾਂ ਨੂੰ ਭੰਜਲ ਵਿਚ ਪਾ ਦਿੱਤਾ ਜਾਏ ਤਾਂ ਕਿ ਉਨ੍ਹਾਂ ਦੀ ਖਿਡਾਰੀ ਹੋਈ ਤਾਕਤ ਹੋਰ ਵੀ ਕਮਜ਼ੋਰ ਪੈ ਜਾਏ ਤੇ ਗ਼ਦਰ ਪਾਰਟੀ ਦੇ ਯੋਧੇ ਹਿੰਦੁਸਤਾਨ ਦੀ ਗ਼ੁਲਾਮੀ ਦੀਆਂ ਬੇੜੀਆਂ ਨੂੰ ਕੱਟਣ ਦੇ ਯੋਗ ਹੋ ਸਕਣ।

ਇਸੇ ਸਕੀਮ ਅਨੁਸਾਰ ਹਜ਼ਾਰਾਂ ਗ਼ਦਰੀ ਦੇਸ ਪਹੁੰਚ ਚੁੱਕੇ ਸਨ। ਅਮਰੀਕਾ, ਕੈਨੇਡਾ, ਸ਼ੰਘਾਈ, ਮਨੀਲਾ, ਹਾਂਗਕਾਂਗ ਤੇ ਮਲਾਯਾ ਤੋਂ ਅਨੇਕਾਂ ਯੋਧੇ ਦੇਸ ਪੁੱਜ ਰਹੇ ਸਨ। ਦੂਜੀ ਸ਼ਾਖ ਸੀ ਬਰਮਾ ਵਿਚ ਗ਼ਦਰ ਕਰਾਉਣ ਵਾਲੀ ! ਪੰਡਤ ਸੋਹਣ ਲਾਲ ਪਾਠਕ, ਬਾਬੂ ਹਰਨਾਮ ਸਿੰਘ ਕਾਹਰੀ ਤੇ ਉਨ੍ਹਾਂ ਦੇ ਸਾਥੀ, ਸਿਆਮ ਰਾਹੀਂ ਬਰਮਾ ਵਿਚ ਗ਼ਦਰ ਕਰਾਉਣ ਦੇ ਜਤਨਾਂ ਵਿਚ ਸਨ। ਭਾਈ ਬਲਵੰਤ ਸਿੰਘ ਹੋਰੀਂ ਵੀ ਇਸੇ ਸ਼ਾਖ ਵਿਚ ਕੰਮ ਕਰਨ ਲਈ ਸਿਆਮ ਜਾਣ ਨੂੰ ਤਿਆਰ ਹੋ ਰਹੇ ਸਨ। ਤੀਜੀ ਸ਼ਾਖ ਦੀ ਮਲਾਯਾ ਵਿਚ ਫੌਜਾਂ ਵਿਗਾੜਨ ਦੀ। ਭਾਈ ਸੰਤੋਖ ਸਿੰਘ, ਹੀਰਾ ਸਿੰਘ ਚਰੜ, ਗਿਆਨ ਚੰਦ, ਮੁਜਤਬਾ ਹੁਸੈਨ ਤੇ ਹੋਰ ਕਈ ਸਾਥੀ ਗ਼ਦਰ ਦਾ ਪਰਚਾਰ ਕਰ ਗਏ ਸਨ।

ਇਸੇ ਲੜੀ ਦਾ ਇਕ ਗ਼ਦਰੀ ਹਰਨਾਮ ਸਿੰਘ ਰਸੂਲਪੁਰ ਸੀ। ਬਖਤੌਰ ਸਿੰਘ ਕਈ ਦਿਨਾਂ ਤੋਂ ਉਸ ਦੀ ਉਡੀਕ ਵਿਚ ਸੀ। ਭਗਵਾਨ ਸਿੰਘ ਉਸ ਨੂੰ ਮਿਲੇ ਬਿਨਾਂ, ਵਾਪਸ ਮਨੀਲੇ ਨਹੀਂ ਸੀ ਮੁੜਨਾ ਚਾਹੁੰਦਾ ਪਰ ਉਸ ਦੇ ਟਿਕਾਣੇ ਦਾ ਕਿਸੇ ਨੂੰ ਪਤਾ ਨਹੀਂ ਸੀ।

ਬਖਤੌਰ ਸਿੰਘ ਨੇ ਚੰਗੇ ਹਨੇਰ ਹੋਏ ਭਾਈ ਸਾਹਬ ਦਾ ਦਰਵਾਜ਼ਾ ਆ ਖੜਕਾਇਆ। ਕਰਤਾਰ ਕੌਰ ਨੇ ਉਸ ਨੂੰ ਦਸਿਆ ਕਿ ਉਹ ਕਰਤਾਰ ਸਿੰਘ ਵਾਲੇ ਕਮਰੇ ਵਿਚ ਬੈਠੇ ਹਨ। ਭਗਵਾਨ ਸਿੰਘ ਤੇ ਭਾਈ ਸਾਹਬ ਦੋਵੇਂ ਪਹਿਲੋਂ ਹਰਨਾਮ ਸਿੰਘ ਰਸੂਲਪੁਰੀਏ ਨੂੰ ਕਦੇ ਨਹੀਂ ਸਨ ਮਿਲੇ। ਬਖਤੌਰ ਸਿੰਘ ਨੇ ਕਮਰੇ ਅੰਦਰ ਵੜਦਿਆਂ ਹੀ ਛਾਤੀ ਚੌੜੀ ਕਰ ਕੇ ਕਿਹਾ—"ਆਹ ਲੋ ਰਸੂਲ ਪੁਰੀਆ।" ਸਭ ਦੇ ਚਿਹਰੇ ਖਿੜ ਗਏ। ਰਸੂਲਪੁਰੀਏ ਨੇ ਭਗਵਾਨ ਸਿੰਘ ਨੂੰ ਪਹਿਲੋਂ ਤਕਿਆ ਹੋਇਆ ਸੀ। ਉਸ ਨੇ ਭਗਵਾਨ ਸਿੰਘ ਨੂੰ ਝੱਟ ਪੱਟ ਪਛਾਣ ਲਿਆ। ਉਹ ਭਾਈ ਸਾਹਬ ਵੱਲ ਤੱਕਣ ਲੱਗਾ। ਭਗਵਾਨ ਸਿੰਘ ਨੇ ਭਾਈ ਸਾਹਬ ਦੀ ਵਾਕਫੀ ਕਰਾਂਦਿਆਂ ਦਸਿਆ—"ਇਹ ਹਨ ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ ਖੁਦਰਪੁਰ, ਜਿਨ੍ਹਾਂ ਦੇ ਦਿਮਾਗ ਦੀ ਕਾਢ ਸੀ ਕਿ ਕੈਨੇਡਾ ਜਾਣ ਲਈ ਆਪਣਾ ਜਹਾਜ਼ ਚਲਾਇਆ ਜਾਏ ਤੇ ਫਿਰ ਭਾਈ ਗੁਰਦਿੱਤ ਸਿੰਹੁ ਸਰਹਾਲੀ ਨੇ ਇਨ੍ਹਾਂ ਦੇ ਵਿਚਾਰ ਉੱਤੇ ਅਮਲ ਕਰ ਕੇ ਗੁਰੂ ਨਾਨਕ ਜਹਾਜ਼ ਚਲਾਇਆ। ਇਹ ਉਹ ਸਿੰਘ ਸਾਹਿਬ ਹਨ ਜਿਨ੍ਹਾਂ ਸਿੰਘਣੀਆਂ ਨੂੰ ਕੈਨੇਡਾ ਲਿਜਾਣ ਲਈ ਮੋਰਚਾ ਲਾ ਕੇ ਫਤਹ ਪ੍ਰਾਪਤ ਕੀਤੀ—ਇਹ ਉਹ.....।" ਭਗਵਾਨ ਸਿੰਘ ਦੀ ਗੱਲ ਟੁਕਨ ਲਈ ਭਾਈ ਸਾਹਬ ਨੇ ਉਸ ਦੇ ਮੂੰਹ ਉੱਤੇ ਆਪਣਾ ਹੱਥ ਰੱਖ ਦਿੱਤਾ।

ਰਸੂਲਪੁਰੀਏ ਨੇ ਭਾਈ ਸਾਹਬ ਅੱਗੇ ਝੁਕਦਿਆਂ ਕਿਹਾ—"ਸਾਡੇ ਧਨ ਭਾਗ। ਤੁਹਾਡੇ ਦਰਸ਼ਨ ਹੋਏ।" ਭਾਈ ਸਾਹਿਬ ਨੇ ਉਸ ਦੇ ਦੋਵੇਂ ਹੱਥ ਫੜਦਿਆਂ, ਬੈਠਣ ਦਾ ਇਸ਼ਾਰਾ ਕੀਤਾ। ਬਖਤੌਰ ਸਿੰਘ ਨੇ ਕਿਹਾ—"ਹੁਣ ਮੈਂ ਜਾਂਦਾ।" "ਨਵਾਂ ਚੰਦ" ਤੇ "ਕਾਲਾ ਸੰਘੀਆਂ" ਜੇਟੀ ਉੱਤੇ ਮੇਰੀ ਉਡੀਕ ਕਰਦੇ ਹੋਣਗੇ। ਭਾਈ ਜੋਗਾ ਸਿੰਹੁ ਨੇ ਕਿਹਾ ਸੀ ਕਿ ਭਾਈ ਸਾਹਬ ਮਿਲੇ ਬਿਨਾਂ ਨਾ ਜਾਣ। ਉਨ੍ਹਾਂ ਦਾ ਸੁਨੇਹਾ ਚਤਰ ਸਿੰਹੁ ਦੇ ਗਿਆ ਸੀ।" ਉਹ ਬਾਹਰ ਨਿਕਲਿਆ ਹੀ ਸੀ ਕਿ ਰਸੂਲਪੁਰੀਏ ਨੇ ਆਪਣੀ ਰੀਪੋਰਟ ਦੇਣੀ ਸ਼ੁਰੂ ਕਰ ਦਿੱਤੀ—"ਭਾਈ ਸੰਤੋਖ ਸਿੰਹੁ ਹੋਣੀ ਪਿਲਾਂਗ ਆਏ ਸੀ। ਮੈਂ ਉਹਨਾਂ ਨੂੰ ਉਥੇ ਮਿਲਣ ਗਿਆ ਸਾਂ। ਉਹਨਾਂ ਦਸਿਆ ਕਿ "ਮਲਾਯਾ ਸਟੇਟਸ ਗਾਈਡ" ਵਿਚ ਤੁਰਕੀ ਦੇ ਹੱਕ ਵਿਚ ਬਹੁਤ ਉਭਾਰ ਉਠ ਖਲੋਤਾ ਸੀ। ਇਸ ਲਈ ਸਰਕਾਰ ਨੇ ਉਸ ਪਲਟਨ ਨੂੰ ਸਿੰਘਾਪੁਰ ਤੋਂ ਬਦਲ ਕੇ ਮਲਾਯਾ ਦੇ ਹੋਰ ਸ਼ਹਿਰਾਂ ਵਿਚ ਬਦਲ ਦੇਣ ਦਾ ਮਨ ਬਣਾ ਕੇ, ਕੁਆਲਾਲੰਪਰ ਬਦਲ ਦਿੱਤਾ।

ਭਾਈ ਹੋਰਾਂ ਇਹ ਵੀ ਹਦਾਇਤ ਕੀਤੀ ਸੀ ਕਿ ਜੇ ਸਰਕਾਰ ਅਲੀ ਮਿਲ ਪਵੇ ਤਾਂ ਉਸ ਨੂੰ "ਪੰਜਵੀਂ ਪਲਟਨ" ਵਿਚ ਕੰਮ ਕਰਨ ਲਈ ਪੱਕੀ ਕੀਤੀ ਜਾਏ ਪਰ ਮੈਂ ਸਾਰਾ ਟਿੱਲ ਲਾ ਹਟਿਆ। ਉਹਦੇ ਕਈ ਟਿਕਾਣੇ ਐ। ਕਿਸੇ ਟਿਕਾਣੇ ਤੇ ਨਹੀਂ ਮਿਲਿਆ।"

"ਜਰਮਨ ਕੈਦੀਆਂ ਬਾਰੇ ਸੰਤੋਖ ਸਿੰਹੁ ਹੋਣੀ ਕੀ ਸਲਾਹ ਦੇ ਗਏ ਸੀ ?"

"ਉਹਨਾਂ ਦਾ ਹੁਕਮ ਸੀ ਕਿ ਜਰਮਨਾਂ ਨੂੰ ਛੁਡਾ ਕੇ ਉਹਨਾਂ ਨੂੰ ਆਪਣੇ ਨਾਲ ਰਲਾਇਆ ਜਾਏ।"

"ਜਰਮਨਾਂ ਦੇ ਐਮਡਨ-ਜੰਗੀ ਜਹਾਜ਼ ਵਿਚੋਂ ਫੜੇ ਗਏ ਅਫਸਰ ਵੀ ਤਾਂ ਏਥੇ ਹੀ ਬੰਦ ਹੋਣਗੇ ?"

"ਸਿੰਘਾਪੁਰ ਦੀ ਪੁਲਸ ਦਾ ਕੀ ਹਾਲ ਐ ?" ਭਗਵਾਨ ਸਿੰਘ ਨੇ ਪੁੱਛਿਆ।

"ਦੇਸੋਂ ਬਹੁਤ ਸਾਰੇ ਨਵੇਂ ਪੁਲਸੀਏ ਤੇ ਖੁਫੀਏ ਆਏ ਦਸੀ ਦੇ ਐ। ਇਸੇ ਡਰ ਕਰਕੇ ਪੁਰਾਣੇ ਪੁਲਸੀਏ ਡਰਦੇ ਦੱਬੇ ਬੈਠੇ ਐ। ਮੈਂ ਆਪਣੇ ਕੁੱਝ ਪੇਂਡੂਆਂ ਨੂੰ ਮਿਲਣ ਜਾਂਦਾ। ਉਹ ਵੀ ਅੱਗੋਂ ਕੋਈ ਹੁੰਗਾਰਾ ਨਹੀਂ ਭਰਦੇ। ਗੁੰਮ ਗੁੰਮ ਰਹਿੰਦੇ ਐ।

ਉਸ ਨੇ ਜ਼ਰਾ ਰੁਕ ਕੇ ਕਿਹਾ—"ਪਹਿਲੋਂ ਤਾਂ ਹਿੰਦੂ ਸਿੱਖ, ਮੁਸਲਮ ਦਾ ਸੁਆਲ ਫਿਰ ਉਸ ਤੋਂ ਵੱਧ ਸਿੱਖਾਂ ਵਿਚ ਮਾਂਝੇ, ਮਾਲਵੇ ਤੇ ਦੁਆਬੇ ਦੀ ਬੀਮਾਰੀ ਫੈਲੀ ਹੋਈ ਐ। ਸਭ ਇਕ ਦੂਜੇ ਤੋਂ ਡਰਦੇ ਗੱਲ ਨਹੀਂ ਕਰਦੇ।"

"ਦੇਸ਼ ਦੀ ਆਜ਼ਾਦੀ ਦਾ ਇਕੋ ਇਕ ਮਸਲਾ ਹੈ ਜਿਸ ਦੇ ਝੰਡੇ ਹੇਠਾਂ ਸਭ ਲੋਕ ਇਕੱਠੇ ਹੋ ਸਕਦੇ ਹਨ।"

"ਸਿੰਘ ਸਾਹਬ। ਤੁਸੀਂ ਬਜਾ ਫੁਰਮਾਂਦੇ ਹੋ ਪਰ ਇਹ ਹੋਵੇ ਕਿਵੇਂ ? ਕਿੰਨੀਆਂ ਮੁਦਤਾਂ ਲੱਗਣਗੀਆਂ ਇਸ ਜਦੋ ਜਹਿਦ ਵਿਚ। ਕੌਣ ਜਾਣਦੈ ਕੀ ਬਣੇਗਾ ! ਸਾਡਾ ਫਰਜ਼ ਤਾਂ ਆਪਣੇ ਫਰਜ਼ ਉੱਤੇ ਪਹਿਰਾ ਦੇਣਾ ਐ।"

ਭਾਈ ਸਾਹਬ ਨੇ ਭਗਵਾਨ ਸਿੰਘ ਦੇ ਚਿਹਰੇ ਉੱਤੇ ਭਰਪੂਰ ਨਜ਼ਰਾਂ ਸੁੱਟਦਿਆਂ ਕਿਹਾ—"ਚਲੋ ਪਰਸ਼ਾਦ ਛੱਕੀਏ। ਅੱਜ ਕਰਤਾਰ ਕੌਰ ਹੋਰਾਂ ਨੇ ਆਪਣੀ ਰੋਟੀ ਤੇ ਦਾਲ ਸਬਜ਼ੀ ਬਣਾਈ ਹੋਣੀ ਹੈ।"

## ਕਾਂਡ 13

"ਭਾਈ ਸਾਹਬ ! ਜਹਾਜ਼ ਲੇਟ ਹੋ ਗਿਐ। ਐਤਵਾਰ ਨੂੰ ਸਵੇਰੇ ਅੱਠ ਵਜੇ ਤੁਰੇਗਾ।" ਕਰਤਾਰ ਸਿੰਘ ਨਵਾਂ ਚੰਦ ਦੀ ਗੱਲ ਸੁਣ ਕੇ ਭਾਈ ਸਾਹਬ ਖੁਸ਼ ਹੋ ਉਠੇ ਕਿ ਉਨ੍ਹਾਂ ਨੂੰ ਬੱਚਿਆਂ ਨਾਲ ਖੇਡਣ ਦਾ ਕੁੱਝ ਹੋਰ ਸਮਾਂ ਮਿਲ ਜਾਏਗਾ ਪਰ ਨਾਲ ਹੀ ਇਹ ਚਿੰਤਾ ਆ ਢੁੱਕੀ ਕਿ ਦੇਰ ਹੋਣ ਨਾਲ ਕਿਧਰੇ ਕੋਈ ਵਿਘਨ ਹੀ ਨਾ ਪੈ ਜਾਏ। ਉਨ੍ਹਾਂ ਨੇ ਸਿਰ ਛੰਡਿਆ ਤੇ ਪੁੱਛਿਆ—"ਕੋਈ ਆਪਣੇ ਜਾਣੂੰ ਪਛਾਣੂ ਮਿਲੇ ਜੋ ਇਸੇ ਜਹਾਜ਼ ਉੱਤੇ ਜਾਂਦੇ ਹੋਣ ?"

ਠਾਕਰ ਸਿੰਘ ਕਾਲਾ ਸੰਘੀਆਂ ਨੇ ਉੱਤਰ ਦਿੱਤਾ—"ਟਿਕਟ ਘਰ ਵਿਚ ਵੀ ਤੇ ਜੈਟੀ ਉੱਤੇ ਵੀ ਆਪਣੇ ਬਥੇਰੇ ਬੰਦੇ ਸੀ ਪਰ ਇਹ ਨਹੀਂ ਪਤਾ ਲਗਦਾ ਕਿ ਕੌਣ ਜਾਣ ਵਾਲਾ ਐ ਤੇ ਕੌਣ ਨਹੀਂ ਜਾਣ ਵਾਲਾ। ਤੁਹਾਡਾ ਬੇਲੀ ਜੋਗਿੰਦਰ ਸਿੰਹੁ ਜੋ ਆਪਣੇ ਆਪ ਨੂੰ ਤਿਲੰਗਾ ਦੱਸਦਾ ਸੀ ਉਹ ਮਿਲ ਪਿਆ। ਉਹਦੇ ਨਾਲ ਦਸ ਬਾਰਾਂ ਬੰਦੇ ਸੀ। ਉਹ ਸਭ ਇਸੇ ਜਹਾਜ਼ ਤੇ ਦੇਸ ਜਾ ਰਹੇ ਐ। ਉਹ ਤੁਹਾਨੂੰ ਮਿਲਣ ਦੀ ਤਾਂਘ ਵਿਚ ਪਾਗਲ ਹੋਇਆ ਫਿਰਦੈ। ਘੜੀ ਮੁੜੀ ਤੁਹਾਨੂੰ ਮਿਲਣ ਦੀ ਗੱਲ ਕਰਦੈ। ਜੇ ਇਕੱਲਾ ਹੋਂਦਾ ਤਾਂ ਨਾਲ ਲੈ ਔਂਦੇ। ਉਨ੍ਹਾਂ ਦੀ ਢਾਣੀ ਦੀ ਢਾਣੀ ਇਕੱਠੀ ਫਿਰਦੀ ਸੀ।"

"ਜੋਗਿੰਦਰ ਸਿੰਘ ਹੋਰਾਂ ਨੂੰ ਮੈਂ ਵੀ ਮਿਲਣ ਦੀ ਲੋੜ ਸਮਝਦਾ ਹਾਂ ਪਰ ਅਜਿਹੇ ਸਮੇਂ ਮਿਲਣਾ ਖਤਰੇ ਦਾ ਕਾਰਨ ਬਣ ਸਕਦਾ ਹੈ।"

ਠਾਕਰ ਸਿੰਘ ਨੇ ਇਕ ਮਧੋਲਿਆ ਹੋਇਆ ਕਾਗਜ਼ ਆਪਣੀ ਪਤਲੂਨ ਦੀ ਜੇਬ ਵਿਚੋਂ ਕੱਢ ਕੇ ਭਾਈ ਸਾਹਬ ਨੂੰ ਫੜਾਂਦਿਆਂ ਦਸਿਆ—"ਬਖਤੌਰ ਸਿੰਹੁ ਜਾਣ ਲੱਗਾ ਇਹ ਰੁੱਕਾ ਦੇ ਗਿਆ ਹਾਂ।"

ਭਾਈ ਸਾਹਬ ਨੇ ਰੁੱਕਾ ਪੜ੍ਹਨਾ ਸ਼ੁਰੂ ਕੀਤਾ—"ਸ੍ਰੀ ਮਾਨ ਭਾਈ ਬਲਵੰਤ ਸਿੰਘ ਜੀ—ਮੇਰਾ ਨਾਂ ਚਤਰ ਸਿੰਘ ਹੈ। ਪਿੰਡ ਮੇਰਾ ਹੈ ਝੂਗਮਪੁਰਾ ਤੇ ਜ਼ਿਲਾ ਸ੍ਰੀ ਅੰਮ੍ਰਿਤਸਰ ਜੀ। ਮੈਂ ਪੰਜਾਬ ਪੁਲਸ ਵਿਚ ਭਰਤੀ ਹੋਇਆ ਸਾਂ। ਕੁੱਝ ਸਮਾਂ ਸਰਹਾਲੀ ਥਾਣੇ ਤੇ ਕੁੱਝ ਸਮਾਂ ਸਦਰ ਦੇ ਥਾਣੇ ਕੰਮ ਕੀਤਾ। ਮੇਰਾ ਰਿਕਾਰਡ ਚੰਗਾ ਵੇਖ ਕੇ ਮੈਨੂੰ ਖੁਫੀਆ ਪੁਲਸ ਵਿਚ ਭੇਜ ਦਿੱਤਾ ਗਿਆ।

"ਫਿਰ ਇਕ ਦਿਨ ਗੋਰਾ ਅਫਸਰ ਥਾਣੇ ਆਇਆ। ਉਹ ਕੋਈ ਵੱਡਾ ਖੁਫੀਆ ਪੁਲਸ ਅਫਸਰ ਜਾਪਦਾ ਸੀ। ਉਸ ਨੇ ਕੁੱਝ ਸੁਆਲ ਕੀਤੇ। ਮੈਂ ਠੀਕ ਠੀਕ ਜਵਾਬ ਦਿੱਤੇ। ਉਸ ਨੇ ਮੈਨੂੰ ਸਿੰਘਾਪੁਰ ਭੇਜ ਦੇਣ ਦਾ ਹੁਕਮ ਦਿੱਤਾ। ਮੈਨੂੰ ਬੜੀਆਂ ਖੁਸ਼ੀਆਂ ਚੜ੍ਹੀਆਂ।"

"ਜਿਹੜਾ ਕੰਮ ਮੈਂ ਕਰਦਾ ਸਾਂ ਉਹਦਾ ਵਾਹ ਚੋਰਾਂ, ਡਾਕੂਆਂ ਤੇ ਕਾਤਲਾਂ ਜਾਂ ਫਸਾਦੀਆਂ ਨਾਲ ਪੈਂਦਾ ਸੀ। ਮਲਾਯਾ ਆ ਕੇ ਮੈਨੂੰ ਪਤਾ ਲੱਗਾ ਕਿ ਮੈਂ ਤਾਂ ਦੇਸ—ਭਗਤਾਂ ਤੇ ਆਜ਼ਾਦੀ ਦੇ ਘੁਲਾਟੀਆਂ ਦੇ ਖਿਲਾਫ ਰੀਪੋਰਟਾਂ ਦੇਣ ਲਈ ਏਥੇ ਲਿਆਂਦਾ ਗਿਆ ਹਾਂ। ਇਹ ਸਾਰੀ ਗੱਲ ਭਾਈ ਜੋਗਾ ਸਿੰਘ ਗੁੰਬੀ ਨੇ ਮੈਨੂੰ ਸਮਝਾਈ ਹੈ। ਜਿਸ ਕੰਮ ਉੱਤੇ ਮੈਨੂੰ ਲਾਇਆ ਗਿਆ ਹੈ, ਉਹ ਕੰਮ ਕਰਨ ਨੂੰ ਮੇਰਾ ਮਨ ਉੱਕਾ ਨਹੀਂ ਮੰਨਦਾ। ਸਮਝ ਨਹੀਂ ਆਉਂਦੀ ਕਿ ਕੀ ਕਰਾਂ ਤੇ ਕੀ ਨਾ ਕਰਾਂ।"

"ਬਾਪੂ ਚਲਾਣਾ ਕਰ ਗਿਆ ਸੀ। ਹੁਣ ਮੇਰੀ ਮਾਈ ਹੈ ਤੇ ਭਰਾ ਗਭਰੂ ਹੋ ਗਿਆ ਹੈ। ਉਹ ਆਪੇ ਘਰ ਸੰਭਾਲ ਲਵੇਗਾ। ਮਾਈ ਵੀ ਅਜੇ ਤਗੜੀ ਹੈ। ਮੈਂ ਆਪਣੇ ਦੇਸ—ਭਗਤਾਂ ਦੇ ਖਿਲਾਫ ਰੀਪੋਰਟਾਂ ਨਹੀਂ ਦੇਣੀਆਂ। ਜੇ ਕੰਮ ਛੱਡ ਦਿਆਂ ਤਾਂ ਪਤਾ ਨਹੀਂ ਸਰਕਾਰ ਮੇਰੇ ਖਿਲਾਫ ਕੀ ਕਾਰਵਾਈ ਕਰੇ। ਇਸ ਲਈ ਮੇਰੀ ਇੱਛਾ ਹੈ ਕਿ ਤੁਸੀਂ ਮੈਨੂੰ ਜੋ ਕੰਮ ਸੌਂਪੋਗੇ ਉਹ ਤਨੋਂ ਮਨੋਂ ਹੋ ਕੇ ਕਰਾਂਗਾ। ਮੈਂ ਤੁਹਾਡਾ ਜਾਣ ਤੋਂ ਪਹਿਲੋਂ ਤੁਹਾਨੂੰ ਮਿਲਣਾ ਚਾਹੁੰਦਾ ਹਾਂ। ਤੁਸੀਂ ਜਿੱਥੇ ਮੇਰੀ ਡਿਊਟੀ ਲਾਓਗੇ ਡੱਟ ਕੇ ਕੰਮ ਕਰਾਂਗਾ ਭਾਵੇਂ ਮੇਰੀ ਜਾਨ ਹੀ ਕਿਉਂ ਨਾ ਚਲੀ ਜਾਏ।"

"ਭਾਈ ਭਗਵਾਨ ਸਿੰਘ ਹੋਰੀਂ ਮੁੜ ਕੇ ਨਹੀਂ ਮਿਲੇ। ਉਨ੍ਹਾਂ ਨੂੰ ਦੱਸਣਾ ਕਿ ਮੈਨੂੰ ਮਿਲੇ ਬਿਨਾਂ ਨਾ ਜਾਣ। ਭਾਈ ਜੋਗਾ ਜੀ ਵੀ ਉਨ੍ਹਾਂ ਦੀ ਉਡੀਕ ਕਰਦੇ ਰਹਿੰਦੇ ਹਨ।"

(ਬਾਕੀ ਪੰਨਾ 19 ਤੇ)

(ਪੰਨਾ 18 ਦੀ ਬਾਕੀ)

"ਮੈਨੂੰ ਨਾਦਰ ਖਾਨ ਨੇ ਆਪਣੇ ਦਫਤਰ ਸੱਦ ਕੇ ਪੁੱਛਿਆ ਸੀ ਕਿ ਮੈਂ ਆਪ ਮੰਗ ਕੇ ਗੁਰਦੁਆਰੇ ਦੇ ਆਲੇ ਦੁਆਲੇ ਆਪਣੀ ਡੀਊਟੀ ਕਿਉਂ ਲਵਾਈ ਸੀ। ਮੈਂ ਝੱਟ ਪੱਟ ਕਹਿ ਦਿੱਤਾ ਕਿ ਜਿਥੇ ਤੁਹਾਡੀ ਮਰਜ਼ੀ ਹੈ ਮੇਰੀ ਡੀਊਟੀ ਲਾ ਦਿਓ। ਅੱਜ ਕੱਲ ਮੇਰੀ ਡੀਊਟੀ ਜੈੱਟੀ ਤੇ ਹਾਰਬਰ ਬੋਰਡ ਦੇ ਆਲੇ ਦੁਆਲੇ ਹੈ। ਸ਼ੰਘਾਈ ਤੇ ਹਾਂਗਕਾਂਗ ਤੋਂ ਕਾਫੀ ਬੰਦੇ ਦੇਸ ਜਾ ਰਹੇ ਹਨ। ਸ਼ਾਇਦ ਇਹਨਾਂ ਵਿਚ ਵੀ ਕਈ ਦੇਸ਼ ਭਗਤ ਹੋਣ। ਬਹੁਤੇ ਲੋਕਾਂ ਕੋਲ ਸਮਾਨ ਕੋਈ ਨਹੀਂ। ਨਿੱਕੇ ਨਿੱਕੇ ਬਿਸਤਰੇ ਮੋਢਿਆਂ ਉੱਤੇ ਚੁੱਕੀ ਫਿਰਦੇ ਹਨ। ਸਾਰੇ ਡੈੱਕ ਦੇ ਹੀ ਮੁਸਾਫਰ ਹੋਣਗੇ। ਕੁੱਝ ਸਿੰਧੀ ਵਪਾਰੀ ਵੀ ਦੇਸ ਜਾ ਰਹੇ ਹਨ।"

"ਪਤਾ ਨਹੀਂ ਕਿਉਂ, ਲਾਹੌਰ ਤੋਂ ਕਈ ਹੋਰ ਖੁਫੀਆਂ ਪੁਲਸ ਦੇ ਬੰਦੇ ਆਏ ਹਨ। ਬਹੁਤੇ ਛਾਛੀ ਮੁਸਲਮਾਨ ਹਨ। ਸੁਣਿਆ ਹੈ ਕਿ ਕੁੱਝ ਵੱਡੇ ਵੱਡੇ ਅਫਸਰ ਵੀ ਆਏ ਹਨ। ਨਵੇਂ ਆਏ ਛਾਛੀਆਂ ਵਿਚੋਂ ਦੋ ਛਾਛੀ ਵੀ ਮੇਰੇ ਹਲਕੇ ਵਿਚ ਹੀ ਫਿਰਦੇ ਤੁਰਦੇ ਰਹਿੰਦੇ ਹਨ।"

"ਮੇਰੀ ਅਰਜ਼ ਹੈ ਕਿ ਰੱਬ ਦਾ ਵਾਸਤਾ ਜੇ, ਮੈਨੂੰ ਮੇਰੇ ਦੇਸ-ਵਾਸੀਆਂ ਨਾਲ ਗਦਾਰੀ ਕਰਨ ਤੋਂ ਬਚਾਓ। ਭਾਈ ਭਗਵਾਨ ਸਿੰਘ ਨੂੰ ਦੱਸਣਾ ਕਿ ਮੈਂ ਜਿਵੇਂ ਉਹ ਕਹਿਣ ਕਰਨ ਨੂੰ ਤਿਆਰ ਹਾਂ।"

ਤੁਹਾਡਾ ਖਾਦਮ
ਚਤਰ ਸਿੰਘ ਬ੍ਰਹਮਪੁਰੀਆਂ।

"ਨੋਟ :- ਰੁੱਕਾ ਪੜ੍ਹਨ ਸਾਰ ਫਾੜ ਕੇ ਸਾੜ ਦੇਣਾ ਜੀ।"

ਭਾਈ ਸਾਹਬ ਨੇ ਚਤਰ ਸਿੰਘ ਦਾ ਰੁੱਕਾ ਪਹਿਲੋਂ ਆਪ ਪੜ੍ਹ ਕੇ ਫਿਰ ਠਾਕਰ ਸਿੰਘ ਤੇ ਕਰਤਾਰ ਸਿੰਘ ਨੂੰ ਸੁਣਾਉਣ ਪਿਛੋਂ ਕਿਹਾ—

"ਪਰਧਾਨ ਜੀ ਨੂੰ ਕਹਾਂਗੇ ਕਿ ਚਤਰ ਸਿੰਘ ਤੇ ਜੋਗਾ ਸਿੰਘ ਹੋਰਾਂ ਨਾਲ ਮੇਲ-ਜੋਲ ਰੱਖਣ। ਠਾਕਰ ਸਿੰਘ ਜੀ—ਤੁਸੀਂ ਬਖਤੌਰ ਸਿੰਘ ਹੋਰਾਂ ਰਾਹੀਂ ਸੁਨੇਹਾ ਭੇਜ ਦੇਣਾ ਕਿ ਜਦ ਤੱਕ ਉਹ ਪਰਧਾਨ ਜੀ ਨੂੰ ਨਾ ਮਿਲਣ ਆਪਣਾ ਕੰਮ ਨਾ ਛੱਡਣ। ਸ਼ਾਇਦ ਇਹ ਕੰਮ ਕਰਦਿਆਂ ਉਹ ਦੇਸ ਵੀ ਵੱਧ ਸੇਵਾ ਕਰ ਸਕਣ ?"

ਭਾਈ ਸਾਹਬ ਨੇ ਉਹ ਰੁੱਕਾ ਫਾੜ ਕੇ ਸਾੜ ਦੇਣ ਲਈ ਕਰਤਾਰ ਸਿੰਘ ਦੇ ਹੱਥ ਫੜਾ ਦਿੱਤਾ।

ਚਲਦਾ

## ਕੈਂਸਰ ਦੀ ਖੋਜ ਲਈ ਚੁੰਮਣ ਰਾਹੀਂ ਚੰਦਾ ਉਗਰਾਹੀ

ਪੀਟਰਬਰਗ—ਦੁਕਾਨ ਵਿਚ ਕੰਮ ਕਰਦੀ ਸਤਾਰਾਂ ਵਰ੍ਹਿਆਂ ਦੀ ਇਕ ਕੁੜੀ ਕੈਂਸਰ ਦੀ ਰੀਸਰਚ ਲਈ ਪੈਸੇ ਇਕੱਠੇ ਕਰਨ ਵਾਸਤੇ ਰੋਜ਼ਾਨਾ ਪੰਜਾਹ ਮਰਦਾਂ ਨੂੰ ਚੁੰਮਣ ਦਿੰਦੀ ਹੈ। ਸ੍ਰੀ ਫਾਰਲੇ ਇਕ ਮਰਦ ਕੋਲੋਂ ਇਕ ਚੁੰਮਣ ਦੇ ਦਸ ਪੈਂਸ(16 ਸੈਂਟ) ਵਸੂਲਦੀ ਹੈ ਅਤੇ ਇਸ ਤਰਾਂ ਉਸਨੇ ਪੂਰਬੀ ਇੰਗਲੈਂਡ ਦੀ ਉਸ ਦੁਕਾਨ ਦੇ ਬਾਹਰਵਾਰੋਂ, ਜਿਸ ਵਿਚ ਉਹ ਕੰਮ ਕਰਦੀ ਹੈ ਹੁਣ ਤਕ 20 ਪੌਂਡ (32 ਡਾਲਕਰ) ਇਕੱਠੇ ਕੀਤੇ ਹਨ।

ਸ੍ਰੀ ਫਾਰਲੇ ਨੇ ਆਖਿਆ ਕਿ ਏਨਾ ਜ਼ਿਆਦਾ ਫੰਡ ਇਕੱਠਾ ਕਰਨ ਤੋਂ ਬਾਦ ਉਸਦੇ ਬੁਲ੍ਹ ਦੁਖਣ ਲਗ ਪਏ ਹਨ। ਉਸਨੇ ਕਿਹਾ "ਮੈਨੂੰ ਹਰ ਕਿਸਮ ਦੇ ਚੁੰਮਣ ਮਿਲ ਰਹੇ ਹਨ—ਲੰਮੇ ਚੁੰਮਣ ਵੀ ਤੇ ਛੋਟੇ ਚੁੰਮਣ ਵੀ, ਅਤੇ ਇਥੋਂ ਤਕ ਕਿ ਇਕ ਮੁੰਡੇ ਤਾਂ ਬੜੇ ਕੁਢੱਬੇ ਢੰਗ ਨਾਲ ਚੁੰਮਣ ਲਿਆ, ਜਿਸਨੇ ਥੋੜੀ ਜਿਹੀ ਸ਼ਰਾਬ ਪੀ ਰਖੀ ਸੀ। ਪਰ ਇਹ ਸਭ ਕੁਝ ਇਕ ਬਹੁਤ ਚੰਗੇ ਕਾਜ਼ ਲਈ ਹੈ

# ਸਾਬਕ ਫ਼ੌਜੀ-ਰਾਜਨੀਤੀ ਅਤੇ ਸੰਤ ਲੌਂਗੋਵਾਲ

—ਅਵਤਾਰ ਸਿੰਘ ਮਲਹੋਤਰਾ—

ਅਕਾਲੀ ਦਲ ਪ੍ਰਧਾਨ ਸੰਤ ਲੌਂਗੋਵਾਲ ਵਲੋਂ ਅਕਾਲੀ ਅੰਦੋਲਨ ਦੇ ਸਬੰਧ ਵਿਚ ਸਾਬਕ ਫੌਜੀਆਂ ਦਾ ਇਕੱਠ ਸੱਦਣ ਦੀ ਅਕਾਲੀ ਦਲ ਨੂੰ ਛੱਡ ਕੇ ਹੋਰ ਸਭ ਪਾਸਿਓਂ ਆਲੋਚਨਾ ਹੋ ਰਹੀ ਹੈ। ਜੋ ਸਾਬਕ ਫ਼ੌਜੀ ਅਫਸਰ ਇਸ ਇਕੱਠ ਵਿਚ ਜਾ ਰਹੇ ਹਨ ਉਹਨਾਂ ਵਿਚੋਂ ਕੁਝ ਇਕ ਨੇ ਇਸ ਸੱਦੇ ਦਾ ਸਮਰਥਨ ਕੀਤਾ ਹੈ ਅਤੇ ਕਈ ਹੋਰਨਾ ਨੇ ਇਸ ਦੀ ਆਲੋਚਨਾ ਤੇ ਵਿਰੋਧਤਾ ਕੀਤੀ ਹੈ। ਇਉਂ ਇਹ ਸਵਾਲ ਕਾਫੀ ਵਾਦ ਵਿਵਾਦ ਦਾ ਵਿਸ਼ਾ ਬਣਿਆ ਹੈ

ਸਾਡੀ ਪਾਰਟੀ ਵੀ ਇਸ ਸੱਦੇ ਦੀ ਆਲੋਚਨਾ ਇਸ ਅਧਾਰ ਤੇ ਨਹੀਂ ਕਰਦੀ ਕਿ ਸਾਬਕ ਫੌਜੀਆਂ ਨੂੰ ਰਾਜਨੀਤੀ ਵਿਚ ਕਿਉਂ ਖਿਚਿਆ ਜਾ ਰਿਹਾ ਹੈ, ਉਹਨਾਂ ਨੂੰ ਰਾਜਨੀਤੀ ਤੋਂ ਪਾਸੇ ਹੀ ਰਖਣਾ ਚਾਹੀਦਾ ਹੈ। ਇਤਿਹਾਸ ਗਵਾਹ ਹੈ ਕਿ ਇਉਂ ਸਾਬਕ ਫੌਜੀ ਤਾਂ ਕਿਤੇ ਰਹੇ ਫੌਜੀਆਂ ਨੂੰ ਤੇ ਫੌਜ ਨੂੰ ਵੀ, ਰਾਜਨੀਤੀ ਤੋਂ ਉਕਾ ਹੀ ਪਾਸੇ ਕੋਈ ਨਹੀਂ ਰਖ ਸਕਦਾ। ਅਕਸਰ ਹਾਕਮ ਜਮਾਤਾਂ ਤੇ ਪਾਰਟੀਆਂ ਆਪ ਫੌਜ ਨੂੰ ਵਰਤਦੀਆਂ ਹਨ, ਭਾਵੇਂ ਕਾਂਗਰਸ ਆਈ ਦੇ ਕਈ ਬੁਲਾਰੇ ਤੇ ਸਮਰਥਕ ਇਸ ਅਧਾਰ ਤੇ ਉਪਰੋਕਤ ਸੱਦੇ ਦਾ ਵਿਰੋਧ ਕਰ ਰਹੇ ਹਨ ਕਿ ਫੌਜ ਤੇ ਸਾਬਕ ਫੌਜੀਆਂ ਨੂੰ ਵੀ ਰਾਜਨੀਤੀ ਵਿਚ ਲਿਆਉਣਾ ਗਲਤ ਤੇ ਹਾਨੀਕਾਰਕ ਹੈ। ਪਰ ਕਾਂਗਰਸ (ਆਈ.) ਨੇ ਆਪ ਪਰਦੇਸ਼ ਕਾਂਗਰਸ ਦੇ ਅਧੀਨ ਸਾਬਕ ਫੌਜੀਆਂ ਦਾ ਵਿਸ਼ੇਸ਼ ਸੈਲ ਸਥਾਪਤ ਕਰ ਰਖਿਆ ਹੈ ਜਿਸ ਦੇ ਮੁਖੀ ਜਨਰਲ ਰਾਜਿੰਦਰ ਸਿੰਘ ਸਪੈਰੋਂ ਹਨ ਜੋ ਕਾਂਗਰਸ (ਆਈ.) ਦੇ ਮੈਂਬਰ ਪਾਰਲੀਮੈਂਟ ਵੀ ਹਨ। ਇਸ ਸੈਲ ਵਲੋਂ ਕਦੀ ਕਦੀ ਸਾਬਕ ਫੌਜੀਆਂ ਦੇ ਇਕੱਠ ਵੀ ਕੀਤੇ ਜਾਂਦੇ ਹਨ ਤੇ ਚੋਣਾਂ ਸਮੇਂ ਇਸਦੇ ਰਾਹੀਂ ਸਾਬਕ ਫੌਜੀਆਂ ਦੀਆਂ ਵੋਟਾਂ ਪ੍ਰਾਪਤ ਕਰਨ ਲਈ ਪੂਰਾ ਜ਼ੋਰ ਲਾਇਆ ਜਾਂਦਾ ਹੈ ਸਭ ਪਰਾਤਾਂ ਵਿਚ ਇਉਂ ਹੀ ਹੈ। ਇਸ ਹਾਲਤ ਵਿਚ ਹੋਰ ਸਭ ਪਾਰਟੀਆਂ ਆਪਾ-ਵਿਰੋਧੀ ਗੱਲ ਦੀ ਖਿਲੀ ਉਡਾ ਸਕਦੀਆਂ ਹਨ ਕਿ ਕਾਂਗਰਸ (ਆਈ.) ਦੀ ਪਾਰਟੀ ਲਈ ਜੋ ਗਲ ਵਾਜਬ ਹੈ ਉਹ ਹੋਰਨਾਂ ਲਈ ਕਿਵੇਂ ਨਾਵਾਜਬ ਹੈ !!! ਸਾਡਾ ਵਿਚਾਰ ਹੈ ਕਿ ਸਾਬਕ ਫੌਜੀ ਵੀ ਹੋਰ ਸਭ ਭਾਰਤ-ਵਾਸੀਆਂ ਵਾਂਗ ਸਭ ਰਾਜਸੀ ਅਧਿਕਾਰ ਰਖਦੇ ਹਨ। ਉਹ ਆਪਣੇ ਹੱਕਾਂ ਤੇ ਹਿੱਤਾਂ ਦੀ ਰਾਖੀ ਤੇ ਆਪਣੀ ਭਲਿਆਈ ਲਈ ਜਥੇਬੰਦ ਹੋ ਸਕਦੇ ਹਨ। ਇਸ ਲਈ ਸਰਕਾਰ ਤੋਂ ਆਪਣੀਆਂ ਮੰਗਾਂ ਮਨਵਾਉਣ ਲਈ ਅੰਦੋਲਨ ਕਰ ਸਕਦੇ ਹਨ ਅਤੇ ਕਰਦੇ ਵੀ ਹਨ। ਉਹ ਰਾਜਨੀਤੀ ਵਿਚ ਹਿਸਾ ਵੀ ਲੈ ਸਕਦੇ ਹਨ ਅਤੇ ਆਪਣੀ ਮਨ ਪਸੰਦ ਪਾਰਟੀ ਵਿਚ ਸ਼ਾਮਲ ਹੋ ਸਕਦੇ ਹਨ। ਉਹਨਾਂ ਦਾ ਇਹ ਹੱਕ ਕੋਈ ਖੋਹ ਨਹੀਂ ਸਕਦਾ। ਅਸੀਂ ਸਾਬਕ ਫੌਜੀ ਭਰਾਵਾਂ ਦੇ ਏਸ ਹੱਕ ਦੇ ਪੂਰੇ ਜ਼ੋਰ ਨਾਲ ਸਮਰਥਕ ਹਾਂ।

ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਇਸ ਸੱਦੇ ਦੀ ਆਲੋਚਨਾ ਅਸੀਂ ਕਈ ਇਕ ਹੋਰ ਪੱਖਾਂ ਤੋਂ ਕਰਦੇ ਹਾਂ। ਸਾਡਾ ਇਤਰਾਜ਼ ਇਹ ਨਹੀਂ ਕਿ ਉਹਨਾਂ ਨੂੰ ਰਾਜਨੀਤੀ ਵਿਚ ਖਿਚ ਰਹੇ ਹਨ। ਸਾਡਾ ਇਤਰਾਜ਼ ਇਹ ਹੈਕਿ ਉਹ ਉਹਨਾ ਨੂੰ ਇਕ ਬੜੇ ਨਾਜ਼ਕ ਸਮੇਂ ਬੜੇ ਗਲਤ ਢੰਗ ਨਾਲ ਗਲਤ ਰਾਜਨੀਤੀ ਲਈ ਖਿਚ ਰਹੇ ਹਨ। ਇਹ ਸੱਦਾ ਸਗੋਂ ਉਸ ਕਾਜ਼ ਨੂੰ ਵੀ ਹਾਨੀ ਪਹੁੰਚਾਏਗਾ ਜਿਸਦੇ ਸਮਰਥਨ ਦੀ ਦਲੀਲ ਨਾਲ ਉਹ ਉਹਨਾ ਨੂੰ ਇਕੱਠਾ ਕਰ ਰਹੇ ਹਨ।

ਪਹਿਲੀ ਗੱਲ ਤਾਂ ਇਹ ਹੈ ਕਿ ਸੰਤ ਜੀ ਨੇ ਆਪ ਵਾਤਾਵਰਨ ਵਿਚ ਤਨਾਓ ਘਟਾਉਣ ਅਤੇ ਸਮਝੌਤੇ ਦੀ ਗਲਬਾਤ ਲਈ ਰਾਹ ਖੋਲ੍ਹਣ ਖਾਤਰ ਯਾਰਾਂ ਦਸੰਬਰ ਨੂੰ ਆਪਣੇ ਇਸ ਫੈਸਲੇ ਦਾ ਐਲਾਨ ਕੀਤਾ ਕਿ ਉਹ ਅਕਾਲੀ ਵਿਧਾਇਕਾਂ ਤੇ ਪਾਰਲੀਮੈਂਟ ਮੈਂਬਰਾਂ ਤੇ ਅਸਤੀਫੇ 26 ਜਨਵਰੀ ਨੂੰ ਦੇਣਗੇ। ਅਤੇ ਉਸ ਦਿਨ ਹੀ ਆਪਣੇ ਅਗਲੇ ਪਰੋਗਰਾਮ ਦਾ ਐਲਾਨ ਕਰਨਗੇ। ਜੇ ਉਦੋਂ ਤਕ ਉਹਨਾ ਦੀਆਂ ਮੰਗਾਂ ਨਾ ਮੰਨੀਆਂ ਗਈਆਂ। ਭਾਵ ਸਪੱਸ਼ਟ ਹੈ ਸੰਤ ਜੀ ਫੈਸਲੇ ਦਾ ਅਰਥ ਹੈ ਕਿ ਉਹ 26 ਜਨਵਰੀ ਤਕ ਅਸਤੀਫੇ ਨਹੀਂ ਦਿੰਦੇ ਅਤੇ ਮੋਰਚੇ ਨੂੰ ਤੇਜ਼ ਕਰਨ ਦਾ ਕੋਈ ਕਦਮ ਵੀ ਨਹੀਂ ਚੁੱਕਦੇ। ਜਿਸਦੀ ਕਿ ਮੰਗ ਉਹਨਾਂ ਦੀ ਪਾਰਟੀ ਦੇ ਕਈ ਅੰਸ਼ ਕਰ ਰਹੇ ਸਨ। ਉਹਨਾਂ ਇਹ ਮੰਗ ਵੀ ਨਾ ਮੰਨੀ ਕਿ ਆਪਣੀ ਪੰਜ ਮੈਂਬਰੀ ਗਲਬਾਤ ਕਮੇਟੀ ਤੋੜ ਦੇਣ ਅਤੇ ਪਰਧਾਨ ਮੰਤਰੀ ਨਾਲ ਹੋਰ ਗਲਬਾਤ ਦੇ ਦਰਵਾਜ਼ੇ ਬੰਦ ਕਰ ਦੇਣ। ਇਹ ਹੀ ਨਹੀਂ ਆਮ ਚਰਚਾ ਹੈ ਕਿ ਗਲਬਾਤ ਕਾਫੀ ਹੱਦ ਤਕ ਨਿਬੜਣ ਦੇ ਨੇੜੇ ਹੈ। ਇਕ ਦੋ ਮਸਲਿਆਂ ਦਾ ਅੜਿਕਾ ਹੈ। ਉਹ ਮਸਲੇ ਕਾਫੀ ਉਲਝ ਗਏ ਪਰ ਪਰਧਾਨ ਮੰਤਰੀ ਵਲੋਂ ਆਂਧਰਾ, ਕਰਨਾਟਕ ਤੇ ਤਰੀਪੁਰਾ ਦੀਆਂ ਅਸੰਬਲੀ ਚੋਣਾਂ ਬਾਦ ਇਨਾਂ ਨੂੰ ਸਲਝਾਉਣ ਦੇ ਜਤਨ ਕੀਤੇ ਜਾਣਗੇ ਅਤੇ ਅਕਾਲੀ ਪ੍ਰਤੀਨਿਧਾਂ ਨਾਲ ਜਾਂ ਖੁਦ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਵੀ ਗਲਬਾਤ ਤੋਰੀ ਜਾਏਗੀ। ਇਹ ਵੀ ਕਿਹਾ ਜਾ ਰਿਹਾ ਹੈ ਕਿ ਏਸ ਕਾਰਨ ਹੀ ਖੁਦ ਪੰਜਾਬ ਦੇ ਮੁਖ ਮੰਤਰੀ ਸ੍ਰ: ਦਰਬਾਰਾ ਸਿੰਘ ਨੇ ਵੀ ਕਾਂਟਾ ਬਦਲਿਆ ਹੈ ਅਤੇ ਸਮਝੌਤੇ ਦੇ ਵਿਰੋਧ ਦੀ ਥਾਂ ਸਮਰਥਨ ਵਿਚ ਬੋਲਣਾ ਸ਼ੁਰੂ ਕਰ ਦਿਤਾ ਹੈ। ਪੰਜਾਬ ਪਰਦੇਸ਼ ਕਾਂਗਰਸ (ਆਈ.) ਤਾਂ "ਪੰਜਾਬ ਦੀਆਂ ਮੰਗਾਂ ਖਾਤਰ ਅਕਾਲੀ ਦਲ ਨਾਲ ਸਾਂਝਾ ਫਰੰਟ ਬਣਾਉਣ" ਲਈ ਤਤਪਰਤਾ ਪਰਗਟ ਕਰ ਰਹੀ ਹੈ।

ਏਸ ਪਰਿਸਥਿਤੀ ਵਿਚ ਜੋ ਕਦਮ ਸੰਤ ਲੌਂਗੋਵਾਲ ਨੇ ਉਠਾਇਆ ਹੈ ਉਹ ਵਾਤਾਵਰਣ ਵਿਚ ਵਿਗਾੜ ਪੈਦਾ ਕਰਦਾ ਹੈ, ਸਮਝੌਤੇ ਦੇ ਅੱਜ ਕੱਲ੍ਹ ਬਣੇ ਵਾਤਾਵਰਣ 'ਚ ਸਖਤ ਤੇ ਬੇਲੋੜੀ ਗਰਮੀ ਪੈਦਾ ਕਰਦਾ ਹੈ। ਇਸਨੂੰ ਕੇਵਲ ਸਮਝੌਤੇ ਦੇ ਵਿਰੋਧੀ ਅਤੇ ਅੱਤਵਾਦੀ ਅੰਸ਼ਾਂ ਨੇ ਹੀ ਚੰਗਾ ਗਿਣਿਆ ਹੈ ਹੋਰ ਸਭ ਨੇ ਇਸ ਦੀ ਆਲੋਚਨਾ ਕੀਤੀ ਹੈ। ਸ਼ਾਇਦ ਸੰਤ ਜੀ ਨੂੰ ਇਸ ਕਦਮ ਦੀ ਪਰੇਰਨਾ ਤੇ ਸਲਾਹ ਦੇਣ ਵਾਲੇ ਅੰਸ਼ ਉਹੋ ਹੀ ਹੋਣ ਜਿਹਨਾਂ ਅੱਗੇ ਏਸ਼ੀਆਈ ਖੇਡਾਂ ਸਮੇਂ ਮੋਰਚਾ ਦਿੱਲੀ ਲਿਜਾਣ ਦੀ ਸਲਾਹ ਦਿਤੀ ਸੀ।

ਦੂਜੀ ਪਰ ਬੜੀ ਮਹਤੱਵ ਪੂਰਣ ਗੱਲ ਇਹ ਹੈ ਕਿ ਇਕ ਅਜਿਹੇ ਵਰਗ ਵਿਚ ਪਾੜੂ ਤੇ ਫਿਰਕੂ ਸੋਚ ਲਿਜਾਣ ਦਾ ਕਦਮ ਹੈ ਜਿਸਦੀਆਂ ਸ਼ਾਨਦਾਰ ਧਰਮ ਨਿਰਪੱਖ (ਸੈਕੂਲਰ) ਤੇ ਦੇਸ਼ ਭਗਤ ਰਵਾਇਤਾਂ ਹੀ ਸਭ ਸ਼ਲਾਘਾ ਕਰਦੇ ਹਨ ਤੇ ਸਾਬਕ ਫੌਜੀ ਹਰ ਧਰਮ, ਜਾਤੀ ਤੇ ਇਲਾਕੇ ਵਿਚੋਂ ਆਉਂਦੇ ਹਨ। ਫੌਜ ਅੰਦਰ ਉਹ ਇਕ ਸੰਸਥਾ ਦਾ ਅੰਗ ਬਣਕੇ ਕੰਮ ਕਰਦੇ ਹਨ। ਅਕਸਰ ਦੇਸ਼ ਵਿਚ ਉਹਨਾਂ ਦੀ ਕਈ ਥਾਂ ਪੋਸਟਿੰਗ ਹੁੰਦੀ ਹੈ ਜਿਸ ਨਾਲ ਉਹਨਾਂ ਦਾ ਦ੍ਰਿਸ਼ਟੀਕੋਣ ਵਿਸ਼ਾਲ ਬਣਦਾ ਹੈ। ਅੰਗਰੇਜ਼ੀ ਸਾਮਰਾਜ ਨੇ ਜੋ ਫੌਜ ਭਾਰਤ ਦੀ ਗੁਲਾਮੀ ਦੀਆਂ ਸੰਗਲਾਂ ਦੀ ਰਾਖੀ ਕਰਨ ਲਈ ਤਿਆਰ ਕੀਤੀ ਸੀ। ਉਸ ਫੌਜ ਨੇ ਹੀ 1857 ਵਿਚ ਕੌਮੀ ਬਗਾਵਤ ਦਾ ਝੰਡਾ ਬੁਲੰਦ ਕੀਤਾ ਅਤੇ ਫਿਰ 1946 ਵਿਚ ਏਸੇ ਫੌਜ ਦਾ ਸਮੁੰਦਰੀ ਬੇੜਾ ਬਾਗੀ ਹੋ ਗਿਆ। ਇਸ ਵਿਚ ਹਿੰਦੂ ਮੁਸਲਮਾਨ ਸਿਖ ਸਭ ਜਹਾਜ਼ੀ ਸਨ। ਇਸ ਸਮੇਂ ਸਿਗਨਲਜ਼ ਤੇ ਹਵਾਈ ਬੇੜੇ ਦੇ ਕਈ ਅਨੇਕਾਂ ਯੂਨਿਟ ਮੁਜ਼ਾਹਰੇ ਤੇ ਜਲੂਸ ਕੱਢ ਰਹੇ ਸਨ। ਜੇ ਗੋਰਾ ਫੌਜਾਂ ਭਾਰਤੀ ਜਹਾਜ਼ੀ ਫੌਜ ਨਾਲ ਲੰਮੀ ਟੱਕਰ ਲੈਂਦੀਆਂ ਤਾਂ ਅਵੱਸ਼ ਸਾਰੀ ਭਾਰਤੀ ਫੌਜ ਵੀ ਬਾਗੀ ਹੋ ਜਾਂਦੀ। ਇਕੱਲਾ ਗੋਰੇ ਫੌਜੀਆਂ ਨਾਲ ਅੰਗਰੇਜ਼ੀ ਸਾਮਰਾਜੀ ਭਾਰਤ ਉਤੇ ਕਬਜ਼ਾ ਨਹੀਂ ਸਨ ਰੱਖ ਸਕਦੇ। ਏਸੇ ਕਾਰਨ ਉਹਨਾ ਸਮਝੌਤੇ ਦਾ ਰਾਹ ਫੜਿਆ। ਸਾਡੇ ਇਹ ਫੌਜੀ ਜਵਾਨ ਹੀ ਆਈ. ਐਨ. ਏ. ਵਿਚ ਸਨ। ਇਹ ਵੀ ਹਰ ਧਰਮ ਤੇ ਜਾਤੀ ਤੇ ਇਲਾਕੇ ਵਿਚੋਂ ਸਨ। ਇਹਨਾਂ ਦੀ ਦੇਸ਼ ਭਗਤੀ ਦੇ ਸ਼ਾਨਦਾਰ ਕਾਰਨਾਮੇ ਵੀ ਸਾਡੇ ਸੁਤੰਤਰਤਾ ਸੰਗਰਾਮ ਦਾ ਅੰਗ ਹਨ। ਇਹ ਹੀ ਨਹੀਂ ਜਦੋਂ ਪਾਕਿਸਤਾਨ ਦੇ ਫੌਜੀ ਡਿਕਟੇਟਰ ਯਹੀਆ ਖਾਨ ਨੇ ਪੂਰਬੀ ਪਾਕਿਸਤਾਨ (ਅਜ ਦੇ ਬੰਗਲਾ ਦੇਸ਼) ਵਿਚ ਕਤਲੇਆਮ ਕਰ ਰਖਿਆ ਸੀ ਤਾਂ ਬੰਗਲਾ ਬੰਧੂ ਮੁਜ਼ੀਬ ਦੀ ਬੇਨਤੀ ਤੇ ਭਾਰਤੀ ਫੌਜ ਉਥੇ ਘੱਲੀ ਗਈ ਜਿਸ ਨੇ ਥੋੜੇ ਦਿਨਾ ਵਿਚ ਹੀ ਮੋਰਚੇ ਫਤਿਹ ਕਰਕੇ ਬੰਗਲਾ ਦੇਸ਼ ਉਥੋਂ ਦੇ ਲੋਕਾਂ ਦੇ ਚੁਣੇ ਪ੍ਰਤੀਨਿਧਾਂ ਦੇ ਹਵਾਲੇ ਕੀਤਾ ਅਤੇ ਉਪਰੰਤ ਵਾਪਸ ਆ ਗਈ। ਉਸਦੇ ਉਥੋਂ ਦੇ ਵਸਨੀਕਾਂ ਨਾਲ ਵਿਹਾਰ ਵਰਤਾਓ ਬਾਰੇ ਵੀ ਸ਼ਕਾਇਤਾਂ ਦੀ ਥਾਂ ਪਰਸੰਸਾ ਹੀ ਹੋਈ ਹੈ। ਉਹ ਵਸਨੀਕ ਭਾਰੀ ਬਹੁ ਗਿਣਤੀ ਵਿਚ ਮੁਸਲਮਾਨ ਸਨ ਅਤੇ ਸਾਡੇ ਫੌਜੀ ਭਾਰੀ ਬਹੁ ਗਿਣਤੀ ਵਿਚ ਹਿਦੂ-ਸਿੱਖ ਪਰ ਪਾਕਿਸਤਾਨੀ ਮੁਸਲਮਾਨ ਫੌਜੀ ਅਫਸਰਾਂ ਨੇ ਤਾਂ ਆਪਣੇ ਹੀ ਮੋਮਨ ਭਰਾਵਾਂ ਉਤੇ ਘੋਰ ਅਤਿਆਚਾਰ ਕੀਤੇ ਅਤੇ ਧੀਆਂ ਭੈਣਾਂ ਤਕ ਦੀਆਂ ਪੱਤਾਂ ਲੁੱਟੀਆਂ। ਪਰ ਭਾਰਤੀ ਫੌਜ ਨੇ ਪੂਰੇ ਡਸਿਪਲਿਨ ਤੇ ਮਨੁੱਖੀ ਵਰਤਾਰੇ ਦਾ ਸਬੂਤ ਦਿੰਦਿਆਂ ਆਪਣਾ ਮਿਸ਼ਨ ਪੂਰਾ ਕੀਤਾ ਅਤੇ ਵਾਪਸ ਪਰਤ ਆਏ


ਸਾਡੀਆਂ ਆਪਣੀਆਂ ਬਣਾਈਆਂ ਚੀਜ਼ਾਂ ਖਰੀਦੋ

ਬੱਚਤ ਹੀ ਬੱਚਤ ਹੈ !

**ਫ਼ੈਕਟਰੀ ਦੀਆਂ ਕੀਮਤਾਂ ਤੇ**

ਮਰਦਾਂ ਦੀਆਂ ਜ਼ੀਨਾਂ ਤੇ ਕੋਰਡਜ਼

$12.99 ਤੋਂ ਸ਼ੁਰੂ ਹੁੰਦੀਆਂ ਹਨ

| | ਮਰਦ | ਲੜਕੇ | ਬੱਚੇ |
|---|---|---|---|
| ਬੇਸਬਾਲ ਸ਼ਰਟਾਂ | 4.99 | 3.99 | 3.99 |
| ਫੁੱਟਬਾਲ ਸ਼ਰਟਾਂ | 5.99 | 5.49 | — |
| ਰਗਬੀ ਸ਼ਰਟਾਂ | 11.99 | 9.99 | — |
| ਸਵੀਟ ਸ਼ਰਟਾਂ | 8.99 | 7.99 | 5.99 |
| ਟੀ ਸ਼ਰਟਾਂ | 3.99 | 2.99 | 2.99 |
| ਸਵੀਟ ਪੈਂਟਾਂ | 9.99 | 8.99 | 6.99 |

ਇਲਾਈਟ ਟੇਲਰਜ਼ ਹੁਣ ਆਪ ਸਪੋਰਟਸ ਲਈ ਕੱਪੜੇ ਬਣਾਉਂਦੇ ਹਨ ਤੇ ਮੇਨ ਸਟਰੀਟ ਤੇ ਉਨ੍ਹਾਂ ਫ਼ੈਕਟਰੀ ਆਊਟਲੈਟ ਲਈ ਥਾਂ ਰਾਖਵੀਂ ਕੀਤੀ ਹੈ। ਇਨ੍ਹਾਂ ਤੋਂ ਸਿੱਧੇ ਖਰੀਦੋ ਤੇ ਬੱਚਤ ਕਰੋ।

**ELITE TAILORS**
4212, MAIN ST.(26th Ave.)
VANCOUVER,B.C. Phone: 872-2276



**BAINS TRAVEL**

IATA — ਅਸੀਂ ਤੁਹਾਡੀ 30 ਸਾਲਾਂ ਤੋਂ ਸੇਵਾ ਕਰ ਰਹੇ ਹਾਂ — IATA

ALMOST ALL AIRLINES
6364 FRASER ST. VANOCUVER, B.C.
TEL. 324-2277 & 324-1919



**Y. F. CHONG & CO.**
ACCREDITED PUBLIC ACCOUNTANTS
INCOME TAX
3613 MAIN ST.
VANCOUVER, B.C.
TELEPHONE : 875-6918

## ਯੂ. ਪੀ. ਦੀਆਂ 4 ਹਾਕੀ ਖਿਡਾਰਨਾਂ ਨੂੰ ਪਲਾਟ ਮਿਲਣਗੇ

—ਯੂ. ਪੀ. ਸਰਕਾਰ ਨੇ ਏਸ਼ੀਆਡ ਮਹਿਲਾ ਹਾਕੀ ਵਿਚ ਹਿੰਦ ਦੀ ਨੁਮਾਇੰਦਗੀ ਕਰਨ ਵਾਲੀਆਂ 4 ਖਿਡਾਰੀਆਂ ਨੂੰ 25 ਹਜ਼ਾਰ ਰੁਪਏ ਨਕਦ ਜਾਂ ਘਰ ਬਨਾਉਣ ਲਈ ਪਲਾਟ ਦੇਣ ਦਾ ਫੈਸਲਾ ਕੀਤਾ ਹੈ।

ਖਿਡਾਰਨਾਂ ਦੇ ਨਾਂ ਹਨ: ਰਜ਼ੀਆਂ ਜ਼ੈਦੀ, ਪ੍ਰੇਮ ਮਾਯਾ, ਸੁਧਾ ਚੌਧਰੀ, ਤੇ ਅਨੁਰਾਧਾ, ਸਿਖਿਆਂ ਮੰਤਰੀ ਸਵਰੂਪ ਕੁਮਾਰੀ ਬਖਸ਼ੀ ਨੇ ਦਸਿਆਂ ਕਿ ਸਰਕਾਰ ਨੂੰ ਪਤਾ ਲਗਾ ਹੈ ਕਿ ਭਾਰੀ ਗਿਣਤੀ ਵਿਚ ਪ੍ਰਾਈਵੇਟ ਵਿਦਿਅਕ ਸੰਸਥਾਵਾਂ ਖੇਡ—ਫੀਸ ਦੀ ਦੁਰਵਰਤੋਂ ਕਰਦੀਆਂ ਹਨ, ਜਿਹਨਾਂ ਦੀ ਪੂਰੀ ਘੋਖ ਕਰਕੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿਤੀਆਂ ਜਾਣਗੀਆਂ।

ਉਹਨਾਂ ਕਿਹਾ ਕਿ ਸਰਕਾਰ ਭਵਿੱਖ ਵਿਚ ਸਾਰੀਆਂ ਸੰਸਥਾਵਾਂ ਨੂੰ ਮੈਦਾਨ ਦੇਖਦੇ ਮਾਨਤਾ ਦੇਵੇਗੀ।

ਇਸ ਸਮੇਂ ਭਾਰਤੀ ਹਾਕੀ ਟੀਮ ਵਿਚ ਯੂ. ਪੀ. ਤੋਂ ਦੋ ਖਿਡਾਰੀਆਂ ਜ਼ਫਰ ਇਕਬਾਲ (ਕਪਤਾਨ) ਤੇ ਸਈਅਦ ਅਲੀ—ਖੇਡਦੇ ਹਨ।

ਇਸ ਤੋਂ ਇਲਾਵਾ 16 ਮੈਂਬਰੀ ਜੂਨੀਅਰ ਹਾਕੀ ਟੀਮ ਵਿਚ 10 ਯੂ. ਪੀ. ਦੇ ਖਿਡਾਰੀ ਹਨ।

ਉਨ੍ਹਾਂ ਦਸਿਆਂ ਕਿ ਸਰਕਾਰ ਨੇ ਖੇਡ ਬਜਟ ਦੁਗਣਾ ਕਰਨ ਦਾ ਫੈਸਲਾ ਕੀਤਾ ਹੈ।

ਬਖਸ਼ੀ ਨੇ ਦਸਿਆਂ ਕਿ 14 ਸਟੇਡੀਅਮ ਬਣ ਚੁੱਕੇ ਹਨ। ਤੇ 17 ਹੋਰ ਬਣਾਏ ਜਾ ਰਹੇ ਹਨ, ਉਹਨਾਂ ਦਸਿਆਂ ਕਿ ਹਰ ਜ਼ਿਲ੍ਹੇ ਵਿਚ ਇਕ ਸਟੇਡੀਅਮ ਬਨਾਉਣ ਦਾ ਨਿਸ਼ਾਨਾ ਹੈ।

## ਪਰਮਿੰਦਰ ਸਿੰਘ ਏਸ਼ੀਅਨ ਫੁਟਬਾਲ ਟੀਮ ਵਲੋਂ ਖੇਡੇਗਾ

ਕਲਕੱਤਾ — ਏਸ਼ੀਆ ਤੇ ਯੂਰਪ ਦੇ ਵਖ ਵਖ ਦੇਸ਼ਾਂ ਵਿਚ ਖੇਡਣ ਲਈ ਏਸ਼ੀਅਨ ਫੁਟਬਾਲ ਕਨਫੈਡਰੇਸ਼ਨ ਦੀ ਟੀਮ ਵਿਚ ਪਰਮਿੰਦਰ ਸਿੰਘ ਵੀ ਸ਼ਾਇਦ ਸ਼ਾਮਲ ਹੋਵੇਗਾ।

ਕੁਲ ਹਿੰਦ ਫੁਟਬਾਲ ਫੈਡਰੇਸ਼ਨ ਨੂੰ ਪਰਮਿੰਦਰ ਵਾਸਤੇ ਹਵਾਈ ਜਹਾਜ ਦੀ ਟਿਕਟ ਪੁਜੀ ਹੈ।

ਫੈਡਰੇਸ਼ਨ ਦੇ ਸਕੱਤਰ ਨੇ ਸੀਘੋਸ਼ [illegible] ਯੂ. ਐਨ. ਆਈ. ਨੂੰ ਇਹ ਜਾਣਕਾਰੀ ਦਿੰਦਿਆਂ ਦਸਿਆਂ ਕਿ ਪ੍ਰਸੂਨ ਬੈਨਰਜ਼ੀ ਲਈ ਟਿਕਟ ਨਹੀਂ ਪੁਜੀ ਹੈ, ਪ੍ਰਸੂਨ ਨੂੰ ਉਪਰੋਕਤ ਟੀਮ ਲਈ ਚੁਣਿਆ ਗਿਆ ਸੀ।

ਪਰਮਿੰਦਰ ਦੀ ਚੋਣ ਬਾਰੇ ਮਲੇਸ਼ੀਆਂ ਦੀ ਫੁਟਬਾਲ ਐਸੋਸੀਏਸ਼ਨ ਦੇ ਸਕੱਤਰ ਮੁਰਗਾਸੇਨ ਨੇ ਕੁਝ ਦਿਨ ਪਹਿਲਾਂ ਭਾਰਤੀ ਫੈਡਰੇਸ਼ਨ ਦੇ ਪ੍ਰਧਾਨ ਜ਼ਿਆਉਦੀਨ ਨੂੰ ਟੈਲੈਕਸ ਤੇ ਸੂਚਤ ਕੀਤਾ।

ਸ੍ਰੀ ਘੋਸ਼ ਨੇ ਮੁਰਗਾਸੇਨ ਨੂੰ ਟੈਲੈਕਸ ਦੇ ਕੇ ਬੇਨਤੀ ਕੀਤੀ ਸੀ ਕਿ ਪਰਮਿੰਦਰ ਤੇ ਪ੍ਰਸੂਨ ਬੈਨਰਜ਼ੀ ਦੋਹਾਂ ਨੂੰ ਟੀਮ ਵਿਚ ਸ਼ਾਮਲ ਕੀਤਾ ਜਾਏ ਅਤੇ ਪ੍ਰਸੂਨ ਨੂੰ ਛਡਿਆਂ ਨਾ ਜਾਵੇ, ਇਸ ਨਾਲ ਅਸੀਂ ਕਸੂਤੀ ਸਥਿਤੀ ਚਿ ਵਿਚ ਫਸ ਜਾਵਾਂਗੇ, ਭਾਰਤੀ ਫੈਡਰੇਸ਼ਨ ਪ੍ਰਸੂਨ ਦੀ ਚੋਣ ਬਾਰੇ ਪਹਿਲਾਂ ਹੀ ਐਲਾਨ ਕਰ ਚੁਕੀ ਹੈ।

## ਬਰਾਜ਼ੀਲ ਦੀ ਨਾਂਹ

ਰਿਓ ਡੀ ਜੈਨੀਰੋ ਬਰਾਜ਼ੀਲ ਦੀ ਕੌਮੀ ਖੇਡ ਕੌਂਸਲ ਦੇ ਪ੍ਰਧਾਨ ਨੇ ਕਿਹਾ ਹੈ ਕਿ ਉਸ ਦੀ ਸਰਕਾਰ ਮਾਲੀ ਮੁਸ਼ਕਲਾਂ ਕਾਰਨ 1986 ਵਿਚ ਸੰਸਾਰ ਫੁਟਬਾਲ ਕਪ ਟੂਰਨਾਮੈਂਟ ਨਹੀਂ ਕਰਵਾ ਸਕਦੀ।

## ਭਾਰਤੀ ਹਾਕੀ ਫੈਡਰੇਸ਼ਨ ਦੇ ਅਹੁਦੇਦਾਰ ਅਸਤੀਫ਼ੇ ਦੇਣ— ਚਰਨਜੀਤ ਸਿੰਘ

ਸ਼ਿਮਲਾ:—ਸਾਬਕ ਉਲਿੰਪਕ ਹਾਕੀ ਕਪਤਾਨ ਚਰਨਜੀਤ ਸਿੰਘ ਨੇ ਹਾਕੀ ਵਿਚ ਭਾਰਤ ਦੀਆਂ ਹਾਰਾਂ ਦੀ ਰੋਸ਼ਨੀ ਵਿਚ ਹਾਕੀ ਫੈਡਰੇਸ਼ਨ ਦੇ ਮੌਜੂਦਾ ਅਹੁਦੇਦਾਰਾਂ ਨੂੰ ਆਪਣੇ ਆਪ ਅਸਤੀਫਾ ਦੇਣ ਲਈ ਕਿਹਾ ਹੈ।

ਉਹਨਾਂ ਕਿਹਾ ਕਿ ਕੌਮਾਂਤਰੀ ਮੁਕਾਬਲਿਆਂ ਵਿਚ ਟੀਮਾਂ ਦੀ ਮਾੜੀ ਕਾਰਗੁਜ਼ਾਰੀ ਲਈ ਫੈਡਰੇਸ਼ਨ ਨੂੰ ਵੀ ਜਵਾਬ ਦੇਹ ਹੋਣਾ ਚਾਹੀਦਾ ਹੈ।ਉਹਨਾਂ ਕਿਹਾ ਕਿ ਸਰਕਾਰ ਇਸ ਕੰਮ ਲਈ ਤਿੰਨ ਮੈਂਬਰੀ ਅਬਜ਼ਰਵਰ ਕਮੇਟੀ ਬਣਾ ਸਕਦੀ ਹੈ।

ਟੀਮਾਂ ਦੀ ਚੋਣ ਵਿਚ ਰਾਜਨੀਤੀ ਦੇ ਲਗਦੇ ਦੋਸ਼ਾਂ ਦਾ ਜ਼ਿਕਰ ਕਰਦਿਆਂ ਸ੍ਰੀ ਚਰਨਜੀਤ ਸਿੰਘ ਜਿਹੜੇ ਕਿ ਖੁਦ ਵੀ ਚੋਣਕਾਰ ਰਹਿ ਚੁੱਕੇ ਹਨ, ਨੇ ਸੁਝਾਇਆ ਹੈ ਕਿ ਫੈਡਰੇਸ਼ਨ ਦਾ ਕੰਮ ਸਿਰਫ ਟਰੇਨਿੰਗ, ਯੋਜਨਾ ਤੇ ਪਰਬੰਧ ਤਕ ਮਹਿਦੂਦ ਰਹਿਣਾ ਚਾਹੀਦਾ ਹੈ।

ਉਹਨਾਂ ਕਿਹਾ ਟੀਮ ਦੀ ਚੋਣ ਅਜ਼ਾਦ ਬਾਡੀ ਵਲੋਂ ਕੀਤੀ ਜਾਣੀ ਚਾਹੀਦੀ ਹੈ ਜਿਹੜੀ ਸਾਬਕ ਉਲੰਪੀਅਨਾਂ ਤੋਂ ਇਲਾਵਾ ਫੈਡਰੇਸ਼ਨ ਤੇ ਸਰਕਾਰ ਦੇ ਪ੍ਰਤੀਨਿਧਾਂ ਉਤੇ ਅਧਾਰਤ ਹੋਵੇ।

ਸ੍ਰੀ ਚਰਨਜੀਤ ਸਿੰਘ ਨੇ ਦੋ ਕੌਮੀ ਟੀਮਾਂ ਬਣਾਉਣ ਦਾ ਸੁਝਾਅ ਦਿੰਦਿਆਂ ਕਿਹਾ ਕਿ ਉਹਨਾਂ ਦੀ ਸਖਲਾਈ ਮੈਨੇਜਰਾਂ ਤੇ ਕੋਚਾਂ ਦੇ ਵੱਖ ਵੱਖ ਗਰੁਪਾਂ ਵਲੋਂ ਹੋਵੇ। ਉਹਨਾਂ ਕਿਹਾ ਕਿ ਕੈਂਪਾਂ ਵਿਚ ਖਿਡਾਰੀਆਂ ਦੀ ਗੇਮ ਹੀ ਸੁਧਾਰਨੀ ਚਾਹੀਦੀ ਹੈ ਸਿਹਤ ਦਾ ਖਿਆਲ ਉਹਨਾਂ ਦੇ ਆਪਣੇ ਉਤੇ ਛਡਣਾ ਚਾਹੀਦਾ ਹੈ। ਉਹਨਾਂ ਕੈਂਪਾਂ ਵਿਚ ਸ਼ਾਟ ਕਾਰਨਰ ਤੇ ਗੋਲਕੀਪਰ ਦੇ ਵਿਸ਼ੇਸ਼ ਅਭਿਆਸ ਉਤੇ ਜ਼ੋਰ ਦਿਤਾ ਹੈ।

ਉਹਨਾਂ ਕਿਹਾ ਕਿ ਜੇ ਸ਼ਾਟ ਕਾਰਨਰ ਸਿਧਾ ਨਹੀਂ ਲੱਗਦਾ ਉਸਨੂੰ ਅਸਿਧੇ ਢੰਗ ਨਾਲ ਲਾਉਣ ਦਾ ਢੰਗ ਅਪਨਾਇਆ ਜਾਏ। ਕੌਮਾਂਤਰੀ ਤਜਰਬਾ ਹਾਸਲ ਕਰਨ ਲਈ ਬਾਹਰ ਟੀਮਾਂ ਭੇਜਣ ਦਾ ਉਹਨਾਂ ਵਿਰੋਧ ਕੀਤਾ ਹੈ ਤਾਂ ਵੀ ਹਿੰਦ ਤੇ ਪਾਕਿ ਵਿਚਾਲੇ ਕਲਬ ਪੱਧਰ ਦੇ ਮੁਕਾਬਲਿਆਂ ਦਾ ਸੁਝਾਅ ਦਿਤਾ।

ਸਾਬਕ ਉਲੰਪੀਅਨ ਨੇ ਸੰਸਾਰ ਵਿਚ ਹਿੰਦ ਦੀ ਸ਼ਾਨ ਮੁੜ ਬਹਾਲ ਕਰਨ ਲਈ ਯੋਜਨਾ, ਸਿਖਲਾਈ ਤੇ ਪ੍ਰਬੰਧ ਦੀ ਮੁਕੰਮਲ ਓਵਰਹਾਲਿੰਗ ਦਾ ਸੁਝਾ ਦਿਤਾ।

ਉਹਨਾਂ ਏਸ਼ੀਆਡ, ਏਸੈਂਡਾ ਤੇ ਹੋਰ ਕੌਮਾਂਤਰੀ ਮੁਕਾਬਲਿਆਂ ਵਿਚ ਹਿੰਦ ਦੀਆਂ ਹਾਰਾਂ ਲਈ ਖਿਡਾਰੀਆਂ ਦੀ ਘਟੀਆ ਫਿਜ਼ੀਕਲ ਫਿਟਨੈੱਸ ਤੇ ਤਾਲਮੇਲ, ਕਲਪਨਾ, ਸਵੈਅਨੁਸ਼ਾਸਨ ਤੇ ਲੜਾਕੀ-ਭਾਵਨਾ ਦੀ ਘਾਟ ਨੂੰ ਜ਼ੁਮੇਵਾਰ ਠਹਿਰਾਇਆ ਉਹਨਾਂ ਕਿਹਾ ਕਿ ਏਸ਼ੀਆਡ ਵਿਚ ਗੋਲਕੀਪਰ ਨੇ ਨਹੀਂ ਸਗੋਂ ਵਿਚਕਾਰਲੀ ਲਾਈਨ ਨੇ ਕੁਝ ਨਹੀਂ ਕੀਤਾ।

*ਮਹਿਲਾ ਕਬੱਡੀ ਮੁਕਾਬਲੇ*

## ਸਾਨੂੰ ਕੋਚਿੰਗ ਦੀ ਘਾਟ ਹੈ-ਗੁਰਜੀਤ ਕੌਰ



ਗੁਰਜੀਤ ਕੌਰ ਜੋ ਹੁਣੇ ਹੁਣੇ ਮਹਾਂਰਾਸ਼ਟਰ ਵਿਚ ਹੋਏ ਸਕੂਲ ਨੈਸ਼ਨਲ ਕਬੱਡੀ ਟੂਰਨਾਮੈਂਟ ਵਿਚ ਪੰਜਾਬ ਦੀ ਟੀਮ ਵਿਚ ਖੇਡ ਕੇ ਆਈ ਹੈ, ਨੂੰ ਪੰਜਾਬ ਦੇ ਤੀਸਰੇ ਸਥਾਨ ਤੇ ਰਹਿ ਜਾਣ ਦਾ ਜਿਥੇ ਬੇਹੱਦ ਅਫਸੋਸ ਹੈ, ਉਥੇ ਪੱਛਮੀ ਬੰਗਾਲ ਦੀਆਂ ਕੁੜੀਆਂ ਜਿਹਨਾਂ ਦੀ ਟੀਮ ਪਹਿਲੇ ਸਥਾਨ ਤੇ ਰਹੀ ਹੈ, ਦੀ ਖੇਡ ਨੂੰ ਦੇਖ ਕੇ ਬਹੁਤ ਹੀ ਜ਼ਿਆਦਾ ਖੁਸ਼ੀ ਹੈ. ਆਪਣੀ ਟੀਮ ਦੇ ਪਿਛੇ ਰਹਿ ਜਾਣ ਦਾ ਮੁਖ ਕਾਰਨ ਪ੍ਰੈਕਟਿਸ ਲਈ ਸਮਾਂ ਘਟ ਹੋਣਾ ਦਸਦੀ ਹੈ. ਕੋਚਿੰਗ ਸਿਰਫ ਇਕ ਹਫਤਾ ਮਿਲੀ. ਜੇ ਇਕ ਮਹੀਨੇ ਦੀ ਕੋਚਿੰਗ ਦਿਤੀ ਜਾਂਦੀ ਹੈ ਤਾਂ ਪੰਜਾਬ ਦੀ ਟੀਮ ਪਹਿਲਾਂ ਨਹੀਂ ਤਾਂ ਦੂਸਰਾ ਸਥਾਨ ਤਾਂ ਸਹਿਜੇ ਹੀ ਪ੍ਰਾਪਤ ਕਰ ਸਕਦੀ ਸੀ. ਉਹਨੂੰ ਟੀਮ ਦੀ ਚੋਣ ਵੇਲੇ ਹੋਈ ਘਪਲੇ-ਬਾਜ਼ੀ ਤੇ ਵੀ ਬੇਹੱਦ ਅਫਸੋਸ ਹੈ. ਅੰਮ੍ਰਿਤਸਰ ਸਕੂਲ ਦੀਆਂ ਕਈ ਕੁੜੀਆਂ ਦੀ ਸਫਾਰਸ਼ੀ ਭਰਤੀ ਨੇ ਖੇਡ ਨੂੰ ਖੇਡ ਨਹੀਂ ਰਹਿਣ ਦਿਤਾ.

16 ਨਵੰਬਰ 1968 ਨੂੰ ਪਿੰਡ ਜੰਡਿਆਲਾ (ਜਲੰਧਰ) ਵਿਚ ਸ: ਕਰਮ ਸਿੰਘ ਦੇ ਘਰ ਜਨਮੀ ਗੁਰਜੀਤ ਕੌਰ ਜਦੋਂ ਪ੍ਰਾਇਮਰੀ ਸਕੂਲ ਦੀ ਪੜ੍ਹਾਈ ਕਰ ਕੇ ਜਦੋਂ ਹਾਈ ਸਕੂਲ ਵਿਚ ਦਾਖਲ ਹੋਈ ਸੀ ਉਸੇ ਸਾਲ ਸਕੂਲ ਖੇਡਾਂ ਵਲ ਸਰਗਰਮ ਹੋਣ ਹੀ ਲੱਗਾ ਸੀ. ਉਹਦੀ ਇੱਛਾ ਹਾਕੀ ਖੇਡਣ ਦੀ ਸੀ ਪਰ ਸਕੂਲ ਵਿਚ ਹਾਕੀ ਦਾ ਪ੍ਰਬੰਧ ਨਾ ਹੋਣ ਕਾਰਣ, ਵੱਡੀਆਂ ਭੈਣਾਂ ਬਲਜੀਤ ਤੇ ਚਰਨਜੀਤ ਦੀ ਪ੍ਰੇਰਨਾ ਸਦਕਾ ਕਬੱਡੀ ਦੀ ਟੀਮ ਵਿਚ ਭਰਤੀ ਲਈ ਟਰਾਇਲ ਦਿਤਾ. ਕਬੱਡੀ ਦੀਆਂ ਪਲੇਅਰ ਖਿਡਾਰਨਾ ਦੀ ਚੋਣ ਵੱਡੀਆਂ ਜਮਾਤਾਂ ਵਿਚੋਂ ਹੋ ਚੁਕੀ ਸੀ, ਸਤਵੀਂ ਕਲਾਸ 'ਚੋਂ ਸਪੇਅਰ ਚੁਣੇ ਜਾਣੇ ਸਨ. ਟਰਾਇਲ ਸਪੇਅਰ ਦੀ ਚੋਣ ਲਈ ਦਿੱਤਾ ਪਰ ਟੀਮ ਇੰਚਾਰਜ ਸ੍ਰੀਮਤੀ ਮਨਜੀਤ ਕੌਰ ਨੇ ਟਰਾਇਲ ਨੂੰ ਦੇਖਦਿਆਂ ਹੀ ਵੱਡੀ ਜਮਾਤ ਵਿਚੋਂ ਚੁਣੀ ਪਲੇਅਰ ਨੂੰ ਸਪੇਅਰ ਬਣਾ ਦਿਤਾ ਤੇ ਗੁਰਜੀਤ ਪਲੇਅਰ ਚੁਣੀ ਗਈ. ਉਹਦੀ ਖੇਡ ਦੀਆਂ ਸਾਰੇ ਸਕੂਲ, ਸਾਰੇ ਪਿੰਡ, ਸਾਰੇ ਇਲਾਕੇ ਅਤੇ ਸਾਰੇ ਜ਼ਿਲੇ 'ਚ ਧੁੰਮਾਂ ਪੈ ਗਈਆਂ ਤੇ ਫੇਰ ਉਹ ਪੰਜਾਬ ਦੀ ਟੀਮ ਲਈ ਚੁਣੀ ਗਈ. ਅੱਜ ਕਲ੍ਹ ਗੁਰਜੀਤ ਮਹਿਸੂਸ ਕਰਦੀ ਹੈ ਕਿ ਉਹਦੀ ਖੇਡ ਪਹਿਲਾਂ ਨਾਲੋਂ ਪਿਛੇ ਵਲ ਗਈ ਹੈ. ਇਹਦੇ ਬਾਰੇ ਕਾਫੀ ਚਿੰਤਾਤੁਰ ਹੁੰਦਿਆਂ ਦੱਸਦੀ ਹੈ ਕਿ ਅਗੇ ਤਾਂ ਸਕੂਲ ਵਿਚ ਪ੍ਰੈਕਟਿਸ ਲਈ ਘਟੋ ਘੱਟ ਇਕ ਘੰਟਾ ਮਿਲ ਹੀ ਜਾਂਦਾ ਸੀ ਪਰ ਅੰਤਕਾਂ ਪ੍ਰੈਕਟਿਸ ਬਿਲਕੁਲ ਬੰਦ ਹੈ. ਜੇ ਕਿਧਰੇ ਮੈਚ ਖੇਡਣ ਜਾਣਾ ਹੁੰਦਾ ਹੈ ਤਾਂ ਇਕ ਅੱਧ ਦਿਨ ਪ੍ਰੈਕਟਿਸ ਲਈ ਦਿਤਾ ਜਾਂਦਾ ਹੈ. ਜਿਹਦੇ ਕਾਰਨ ਉਹਦੀ ਤੇ ਉਹਦੀ ਟੀਮ ਦੀ ਖੇਡ ਨਿੱਖਰ ਨਹੀਂ ਰਹੀ. ਪਿਛਲੇ ਦੋ ਸਾਲਾਂ ਤੋਂ ਸਰਕਾਰੀ ਕੰਨਿਆ ਹਾਈ ਸਕੂਲ ਜੰਡਿਆਲਾ ਲਗਾਤਾਰ ਜ਼ਿਲੇ ਵਿਚੋਂ ਅਵੱਲ ਆ ਰਿਹਾ ਹੈ, ਉਹ ਪੁਜ਼ੀਸ਼ਨ ਨੂੰ ਘਟੋ ਘੱਟ ਬਰਕਰਾਰ ਜ਼ਰੂਰ ਰਖਣਾ ਚਾਹੁੰਦੀ ਹੈ, ਪਰ ਸਕੂਲ ਵਲੋਂ ਦਿਤੇ ਜਾ ਰਹੇ ਅਸਹਿਯੋਗ ਤੇ ਕਾਫੀ ਫਿਕਰਮੰਦ ਹੈ. ਉਹਦਾ ਕਹਿਣਾ ਹੈ ਕਿ ਉਹਨੇ ਜਦੋਂ ਖੇਡਣਾ ਸ਼ੁਰੂ ਕੀਤਾ ਹੈ ਤਾਂ ਉਹਦੇ ਦਿਮਾਗ ਵਿਚ ਇੰਟਰਨੈਸ਼ਨਲ ਪੱਧਰ ਤੀਕ ਖੇਡਣਾ ਸੀ. ਉਹ ਸੋਚਦੀ ਹੈ, ਰਾਜਵੀਰ ਵਾਂਗ ਆਪਣੀ ਖੇਡ ਨੂੰ ਵਧੀਆ ਖੇਡ ਬਣਾਵੇ. ਪੜ੍ਹਾਈ ਦਾ ਵੀ ਕਾਫੀ ਸ਼ੌਕ ਹੈ ਪਰ ਖੇਡਣਾ ਬੇਹੱਦ ਜ਼ਰੂਰੀ ਸਮਝਦੀ ਹੈ.

—ਭੁਪਿੰਦਰ ਕੌਰ ਜੌਹਲ

## ਪੰਜਾਬ ਰਾਜ ਕਬੱਡੀ ਚੈਂਪੀਅਨਸ਼ਿਪ ਦਾ ਉਦਘਾਟਨ ਭਲਿੰਦਰ ਸਿੰਘ ਕਰਨਗੇ

ਜਲੰਧਰ:—26ਵੀਂ ਪੰਜਾਬ ਕਬੱਡੀ ਚੈਂਪੀਅਨਸ਼ਿਪ ਜਿਹੜੀ ਕਿ 16 ਤੋਂ 18 ਜਨਵਰੀ ਤੱਕ ਕਪੂਰਥਲਾ ਦੇ ਗੁਰੂ ਨਾਨਕ ਸਟੇਡੀਅਮ ਵਿਚ ਹੋਵੇਗੀ। ਜ਼ਿਲਾ ਜਲੰਧਰ ਮਰਦਾਂ ਦੀ ਨੈਸ਼ਨਲ ਤੇ ਸਰਕਲ ਅਤੇ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨਾਂ ਅਤੇ ਸਕੱਤਰਾਂ ਤੇ ਪੰਜਾਬ ਰਾਜ ਬਿਜਲੀ ਬੋਰਡ ਦੇ ਪੰਜਾਬ ਪੁਲੀਸ ਦੇ ਪ੍ਰਤੀਨਿਧਾਂ ਦੀ ਹੋਈ ਮੀਟਿੰਗ ਵਿਚ ਸਰਵਸੰਮਤੀ ਨਾਲ ਕੀਤਾ ਗਿਆ।

14 ਮਰਦ ਤੇ 12 ਮਹਿਲਾ ਟੀਮਾਂ ਦੀ ਇਸ ਚੈਂਪੀਅਨਸ਼ਿਪ ਦਾ ਉਦਘਾਟਨ ਭਾਰਤੀ ਉਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਰਾਜਾ ਭਲਿੰਦਰ ਸਿੰਘ ਕਰਨਗੇ।

## ਭਾਰਤੀ ਐਥਲੀਟਾਂ 'ਚ ਕਣ ਹੈ

ਬਰਲਿਨ - ਜਰਮਨ ਜਮਹੂਰੀ ਗਣਰਾਜ ਦੀ ਸਪੋਰਟਸ ਤੇ ਜਿਮਨਾਸਟਿਕਸ ਯੂਨੀਅਨ ਦੇ ਉਪ ਪ੍ਰਧਾਨ ਵਰਨਰ ਬਰਗ ਨੇ ਕਿਹਾ ਹੈ ਕਿ ਏਸ਼ੀਆਡ ਵਿਚ ਭਾਰਤੀ ਐਥਲੀਟਾਂ ਨੇ ਸਾਬਤ ਕਰ ਦਿਤਾ ਕਿ ਉਹ ਭਵਿੱਖ ਵਿਚ ਕੌਮਾਂਤਰੀ ਮੁਕਾਬਲਿਆਂ ਵਿਚ ਚੰਗਾ ਪ੍ਰਦਰਸ਼ਨ ਕਰਕੇ ਦਿਖਾ ਸਕਦੇ ਹਨ,

ਵਰਨਰ ਬਰਗ ਵਲੋਂ 'ਸਪੋਰਟੇਕੋ ਡੇਲੀ' ਨੂੰ ਦਿਤੀ ਗਈ ਇਕ ਇੰਟਰਵਿਊ ਵਿਚ ਕਿਹਾ ਕਿ ਏਸ਼ੀਆਡ ਦਾ ਪ੍ਰਬੰਧ ਬਹੁਤ ਵਧੀਆ ਸੀ।

ਸ੍ਰੀ ਬਰਗ ਏਸ਼ੀਆਡ ਵਿਚ ਜਰਮਨੀ ਵਫਦ ਦੇ ਆਗੂ ਵਜੋਂ ਆਏ ਸਨ।

ਸ੍ਰੀ ਬਰਗ ਨੇ ਹਿੰਦ ਜਰਮਨ ਖੇਡ ਸੰਬੰਧਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ 100 ਤੋਂ ਵਧ ਭਾਰਤੀ ਐਥਲੀਟ ਤੇ ਕੋਚ ਲੀਪਜ਼ਿਗ ਸਪੋਰਟਸ ਕਾਲਜ ਵਿਚ ਸਿਖਲਾਈ ਲੈ ਚੁਕੇ ਹਨ ਇਸੇ ਤਰ੍ਹਾਂ ਜਰਮਨ ਦੇ ਕਈ ਮਾਹਰ ਹਿੰਦ ਵਿਚ ਕੰਮ ਰਹੇ ਹਨ।

ਉਹਨਾਂ ਦੇ ਇਥੇ ਹੋਣ ਸਮੇਂ 1983 ਤੇ 84 ਲਈ ਹੋਏ ਇਕ ਸਮਝੌਤੇ ਮੁਤਾਬਿਕ ਜਰਮਨ ਤੋਂ ਐਥਲੈਟਿਕਸ, ਵਾਲੀਵਾਲ, ਸਾਈਕਲਿੰਗ, ਸ਼ੂਟਿੰਗ ਤੇ ਰੋਇੰਗ ਦੇ ਕੋਚ ਹਿੰਦ ਵਿਚ ਸਿਖਲਾਈ ਦੇਣ ਲਈ ਆਉਣਗੇ ਤੇ ਹਿੰਦ ਤੋਂ ਹੋਰ ਭਾਰਤੀ ਜਰਮਨ ਜਾਣਗੇ।


# MOTI MAHAL RESTAURANT

ਰਾਜਾ ਤੰਦੂਰੀ ਹੱਟ ਬਦਲ ਕੇ ਨਵੀਂ ਥਾਂ

## ਮੋਤੀ ਮਹਿਲ ਰੈਸਟੋਰੈਂਟ ਵਿਚ

* ਖੂਬਸੂਰਤ ਸਜਾਵਟ
* ਲਪਟਾਂ-ਭਰਪੂਰ ਖਾਣੇ
* ਖੂਬਸੂਰਤ ਵਾਤਾਵਰਣ
* ਲਾਈਸੈਂਸ-ਸ਼ੁਦਾ ਤੇ ਏਅਰ ਕੰਡੀਸ਼ੰਡ

ਪਾਰਟੀਆਂ ਤੇ ਸਮਾਗਮਾਂ ਲਈ ਬਹੁਤ ਵਧੀਆਂ ਖਾਣੇ ਦਾ ਪ੍ਰਬੰਧ

ਹੁਣੇ ਫੋਨ ਕਰੋ 321-3223

6450, ਮੇਨ ਸਟਰੀਟ.

ਵੈਨਕੂਵਰ, ਬੀ. ਸੀ.

# 'ਦੇਸ ਪ੍ਰਦੇਸ' ਦੀ ਉਨੀਵੀਂ ਵਰ੍ਹੇ ਗੰਢ ਤੇ .......

ਜੈਪਾਟਕੀ

ਦੇਸ ਪ੍ਰਦੇਸ 18 ਸਾਲਾਂ ਦਾ ਹੋ ਗਿਆ ਹੈ, – ਭਰ ਜਵਾਨ ਅਤੇ ਇਸ ਦੀ ਜਵਾਨੀ ਤੋਂ ਸਰਕਾਰਾਂ ਭੈਅ ਖਾਣ ਲੱਗ ਪਈਆਂ ਹਨ। ਹਿੰਦ ਸਰਕਾਰ ਇਸ ਨੂੰ ਵਿਦੇਸ਼ੀ ਸਰਕਾਰਾਂ ਦੀ ਮਦਦ ਨਾਲ ਚਲਦਾ ਆਖਦੀ ਹੈ ਅਤੇ ਹੁਕਮ ਜਾਰੀ ਕਰਦੀ ਹੈ, ਕਿ ਇਸ ਦੇ ਸੰਪਾਦਕ ਨੂੰ ਇੰਡੀਆ ਨਾ ਵੜਨ ਦਿਓ।

ਕੋਈ ਇਸ ਦਾ ਨਾਂ ਬਦਲ ਕੇ "ਜਥੇਦਾਰ" ਆਖਦਾ ਹੈ। ਕੋਈ ਇਸ ਨੂੰ ਖਾਲਿਸਤਾਨ ਦਾ ਹੈਡਕੁਆਰਟਰ ਦਸਦਾ ਹੈ, ਅਤੇ ਇੰਗਲੈਂਡ ਦੇ ਹਿੰਦੂ ਵੀਰਾਂ ਨੂੰ ਗਿਲਾ ਹੈ, ਕਿ ਸਿਖਾਂ ਜਾਂ ਅਕਾਲੀਆਂ ਬਾਰੇ ਖਬਰਾਂ ਵਧਾ ਚੜ੍ਹਾ ਕੇ ਦਿਤੀਆਂ ਜਾ ਰਹੀਆਂ ਹਨ, ਜਦੋਂ ਕਿ ਪੰਜਾਬ ਵਿਚ ਕੁੱਝ ਵੀ ਨਹੀਂ।

ਸਾਨੂੰ ਇਕ ਗਲ ਦੀ ਤਾਂ ਖੁਸ਼ੀ ਹੈ, ਕਿ ਨਾਂ ਤੋਂ ਕੁਨਾਂ ਉਸੇ ਦੇ ਪੈਂਦੇ ਹਨ, ਜਿਹੜਾ ਸੋਹਣਾ ਹੋਵੇ। ਮਾੜੀ ਚੀਜ਼ ਦੀ ਚਰਚਾ ਨਹੀਂ ਹੁੰਦੀ।

ਦੁਨੀਆਂ ਦੀ ਸਭ ਤੋਂ ਵਡੀ ਡੈਮੋਕਰੇਸੀ ਕਹਾਉਣ ਵਾਲੀ ਸਰਕਾਰ ਜੇ ਦੇਸ ਪ੍ਰਦੇਸ ਜਿਹੇ ਮਾੜਕੂ ਵਜੂਦ ਨੂੰ ਕਿਸੇ ਗਿਣਤੀ ਵਿਚ ਗਿਣਤੀ ਹੈ, ਤਾਂ ਮਿਸ਼ਨ ਕਾਮਯਾਬ ਹੈ।

ਦੇਸ ਪ੍ਰਦੇਸ ਆਪਣੀ ਨੀਤੀ ਸਪਸ਼ਟ ਕਰਦਾ ਹੈ, ਕਿ ਖਾਲਿਸਤਾਨ ਨਾਲ ਇਸ ਦਾ ਦੂਰ ਨੇੜੇ ਦਾ ਵੀ ਰਿਸ਼ਤਾ ਨਹੀਂ। ਅਸੀਂ ਵਖਰੇ ਕਿਸੇ ਸਿਖ—ਸਤਾਨ ਦਾ ਸੁਪਨਾ ਨਹੀਂ ਲੈਂਦੇ, ਇਸ ਦੇ ਉਲਟ ਸਗੋਂ ਲੋੜਦੇ ਹਾਂ, ਕਿ ਦੁਨੀਆਂ ਦੀ ਇਕ ਸਰਕਾਰ ਕਿਉਂ ਨਹੀਂ ਬਣ ਜਾਂਦੀ। ਦੇਸ਼ਾਂ ਦੀਆਂ ਵੰਡੀਆਂ ਹੀ ਕਿਉਂ? ਛੋਟੀ ਜਿਹੀ ਇਸ ਧਰਤੀ ਉਤੇ ਇਨਸਾਨ ਥਾਂ ਥਾਂ ਆਪਣੀ ਸ਼ਨਾਖ਼ਤ ਕਿਉਂ ਚੁੱਕੀ ਫਿਰੇ?

ਵਿਦੇਸ਼ੀ ਸਰਕਾਰਾਂ ਦੀ ਮਾਲੀ ਮਦਦ ਦਾ ਜਿਥੋਂ ਤਕ ਸਵਾਲ ਹੈ, ਅਸੀਂ ਉਲਟਾ ਹੋਕਾ ਦੇ ਚੁੱਕੇ ਹਾਂ, ਕਿ ਸੁਣਿਆ ਹੈ, "ਸੀ. ਆਈ. ਏ." ਹੈ, "ਕੇ. ਜੀ. ਬੀ." ਹੈ, ਸ਼ਾਇਦ ਕੋਈ ਅਜੇਹੀ ਹੋਰ ਸੰਸਥਾ ਵੀ ਹੋਵੇ, ਸਾਨੂੰ ਮਿਲੇ ਤਾਂ ਸਹੀ। ਸਟਾਫ ਦੀ ਤਨਖਾਹ ਹੀ ਤੁਰਦੀ ਹੋਵੇ, ਪਰ ਅਜ ਤਕ ਸਾਡੀ ਕਿਸੇ ਨੇ ਬਾਤ ਨਹੀਂ ਪੁੱਛੀ।

ਸਾਨੂੰ ਮੰਗਤਿਆਂ ਵਾਂਗੂੰ ਹਰੇਕ ਦੁਕਾਨਦਾਰ ਦੇ 20-20 ਪੌਂਡਾਂ ਦੇ ਇਸ਼ਤਹਾਰਾਂ ਖਾਤਰ 18 ਸਾਲ ਦਰ ਖੜਕਾਉਂਦਿਆਂ ਹੋ ਗਏ — ਜੇ ਕੋਈ ਸਰਕਾਰ ਚਾਰ ਪੈਸੇ ਦੇ ਦਿੰਦੀ, ਤਾਂ ਇਸ ਜ਼ਹਿਮਤ ਤੋਂ ਛੁਟਕਾਰਾ ਹੋ ਜਾਂਦਾ। ਖਬਰਾਂ ਵਧਾ ਚੜ੍ਹਾ ਕੇ ਨਹੀਂ ਦਿਤੀਆਂ ਜਾਂਦੀਆਂ। ਉਹ ਤਦ ਦੇਈਏ, ਜੇ ਸਾਨੂੰ ਅਕਾਲੀਆਂ ਤੋਂ ਕੁੱਝ ਮਿਲਦਾ ਹੋਵੇ। ਜਿਹਨਾਂ ਜਥੇਦਾਰਾਂ ਦੇ ਆਪਣੇ ਢਿੱਡ, ਗੁਰਦਵਾਰਿਆਂ ਦੇ ਚੜ੍ਹਾਵੇ ਖਾ ਕੇ ਨਹੀਂ ਭਰਦੇ, ਉਹਨਾਂ ਤੋਂ ਤੁਸੀਂ ਕੀ ਆਸ ਰਖੋਗੇ?

ਅਸੀਂ ਨਹਿਰੀ ਪਾਣੀਆਂ ਲਈ ਅਕਾਲੀਆਂ ਨਾਲ ਨਹੀਂ ਖੜੋਤੇ। ਸਗੋਂ ਚਾਹੁੰਦੇ ਹਾਂ, ਕਿ ਰਾਜਸਥਾਨ ਨੂੰ ਪਾਣੀ ਦੇ ਕੇ ਉਥੇ ਉਪਜ ਵਧਾਈ ਜਾਵੇ। ਚੰਡੀਗੜ੍ਹ ਪੰਜਾਬ ਨੂੰ ਜਾਵੇ, ਜਾਂ ਹਰਿਆਣੇ ਨੂੰ, ਦੇਸ ਪ੍ਰਦੇਸ ਦੇ ਪਾਠਕਾਂ ਦੀ ਸਿਹਤ ਉਤੇ ਕੋਈ ਅਸਰ ਨਹੀਂ ਪੈਣਾ। ਅਸੀਂ ਤਾਂ ਸਗੋਂ ਚਾਹੁੰਦੇ ਹਾਂ, ਕਿ ਵਿਦੇਸ਼ੀਆਂ ਨੂੰ ਆਗਿਆ ਦਿਤੀ ਜਾਵੇ, 6 ਮਹੀਨਿਆਂ 'ਚ ਨਵਾਂ ਚੰਡੀਗੜ੍ਹ ਖੜ੍ਹਾ ਕਰ ਦੇਣਗੇ।

ਹਰਿਮੰਦਰ ਸਾਹਿਬ ਚੋਂ ਰੇਡੀਓ ਪ੍ਰਸਾਰਨ ਦੀ ਮੰਗ ਪਿਛੇ ਲੁਕਵੀਂ ਅਕਾਲੀ ਸਿਆਸਤ ਹੈ, ਕਿ ਲੋੜ ਪੈਣ 'ਤੇ ਮੋਰਚੇ ਦਾ ਪ੍ਰਚਾਰ ਕੀਤਾ ਜਾ ਸਕੇ। ਹਰ ਰੋਜ਼ ਸ਼ਾਮ ਨੂੰ ਜਲੰਧਰੋਂ ਜਦੋਂ ਸ਼ਬਦ ਕੀਰਤਨ ਰੀਲੇਅ ਹੁੰਦਾ ਹੈ, ਤਾਂ ਕੌਣ ਸੁਣਦਾ ਹੈ? ਅੰਮ੍ਰਿਤਸਰ ਨੂੰ ਪਵਿਤਰ ਨਗਰੀ ਬਣਾ ਵੀ ਦਿਤਾ ਗਿਆ, ਤਾਂ ਤਕਲੀਫ ਸਿਖਾਂ ਨੂੰ ਹੀ ਹੋਣੀ ਹੈ। ਇਹਨਾਂ ਦੇ ਅੱਧੇ ਮੁੰਡੇ ਤਾਂ ਖੁਦ ਸਿਗਰਟਾਂ ਪੀਂਦੇ ਹਨ ਅਤੇ ਜਥੇਦਾਰ ਸਾਬਤਾ ਮੁਰਗਾ ਛਕ ਜਾਂਦੇ ਹਨ। ਇਹ ਮਾਲ ਖਰੀਦਣ ਬਾਹਰ ਕਿਥੇ ਭੱਜੇ ਫਿਰਨਗੇ?

ਰੇਲ ਗੱਡੀ ਦਾ ਨਾਂ 'ਗੋਲਡਨ ਟੈਂਪਲ ਐਕਸਪ੍ਰੈਸ' ਇਕ ਹਾਸੋਹੀਣੀ ਮੰਗ ਹੈ। ਸਾਬਕਾ ਮੰਤਰੀ ਸ. ਬਲਵੀਰ ਸਿੰਘ ਦੀਆਂ 'ਗੋਲਡਨ ਟੈਂਪਲ ਟ੍ਰਾਂਸਪੋਰਟ' ਨਾਂ ਹੇਠ ਬਥੇਰੀਆਂ ਬੱਸਾਂ ਪੰਜਾਬ ਵਿਚ ਭੱਜੀਆਂ ਫਿਰਦੀਆਂ ਹਨ, ਅਕਾਲੀ ਲੈ ਲੈਣ ਜਿੰਨੇ ਲੈਣੇ ਹਨ ਉਹਨਾਂ ਉਤੇ ਝੂਟੇ।

ਆਲ ਇੰਡੀਆ ਗੁਰਦਵਾਰਾ ਐਕਟ ਸਰਕਾਰ ਖੁਦ ਨਹੀਂ ਬਨਾਉਣਾ ਚਾਹੁੰਦੀ, ਕਿਉਂਕਿ ਇਸ ਤਰ੍ਹਾਂ ਅਕਾਲੀਆਂ ਦੀ ਆਰਥਕ ਤਾਕਤ ਏਨੀ ਮਜ਼ਬੂਤ ਹੋ ਜਾਂਦੀ ਹੈ, ਕਿ ਮੋਰਚਿਆਂ ਲਈ ਵਿਦੇਸ਼ਾਂ ਵਲ ਝਾਕਣ ਦੀ ਲੋੜ ਨਹੀਂ ਰਹਿੰਦੀ।

ਅਨੰਦਪੁਰ ਮਤੇ ਦੀ ਮੰਗ, ਪੰਜਾਬ ਦੇ ਕਿਰਸਾਨ ਦੇ ਭਲੇ ਦੀ ਮੰਗ ਹੈ। ਰੂਸ, ਕੈਨੇਡਾ, ਅਮਰੀਕਾ ਅਤੇ ਆਸਟਰੇਲੀਆ ਦੀਆਂ ਵਖ ਵਖ ਸਟੇਟਾਂ ਏਨੀਆਂ ਖੁਦ—ਮੁਖਤਿਆਰ ਹਨ, ਕਿ ਆਪਣੀ ਉਪਜ ਸੰਸਾਰ ਵਿਚ ਜਿਥੇ ਜੀ ਕਰਦਾ ਹੈ ਵੇਚ ਸਕਦੀਆਂ ਹਨ। ਬੱਸ ਹਿੰਦ ਸਰਕਾਰ ਇਸੇ ਮਤੇ ਤੋਂ ਭੈਅ ਖਾਂਦੀ ਹੈ। ਇਸ ਮਤੇ ਨਾਲ ਪੰਜਾਬ ਦਾ ਪਛੜਿਆ ਕਿਰਸਾਨ ਜਿਥੇ ਰਾਤੋ ਰਾਤ ਅਮੀਰ ਬਣ ਜਾਂਦਾ ਹੈ, ਉਥੇ ਹਿੰਦ ਸਰਕਾਰ ਦਾ ਸਵੇਰ ਤਕ ਦੀਵਾਲਾ ਨਿਕਲ ਜਾਂਦਾ ਹੈ। ਭਾਰਤ ਦੀਆਂ ਬਾਕੀ 21 ਰਿਆਸਤਾਂ ਇਸ ਸਮੇਂ ਪੰਜਾਬ ਦਾ ਦੁੱਧ ਚੁੰਘ ਕੇ ਪਲ ਰਹੀਆਂ ਹਨ। ਇਹ ਥਣ ਖੁਸ ਗਏ, ਤਾਂ ਫੋਕੇ ਪਾਣੀ ਨਾਲ ਗੁਜ਼ਾਰਾ ਨਹੀਂ ਹੋਣਾ।

ਦੂਜੇ ਜੱਟ ਤਾਂ ਭੁੱਖਾ ਨਹੀਂ ਮਾਣ, ਰੱਜੇ ਹੋਏ ਨੂੰ ਕਾਬੂ ਕੌਣ ਕਰੇਗਾ?

ਦੇਸ ਪ੍ਰਦੇਸ ਦੀ ਸਾਰੀ ਨੀਤੀ ਪੰਜਾਬ ਦੀ ਇਸ ਨੀਤੀ ਨਾਲ ਬੱਝੀ ਹੋਈ ਹੈ। ਇਕਲੇ ਦੇਸ ਪ੍ਰਦੇਸ ਦੀ ਨਹੀਂ ਵਿਦੇਸ਼ ਵਸਦੇ ਹਰੇਕ ਪੰਜਾਬੀ ਦੀ ਇਹੀ ਭਾਵਨਾ ਹੈ, ਕਿ ਉਸ ਨੂੰ ਆਪਣਾ ਵਤਨ, ਆਪਣਾ ਘਰ ਅਤੇ ਆਪਣੇ ਮਾਪੇ ਛੱਡ ਕੇ ਪ੍ਰਦੇਸਾਂ ਵਿਚ ਟੁਕੜਿਆਂ ਖਾਤਰ ਕੁੱਤਿਆਂ ਵਾਂਗੂੰ ਦਰੋਦਰ ਰੁਲਣਾ ਪਿਆ। ਪੰਜਾਬ ਵਿਚ ਉਸ ਦੀ ਕਮਾਈ ਦਾ ਸਾਧਨ ਹੁੰਦਾ, ਤਾਂ ਘਰ ਕੌਣ ਛੱਡਦਾ ਹੈ?

ਅਜ਼ਾਦੀ ਤੋਂ ਬਾਦ ਕੇਂਦਰੀ ਹਿੰਦ ਸਰਕਾਰ ਦਾ ਬੱਸ ਇਹੀ ਜ਼ੋਰ ਲੱਗਾ ਰਿਹਾ, ਕਿ ਪੰਜਾਬ ਨੂੰ ਖੱਸੀ ਕਿਵੇਂ ਕਰਨਾ ਹੈ ਅਤੇ ਉਸ ਦੇ ਕ੍ਰਿਸਾਨ ਨੂੰ ਘਸਿਆਰ ਕਿਵੇਂ ਬਣਾਉਣਾ ਹੈ।

ਜੇ ਕਿਸੇ ਵਿਦੇਸ਼ੀ ਪੰਜਾਬੀ ਨੇ ਵਾਪਸ ਜਾ ਕੇ ਪੈਰ ਲਾਉਣੇ ਚਾਹੇ, ਤਾਂ ਮਦਦ ਕਰਨ ਦੀ ਬਜਾਏ ਉਲਟਾ ਸਰਕਾਰੀ ਮਸ਼ੀਨਰੀ ਨੇ ਆਪਣੇ ਪੁੜਾਂ ਹੇਠ ਦਰੜ ਦਿਤਾ। ਹੁਣ ਪੰਜਾਬੀਆਂ ਦੀਆਂ ਵਾਹੀਯੋਗ ਜ਼ਮੀਨਾਂ ਜਬਰੀ ਖੋਹਣ ਦੇ ਹੁਕਮ ਲਾਗੂ ਕਰਕੇ ਮਨਸ਼ਾ ਕਿਸੇ ਤੋਂ ਲੁਕੀ ਛਿਪੀ ਨਹੀਂ ਰਹਿੰਦੀ।

ਤਵਾਰੀਖ ਵਿਚ ਕਦੇ ਏਦਾਂ ਵੀ ਕਿਸੇ ਨੇ ਸੁਣਿਆ ਹੈ, ਕਿ ਦੇਸ਼ ਦਾ ਰਾਜਾ ਪਰਜਾ ਦੇ ਸਾਹਮਣੇ ਜਾਣ ਜੋਗਾ ਨਾ ਹੋਵੇ? ਪੰਜਾਬ ਦੇ ਮੁੱਖ ਮੰਤਰੀ ਅਤੇ ਹਰਿਆਣੇ ਦੇ ਮੁਖ ਮੰਤਰੀ ਦੇ ਘਰਾਂ ਦੁਆਲੇ ਦਿਨੇ ਰਾਤ ਹਥਿਆਰਬੰਦ ਪੁਲਸ ਦੇ ਪਹਿਰੇ ਲੱਗੇ ਹੋਏ ਹਨ। ਨਜ਼ਾਮ ਵਿਚ ਕਿਤੇ ਨੁਕਸ ਹੈ, ਤਦ ਹੀ ਤਾਂ ਅਜੇਹੀ ਦੁਰਦਸ਼ਾ ਹੈ।

ਗਿ. ਜ਼ੈਲ ਸਿੰਘ ਰਾਸ਼ਟਰਪਤੀ ਬਣਿਆ, ਇੰਗਲੈਂਡ ਦੇ ਕਰੰਸੀ ਦੇ ਨਾਮੀ ਸਮਗਲਰ ਉਹਨੂੰ ਵਧਾਈਆਂ ਦੇਣ ਗਏ, ਅਤੇ ਜੱਫੀਆਂ ਪਾ ਪਾ ਫੋਟੋਆਂ ਖਿਚਵਾਈਆਂ। ਜਿੰਨੇ ਲੁੱਚੇ ਲੰਡੇ ਹਨ, ਕਾਂਗਰਸ ਦੇ ਨੁਮਾਇੰਦੇ ਹਨ।

ਦੇਸ ਪ੍ਰਦੇਸ ਵਰਗਾ ਜੇ ਕੋਈ ਸੱਚੀ ਗੱਲ ਆਖਦਾ ਹੈ ਤਾਂ ਚਿੱਤੜਾਂ ਨੂੰ ਮਿਰਚਾਂ ਲੱਗਦੀਆਂ ਹਨ।

ਦੇਸ ਪ੍ਰਦੇਸ ਜਦੋਂ ਇਹਨਾਂ ਨੂੰ ਨੰਗੇ ਕਰਦਾ ਹੈ, ਤਾਂ "ਐਂਟੀ-ਕਾਂਗਰਸ" ਕਹਿ ਕੇ ਨਹੀਂ ਸਗੋਂ ਇਸ ਉਤੇ "ਐਂਟੀ-ਇੰਡੀਆ ਦੇ ਝੂਠੇ ਦੋਸ਼ ਲਾਏ ਜਾਂਦੇ ਹਨ।

ਨਤੀਜਾ ਕੀ ਨਿਕਲਦਾ ਹੈ?

ਜਬੀ ਬਾਣ ਲਾਗੈ, ਤਬੀ ਰੋਸ ਜਾਗੈ।

ਕੇਂਦਰੀ ਹਿੰਦ ਸਰਕਾਰ ਦੀ ਪੰਜਾਬ ਨਾਲ ਦਵੈਤ-ਭਾਵਨਾ ਪੈਰ ਪੈਰ ਤੇ ਨਜ਼ਰ ਆਉਂਦੀ ਹੈ। ਪੰਜਾਬ ਕਿਰਸਾਨੀ ਦੀ ਪ੍ਰਾਂਤ ਹੈ। ਪਰ ਹਕੂਮਤ ਵਿਚ ਨੁਮਾਇੰਦੀ ਲਈ ਚੁਣੇ ਕੌਣ ਹਨ - ਗਿ. ਜ਼ੈਲ ਸਿੰਘ ਗੈਰ ਜੱਟ, ਸ. ਬੂਟਾ ਸਿੰਘ ਗੈਰ ਜੱਟ। ਸ. ਸਵਰਨ ਸਿੰਘ ਨਹਿਰੂ ਪਰਿਵਾਰ ਦਾ ਰਸੋਈਆ, ਜਿਸ ਨੂੰ ਵੀ "ਬੀਬੀ ਜੀ" ਨੇ ਨੌਕਰੀ ਤੋਂ ਛੁੱਟੀ ਕਰ ਦਿੱਤੀ।

ਜਿਸ ਦੇਸ਼ ਨੇ ਆਪਣੀ ਜਰਨੈਲੀ ਸੜਕ ਉਤੋਂ ਪੱਗ ਵਾਲੇ ਨੂੰ ਇਹ ਕਹਿ ਕੇ ਰੋਕ ਦਿਤਾ, ਕਿ ਤੂੰ ਖੁੱਲ੍ਹਾ ਨਹੀਂ ਘੁੰਮ ਸਕਦਾ, ਅਜੇਹੇ ਦੇਸ਼ ਵਿਚ ਅਣਖ ਹੀਣ ਅਤੇ ਬੇ-ਗ਼ੈਰਤ ਜ਼ਿੰਦਗੀ ਜੀਉਣ ਦਾ ਵੀ ਕੀ ਲਾਭ, ਅਤੇ ਅਜੇਹੇ ਦੇਸ਼ ਦੇ ਰਾਜੇ ਨਾਲ ਰਿਸ਼ਤਾ ਵੀ ਕਾਹਦਾ?

ਦੇਸ ਪ੍ਰਦੇਸ ਮਿਹਨਤ-ਕਸ਼ ਪੰਜਾਬੀਆਂ ਦੀ ਮੱਦਦ ਨਾਲ ਚੱਲਦਾ ਹੈ, ਕਿਸੇ ਸਰਕਾਰ ਦੀ ਮੱਦਦ ਨਾਲ ਨਹੀਂ। ਵਜ਼ੀਰਾਂ ਦੀ ਖੁਸ਼ਾਮਦ ਕਰਨ ਲਈ ਜਿਹੜੇ ਪਰਚੇ ਨਿਕਲਦੇ ਹਨ, ਉਹ ਦੋ ਦਿਨ ਸਰਕਾਰੀ ਇਸ਼ਤਿਹਾਰਾਂ ਦੇ ਪੈਸੇ ਹੜੱਪ ਕਰਕੇ ਚੌਥੇ ਦਿਨ ਚਮਚਾਗਿਰੀ ਦੀ ਮੌਤ ਮਰ ਜਾਂਦੇ ਹਨ। ਅਸੀਂ 18 ਸਾਲਾਂ ਵਿਚ ਇਕ ਵੀ ਨਾਗਾ ਨਹੀਂ ਪੈਣ ਦਿੱਤਾ।

ਅਸੀਂ ਆਪਣੇ ਪਾਠਕਾਂ ਨੂੰ ਅਪੀਲ ਕਰਾਂਗੇ, ਕਿ ਹਿੰਦ ਜਾਂ ਪੰਜਾਬ ਸਰਕਾਰ ਦੇਸ ਪ੍ਰਦੇਸ ਨੂੰ ਜਾਨੀ ਦੁਸ਼ਮਣ ਸਮਝਦੀ ਹੈ, ਬ੍ਰਤਾਨਵੀ ਸਰਕਾਰ ਵਿਦੇਸ਼ੀ ਸਭਿਆਚਾਰ ਦੀ ਹੋਂਦ ਕਾਇਮ ਰੱਖਣ ਵਾਲੇ ਅਖਬਾਰ ਜਾਂ ਕਿਸੇ ਅਦਾਰੇ ਨੂੰ ਪਸੰਦ ਨਹੀਂ ਕਰਦੀ - ਇਕ ਤੁਸੀਂ ਪਾਠਕ ਹੀ ਹੋ, ਜਦੋਂ ਤੱਕ ਪੜ੍ਹੋਗੇ, ਇਹ "ਸੱਚ" ਉਤੇ ਚੱਲੇਗਾ।

(ਦੇਸ ਪ੍ਰਦੇਸ ਵਿਚੋਂ)

## ਬਲਾਤਕਾਰ ਪਿਛੋਂ ਹਨੀਮੂਨ

ਚੰਡੀਗੜ੍ਹ —ਇਕ ਕਥਿਤ ਬਲਾਤਕਾਰੀ ਨੂੰ ਹੋਈ ਉਮਰ ਕੈਦ ਦੀ ਸਜ਼ਾ ਹਨੀਮੂਨ ਦੇ ਸਮੇਂ ਵਿਚ ਬਦਲ ਗਈ ਜਦੋਂ ਉਹ ਮਨੀ ਮਾਜਰਾ ਵਿਖੇ ਆਪਣੇ 'ਸ਼ਿਕਾਰ' ਨਾਲ ਵਿਆਹ ਕਰਾਉਣ ਲਈ ਸਹਿਮਤ ਹੋ ਗਿਆ। ਇਥੇ ਪੰਜਾਬ ਯੂਨੀਵਰਸਿਟੀ 'ਚ ਫਾਈਨਲ ਦਾ ਵਿਦਿਆਰਥੀ ਆਪਣੀ ਅਨਪੜ੍ਹ ਵਹੁਟੀ ਨਾਲ ਹਨੀਮੂਨ ਮਨਾਉਣ ਲਈ ਚਲ ਪਿਆ। ਉਸਦੀ ਅਨਪੜ੍ਹ ਵਹੁਟੀ ਉਸਦੀ ਗੁਆਂਢਣ ਨੂੰ। 17 ਨਵੰਬਰ ਨੂੰ ਕੁੜੀ ਦਾ ਪਿਓ, ਕਿਸ਼ਨਗੜ੍ਹ ਪਿੰਡ ਦੇ ਕੇਹਰ ਸਿੰਘ ਨੇ ਮਨੀ ਮਾਜਰਾ ਦੀ ਪੁਲਸ ਕੋਲ ਇਕ ਰੀਪੋਟ ਦਰਜ ਕਰਾਈ ਸੀ, ਕਿ ਉਸਦੀ ਧੀ ਨਾਲ ਪਿਛਲੇ ਮਹੀਨੇ ਉਹਨਾਂ ਦੇ ਗੁਆਂਢੀਆਂ ਦੇ ਮੁੰਡੇ ਨੇ ਕਥਿਤ ਤੌਰ ਤੇ ਬਲਾਤਕਾਰ ਕੀਤਾ। ਉਸਨੇ ਇਹ ਵੀ ਦਸਿਆ ਕਿ ਕਥਿਤ ਬਲਾਤਕਾਰੀ ਮੁੰਡੇ ਨੇ ਕੁੜੀ ਨੂੰ ਧਮਕੀ ਦਿਤੀ ਕਿ ਉਹ ਕਿਸੇ ਕੋਲ ਗੱਲ ਨਾ ਕਰੇ। ਕੁੜੀ ਮੰਨ ਗਈ ਤੇ ਚੰਡੀਗੜ੍ਹ ਦੇ ਸੈਕਟਰ 17 ਵਿਚਲੇ ਇਕ ਪ੍ਰਾਈਵੇਟ ਕਲੀਨਿਕ ਕੁੜੀ ਦਾ ਗਰਭਪਾਤ ਕਰਵਾਇਆ ਗਿਆ।

ਪੁਲਸ ਨੇ ਮੁੰਡੇ ਨੂੰ 18 ਨਵੰਬਰ ਨੂੰ ਗ੍ਰਿਫਤਾਰ ਕੀਤਾ ਤੇ 2 ਦਸੰਬਰ ਨੂੰ ਉਸ ਵਲੋਂ ਅਦਾਲਤ ਵਿਚ ਇਹ ਬਿਆਨ ਦਿਤੇ ਜਾਣ ਉਤੇ ਕਿ ਉਸਦਾ ਉਸੇ ਕੁੜੀ ਨਾਲ 11 ਦਸੰਬਰ ਨੂੰ ਵਿਆਹ ਨਿਸ਼ਚਿਤ ਹੋਇਆ ਹੈ, ਉਸਨੂੰ ਅੰਤਰਮ ਜ਼ਮਾਨਤ ਦੇ ਦਿਤੀ। 15 ਦਸੰਬਰ ਨੂੰ ਉਸਨੇ ਅਦਾਲਤ ਵਿਚ ਆਪਣੇ ਉਸੇ ਕੁੜੀ ਨਾਲ ਵਿਆਹ ਹੋ ਜਾਣ ਬਾਰੇ ਸਰਟੀਫਿਕੇਟ ਪੇਸ਼ ਕੀਤਾ, ਜਿਸ ਤੇ ਉਸਦੀ ਜ਼ਮਾਨਤ ਦੀ ਪੁਸ਼ਟੀ ਕਰ ਦਿਤੀ ਗਈ। ਇਸ ਦੌਰਾਨ ਕੁੜੀ ਦੇ ਬਰਾਦਰੀ ਵਾਲੇ ਅਤੇ ਗੁਆਂਢੀ ਕਥਿਤ ਬਲਾਤਕਾਰੀ ਮੁੰਡੇ ਨੂੰ ਇਸ ਗੱਲ ਤੇ ਰਾਜ਼ੀ ਕਰਨ ਵਿਚ ਕਾਮਯਾਬ ਹੋ ਗਏ। ਮੁੰਡੇ ਦਾ ਉਸਦੇ ਬਲਾਤਕਾਰ ਦਾ ਸ਼ਿਕਾਰ ਹੋਣ ਵਾਲੀ ਕੁੜੀ ਨਾਲ ਵਿਆਹ ਕਰ ਦਿਤਾ ਜਾਵੇ। ਪੁਤਰ ਨੂੰ ਕੈਦ ਹੋਣ ਦੇ ਡਰੋਂ ਪਿਤਾ ਵੀ ਤਿਆਰ ਹੋ ਗਿਆ ਅਤੇ ਪੁਲੀਸ ਹਿਰਾਸਤ ਵਿਚ ਮੁੰਡਾ ਵੀ ਸਹਿਮਤ ਹੋ ਜਾਣ ਉਤੇ 11 ਦਸੰਬਰ ਨੂੰ ਵਿਆਹ ਮਿਥ ਦਿਤਾ ਗਿਆ। ਕੁੜੀ ਲਈ ਸੁਰੱਖਿਆ ਦੇ ਸਾਧਨ ਵਜੋਂ ਮੁੰਡੇ ਦੀ ਅੱਧੀ ਜਾਇਦਾਦ ਕੁੜੀ ਦੇ ਨਾਂਅ ਲਾ ਦਿਤੀ ਗਈ ਹੈ ਤੇ ਮੁੰਡੇ ਨੂੰ ਰਿਹਾ ਕਰਦਿਆਂ ਜੱਜ ਨੇ ਕਿਹਾ —ਇਹ ਵਿਆਹ ਦਾ ਨਵਾਂ ਢੰਗ ਹੈ।

## ਸਵਿਤੋਜ

### ਖ਼ਾਲੀ ਖੂਹ

ਅਸੀਂ ਹਾਂ ਵਕਤ ਦੇ ਘੋੜੇ
ਤੇਜ਼ ਰਫਤਾਰ ਘੋੜੇ
ਤੇ ਖ਼ੁਦ ਹੀ ਹਾਂ ਘੋੜ ਸਵਾਰ,
ਦਰਅਸਲ ਗੱਲ ਹੈ ਇਹ
ਵਕਤ ਹੈ ਆਪਣਾ ਦੋਸਤ
ਪਿਆਉਂਦਾ ਹੈ ਪੋਸਤ.
ਦੋਸਤ ਲਈ ਕੀ ਨਹੀਂ ਕਰੀਦਾ?
ਪੋਸਤ ਲਈ ਕੀ ਨਹੀਂ ਕਰੀਦਾ?
ਦਿਨ 'ਚ ਸੈਆਂ ਵਾਰ ਮਰੀਦਾ
ਰੂਹ ਆਪਣੀ ਨੂੰ ਕਤਲ ਕਰੀਦਾ.
ਦਰਅਸਲ ਗੱਲ ਹੈ ਇਹ
ਵਕਤ ਹੈ ਆਪਣਾ ਦੋਸਤ
ਪਿਆਉਂਦਾ ਹੈ ਪੋਸਤ.
ਕਈ ਵਾਰ ਸੋਚਿਆ
ਦੋਸਤ ਬਗੈਰ ਜ਼ਿੰਦਗੀ?
ਪੋਸਤ ਬਗੈਰ ਜ਼ਿੰਦਗੀ?
ਤੇ ਬੱਸ! ਇਹ ਸੋਚਿਆ
ਫੇਰ ਜ਼ਿੰਦਗੀ ਵੱਲ ਵੇਖਿਆ
ਨਾ ਦੋਸਤ ਗੈਰਹਾਜ਼ਰ ਨਾ ਪੋਸਤ
ਗੈਰ ਹਾਜ਼ਰ ਕੇਵਲ ਰੂਹ
ਅਸੀਂ ਜਿਉਂਦੇ ਖ਼ਾਲੀ ਖੂਹ.

### ਸੁੱਤੀ ਅੱਖ ਦੀ ਨਜ਼ਮ

ਨਦੀ ਵਿੱਚ ਤੈਰਦੇ ਰਹਿਣ
ਫੁੱਲ ਤੇ ਮਾਸ ਦੀਆਂ ਬੋਟੀਆਂ
ਇੱਕ ਦੂਜੇ ਨੂੰ ਕਰਨ ਹਰਣ
ਫੁੱਲ ਤੇ ਮਾਸ ਦੀਆਂ ਬੋਟੀਆਂ
ਨਦੀ 'ਚ ਤੈਰਦੇ ਰਹਿਣ.
ਮਛਲੀ ਦੀ ਅੱਖ ਦੀ ਤਲਾਸ਼
ਇਕ ਸਰਾਪ
ਕਾਗਜ਼ ਦੀ ਮਛਲੀ ਤੈਰਦੀ ਹੈ
ਨਦੀ ਸਭ ਦੀ ਸਾਂਝੀ.
ਕਣਕ ਦੇ ਰੰਗ ਦੇ ਧੁਪਨੇ
ਮੱਕੀ ਦੇ ਰੰਗ ਦੇ ਸੁਪਨੇ
ਛੱਤਾਂ ਨਾਲ ਲਟਕਦੇ ਰਹਿਣ
ਘਰ ਕੱਚੇ, ਘਰ ਪੱਕੇ.
ਅਨੇਕ ਸੀਸ
ਅਨੇਕ ਤਲਵਾਰ
ਇਕ ਦੂਜੇ ਤੇ ਕਰਨ ਵਾਰ
ਬਾਰਮਬਾਰ
ਲਾਲ-ਚਿੱਟੇ ਰੰਗ ਦਾ ਪਿਆਰ
ਅਨੇਕ ਸੀਸ
ਅਨੇਕ ਤਲਵਾਰ.

## ਜਾਂਦੀਏ ਹਵਾਏ!

ਡਾ: ਗੁਰਮਿੰਦਰ ਕੌਰ 'ਸਿੱਧੂ'

ਜਾਂਦੀਏ ਹਵਾਏ, ਜਾਵੀਂ ਉਹਦੇ ਕੋਲ ਮਹਿਰਮੇ ਨੀ,
ਜਿਹੜਾ ਜਾ ਕੇ ਘਰ ਨਾ ਮੁੜੇ।
ਜਾ ਕੇ ਪਰਦੇਸ ਵਿਚ, ਭੁਲਿਆ ਏ ਦੇਸ ਜਿਹਨੂੰ
ਜਿਹਦਾ ਦਿਲ ਗੈਰਾਂ 'ਚ ਜੁੜੇ।
ਆਖੀਂ ਉਹਨੂੰ ਤੇਰੇ ਘਰ ਰਾਤਾਂ ਨੇ ਚਨਾਬ ਹੋਈਆਂ
ਨਿੱਤ ਤੇਰੀ ਸੋਹਣੀ ਵੇ ਰੁੜ੍ਹੇ।
ਇਕ-ਇਕ ਤਾਰਾ ਬਣ ਸੂਈ ਤਿੱਖੀ ਨੋਕ ਵਾਲੀ
ਨਿੱਤ ਉਹਦੀ ਅੱਖ 'ਚ ਪੁੜੇ।
ਵਾਣਾਂ ਵਿਚ ਉਹਦੇ ਅੰਗਿਆਰ ਆ ਕੇ ਬੈਠ ਜਾਂਦੇ
ਜਦੋਂ-ਜਦੋਂ ਵਗਦੇ ਪੁਰੇ।
ਇਕ ਇਕ ਪੈੜ ਉਹਦੀ ਲਹੂ ਜਾਵੇ ਛੱਡਦੀ ਵੇ
ਜਦੋਂ-ਜਦੋਂ ਚੰਦਰੀ ਤੁਰੇ।
ਸੁੰਞੇ ਰਾਹਾਂ ਕੋਲੋਂ ਨਿੱਤ ਪੁਛੇ ਤੇਰੇ ਆਉਣ ਬਾਰੇ
ਬਾਰੀ ਖੋਲ੍ਹ-ਖੋਲ੍ਹ ਕੇ ਝੁਰੇ।
ਕੋਇਲ ਦੀ ਕੂਕ ਨੂੰ ਉਹ ਹਿੱਕ ਨਾਲ ਲਾਵੇ ਨਿੱਤ
ਦਿਲਾਂ ਵਾਲੇ ਦਰਦ ਬੁਰੇ।
ਨਿੱਤ ਤੇਰੇ ਘਰ ਵਿਚ ਟੋਟੇ ਹੁੰਦੇ ਸੂਰਜਾਂ ਦੇ
ਕੰਢਿਆਂ ਤੋਂ ਅੰਬਰ ਭੁਰੇ।
ਦਮਾਂ ਦਿਆ ਲੋਭੀਆ ਵੇ, ਮਿਸ਼ਰੀ ਦੀ ਡਲੀ ਤੇਰੀ
ਹੰਝੂਆਂ 'ਚ ਨਿੱਤ ਵੇ ਖੁਰੇ।




S & S INSURANCE

6679, Main St. (2nd Floor)

At 51st. Ave.

VANCOUVER, B.C.

ਦਲਜੀਤ ਸਿੰਘ 324 2311

ਪੰਜਾਬੀ ਮਾਰਕਿਟ ਵਿਚ

S & S INSURANCE

ਜੇ ਤੁਹਾਡੀਆਂ ਕਾਰਾਂ ਦੀ ਇਨਸ਼ੋਰੈਂਸ ਖਤਮ ਹੋਣ ਵਾਲੀ ਹੈ

ਹੁਣੇ ਮਿਲੋ

ਜਿਥੇ ਤੁਹਾਨੂੰ ਦੋਸਤੀ ਭਰਿਆ ਮਾਹੌਲ ਮਿਲੇਗਾ

Autoplan



ਹਰਦੇਵ ਸਿੰਘ ਗਿੱਲ

590-2058

# GRAND OPENING
## FOR YOUR 649 LOTTO CENTRE

Play your lotto Number

You might be the next millionair - meanwhile SAVE -

SAVE shopping at

# AMBIKA FOODS
## 5125 Victoria Drive
## Vancouver, B.C. Canada
### PHONE: 327—0295

## SALES START FROM
### JANUARY 15th to 30th

| | | | |
|---|---|---|---|
| **Almond**<br>**3Lbs. 5.99**<br>ਬਦਾਮ | **Atta Farine**<br>**10 kg. 3.89**<br>ਆਟਾ | **Vegitable Oil**<br>**3 lit. 2.99**<br>ਵੈਜੀਟੇਬਲ ਆਇਲ | **Pacific Evaproated Milk**<br>Tall Tin 59¢ each<br>ਪੈਸੀਫਿਕ ਐਵਪੋਰਟਡ ਮਿਲਕ |
| **Pista**<br>**6.99 lb**<br>ਪਿਸਤਾ | **Cashew Grand -A**<br>**3.99 lb**<br>ਕੈਸ਼ਿਊ | **Nabob Tea** 120 packet<br>**3.89**<br>ਨਵਾਬ ਚਾਹ | **Coconut Cream**<br>99¢ Tin 20 oz Tin<br>ਕੋਕੋਨਟ ਕਰੀਮ |
| **Corn Flour**<br>**20 lb 5.99**<br>ਮੱਕੀ ਦਾ ਆਟਾ | **Chick Peas** 19 oz<br>**Bravo 67¢** each<br>ਕਾਬਲੀ ਛੋਲੇ | **Red Rose Tea** 120 packet<br>**3.89**<br>ਰਿਡ ਰੋਜ਼ ਚਾਹ | **Parboil Rice**<br>**10 kg. 9.99**<br>ਪੈਰਬੋਆਇਲ ਰਾਈਸ |
| **Chana Flour**<br>**2 kg. 2.99**<br>ਛੋਲਿਆ ਦਾ ਆਟਾ | **Bhatura Flour**<br>**2 kg. 3.99**<br>ਭਠੂਰਾ ਆਟਾ | **Stainless Steel Tray**<br>**Reg. ~~13.99~~ Now 8.99**<br>ਸਟੇਨਲਿਸ ਸਟੀਲ ਟਰੇ | **Long Grain Rice**<br>**20 kg. 12.89**<br>Never before this Price<br>ਲੌਂਗ ਗਰੇਨ ਰਾਈਸ |
| **Shona Saag**<br>79¢ each<br>ਸ਼ੋਹਣਾ ਸਾਗ | **Punjabi Tinda**<br>99¢ each<br>ਪੰਜਾਬੀ ਟਿੰਡਾ | **Aluminum Pots**<br>**25% Off**<br>ਅਲਮੀਨੀਅਮ ਭਾਂਡੇ | **Koki Cornd Mutton**<br>1.99 Tin<br>ਕੋਕੀ ਕੌਰਨਡ ਮਟਨ |
| **Goor**<br>**99¢ lb.**<br>ਗੁੜ | **100 oz. chick Peas**<br>3.99 Tin<br>ਕਾਬਲੀ ਛੋਲੇ | **Pachranga Achar**<br>1.99 Tin<br>ਪਚਰੰਗਾਂ ਅਚਾਰ | **Altayab Halal Corned mutten** 2.89 Tin<br>ਆਲਤਿਆਬ ਹਲਾਲ ਕੋਰਨਡ ਮਟਨ |
| **Sugar**<br>**Best price in Town**<br>ਖੰਡ | **QUANTITIES**<br>**TILL LAST** | | **All Dall on Sale**<br>ਸਾਰੀਆਂ ਦਾਲਾਂ ਸੇਲ ਤੇ ਹਨ |

ਫਿਲਮ ਜਗਤ

## ਪ੍ਰਸਿਧ ਅਭਿਨੇਤਰੀ - ਰੇਖਾ





# ਮੌਤ ਨੂੰ ਜਿਤਣ ਵਾਲਾ ਸਿਤਾਰਾ: ਅਮਿਤਾਭ

ਰੇਖਾ - ਆਪਣੀ ਮਾਂ ਨਾਲ




ਰੇਖਾ - ਆਪਣੇ ਪਿਤਾ ਨਾਲ




## ਫਿਲਮੀ ਦਰਪਣ

ਫਿਲਮ ਇੰਡਸਟਰੀ ਵਿਚ ਵਾਪਰੀ ਹਰ ਘਟਨਾ ਨੂੰ ਸੰਬੰਧਿਤ ਕਲਾਕਾਰ ਵਲੋਂ ਤੁਰੰਤ ਖੰਡਨ ਕਰ ਦਿਤਾ ਜਾਂਦਾ ਹੈ ਪਰ ਧੂੰਆਂ ਤਾਂ ਉਥੇ ਹੀ ਨਿਕਲਦਾ ਹੈ ਜਿਥੇ ਅੱਗ ਸੁਲਗ ਰਹੀ ਹੋਵੇ। ਉਹ ਵੀ ਸਮਾਂ ਸੀ ਜਦੋਂ ਦਲੀਪ ਕੁਮਾਰ ਨੇ ਕੁਰਾਨ ਦੀ ਸਹੁੰ ਖਾ ਕੇ ਕਿਹਾ ਸੀ ਕਿ ਉਨ੍ਹਾਂ ਨੇ ਅਸਮਾ ਨਾਲ ਦੂਜਾ ਵਿਆਹ ਨਹੀਂ ਰਚਾਇਆ ਪਰ ਸਬੂਤ ਸਾਹਮਣੇ ਆਉਂਦਿਆਂ ਨੂੰ ਬਹੁਤੀ ਦੇਰ ਨਾ ਲਗੀ ਤੇ ਬਿੱਲੀ ਥੈਲੇ ਵਿਚੋਂ ਝਟ ਬਾਹਰ ਆ ਗਈ।

× ×

ਹੁਣ ਰੇਖਾ ਵਲੋਂ ਸੰਜੂ ਨਾਲ ਕਰਾਏ ਵਿਆਹ ਬਾਰੇ ਦਿਤੇ ਬਿਆਨ ਦਾ ਖੰਡਨ ਸੰਜੂ ਨੇ ਤਕਰੀਬਨ ਹਰ ਫਿਲਮੀ ਮੈਗਜ਼ੀਨ ਵਿਚ ਕੀਤਾ ਹੈ ਪਰ ਕੋਈ ਵੀ ਸੰਜੂ ਦੀ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ। ਦਾਲ ਵਿਚ ਜ਼ਰੂਰ ਕੁਝ ਨਾ ਕੁਝ ਕਾਲਾ ਹੈ।

× ×

ਸੰਜੂ ਨੂੰ ਛਡ ਕੇ ਰਾਜੇਸ਼ ਖੰਨਾ ਦੀ ਝੋਲੀ ਵਿਚ ਡਿਗੀ ਟੀਨਾ ਮੁਨੀਮ ਦੀ ਸੁਪਰ-ਸਟਾਰ ਬਣਨ ਦੀ ਖਾਹਿਸ਼ ਹੁਣ ਬਿਲਕੁਲ ਮਧਮ ਪੈ ਗਈ ਹੈ। ਉਸ ਵਲੋਂ ਰਾਕੇਸ਼ ਰੋਸ਼ਨ ਤੋਂ ਲੈ ਕੇ ਰਿਸ਼ੀ ਕਪੂਰ ਤੇ ਸੰਜੇ ਦਤ ਬਰਾਸਤਾ ਰਾਜੇਸ਼ ਖੰਨਾ ਤਕ ਪਹੁੰਚ ਕੇ ਪ੍ਰਸਿਧੀ ਹਾਸਲ ਕਰਨ ਦੀ ਲਾਲਸਾ ਅਧੂਰੀ ਰਹਿ ਜਾਏਗੀ ਕਿਉਂਕਿ ਰਾਜੇਸ਼ ਵੀ ਉਸ ਨਾਲ ਵਿਆਹ ਨਹੀਂ ਕਰਾਏਗਾ। ਪਹਿਲਾਂ ਰਾਜੇਸ਼ ਖੰਨਾ ਦਾ ਵਿਚਾਰ ਸੀ ਕਿ ਉਹ ਟੀਨਾ ਨਾਲ ਦਸੰਬਰ ਵਿਚ ਸ਼ਾਦੀ ਕਰ ਲਏਗਾ ਪਰ ਰਾਜੇਸ਼ ਨੇ ਬਾਸੀ ਰੋਟੀ ਵਾਂਗ ਸਵਾਦ ਚਖਦਿਆਂ ਹੀ ਟੀਨਾ ਮੁਨੀਮ ਤੋਂ ਦੂਰ-ਦੂਰ ਰਹਿਣਾ ਸ਼ੁਰੂ ਕਰਨ ਦਾ ਪੂਰਾ ਮਨ ਬਣਾ ਲਿਆ ਹੈ। ਟੀਨਾ ਮੁਨੀਮ ਜਿਹੜੀ ਕਿ ਅਸਮਾਨ ਤੋਂ ਡਿਗੀ ਖਜੂਰ ਤੇ ਲਟਕੀ ਵਾਂਗ ਨਾ ਕੋਈ ਸਥਾਈ ਤੌਰ ਤੇ ਫਿਲਮੀ ਦੋਸਤ ਬਣਾ ਸਕੀ ਹੈ ਤੇ ਨਾ ਹੀ ਫਿਲਮਾਂ ਵਿਚ ਆਪਣਾ ਕੈਰੀਅਰ ਬਣਾਉਣ ਵਿਚ ਸਫਲ ਹੋ ਸਕੀ ਹੈ। ਹੁਣੇ ਹੁਣੇ ਵਡੇ ਪੈਮਾਨੇ ਤੇ ਬਣਾਈ ਗਈ ਫਿਲਮ 'ਦੀਦਾਰ-ਏ-ਯਾਰ' ਵਿਚ ਉਸ ਦੀ ਅਦਾਕਾਰੀ ਵੀ ਨਿਹਾਇਤ

ਰਾਜੇਸ਼ ਖੰਨਾ ਵਲੋਂ ਟੀਨਾ ਨਾਲ ਦਸੰਬਰ ਵਿਚ ਵਿਆਹ ਕਰਾਉਣ ਦਾ ਮਨ ਬਣਾਇਆ ਗਿਆ ਸੀ ਪਰ ਹੁਣ ਰਾਜੇਸ਼ ਖੰਨਾ ਟੀਨਾ ਤੋਂ ਕੋਹਾਂ ਦੂਰ ਭਜਣ ਲਗ ਪਿਆ ਹੈ। ਹੁਣ ਤਾਂ ਰਾਜੇਸ਼ ਖੰਨਾ ਖੁਲ੍ਹਮ-ਖੁਲ੍ਹੇ ਤੌਰ ਤੇ ਵੀ ਟੀਨਾ ਦੀ ਬਦਖੋਹੀ ਕਰਨੋਂ ਗੁਰੇਜ਼ ਨਹੀਂ ਕਰਦਾ। ਸਾਵਨ ਕੁਮਾਰ ਦੀ ਫਿਲਮ 'ਸੌਤਨ' ਵਿਚ ਰਾਜੇਸ਼ ਖੰਨਾ ਟੀਨਾ ਮੁਨੀਮ ਤੇ ਪਦਮਿਨੀ ਕੋਲ੍ਹਾਪੁਰੀ ਨਾਲ ਕੰਮ ਕਰ ਰਿਹਾ ਹੈ ਪਰ ਹੁਣ ਉਹ ਇਸ ਲਈ ਪਛਤਾ ਰਿਹਾ ਹੈ ਕਿ ਉਸ ਨੇ ਟੀਨਾ ਨਾਲ ਇਸ ਫਿਲਮ ਵਿਚ ਜੋੜੀ ਕਿਉਂ ਬਣਾਈ? ਰਾਜੇਸ਼ ਖੰਨਾ ਅਨੁਸਾਰ ਟੀਨਾ ਨੂੰ ਐਕਟਿੰਗ ਬਿਲਕੁਲ ਨਹੀਂ ਕਰਨੀ ਆਉਂਦੀ।

× ×

ਸੁਪਰੀਆ ਪਾਠਕ ਨੇ ਫਾਰੂਖ ਸ਼ੇਖ ਨੂੰ ਘਿਉ ਚੋਂ ਵਾਲ ਵਾਂਗ ਕਢ ਕੇ ਸੁਟ ਦਿਤਾ ਹੈ ਤੇ ਅਨਿਲ ਕਪੂਰ ਨਾਲ ਘਿਉ-ਖਿਚੜੀ ਹੋ ਗਈ ਹੈ। ਅਨਿਲ ਕਪੂਰ ਨੇ ਹਰ ਰੋਜ਼ ਪਾਠਕ ਦੀ ਰਿਹਾਇਸ਼ ਦੇ ਚੱਕਰ ਮਾਰਨੇ ਸ਼ੁਰੂ ਕਰ ਦਿਤੇ ਹਨ ਤੇ ਸੁਪਰੀਆ ਵੀ ਅਨਿਲ ਦੀਆਂ ਸਿਫਤਾਂ ਕਰਦੀ ਨਹੀਂ ਥਕਦੀ। ਹੋਰ ਤਾਂ ਹੋਰ ਉਹ ਅਨਿਲ ਕਪੂਰ ਦੀ ਫਿਲਮ 'ਕਹਾਂ ਕਹਾਂ ਸੇ ਗੁਜ਼ਰ ਗਯਾ' ਵਿਚ ਕਪੂਰ ਦੀ ਪੇਸ਼ਕਾਰੀ ਦੀਆਂ ਸਿਫਤਾਂ ਕਰਨੋਂ ਹੀ ਨਹੀਂ ਰੁਕਦੀ ਸਗੋਂ ਉਸ ਵਿਚ ਵਿਅਕਤੀਗਤ ਗੁਣਾਂ ਦੇ ਭੰਡਾਰ ਦਾ ਵੀ ਢੰਡੋਰਾ ਪਿਟਦੀ ਹੈ। ਚਲੋ ਸ਼ੁਰੂ ਵਿਚ ਏਨਾ ਹੀ ਕਾਫੀ ਹੈ?

× ×

ਰਾਜ ਕੁਮਾਰ ਕੋਹਲੀ ਨੇ ਤਾਂ ਅਨੀਤਾ ਰਾਜ ਦੀਆਂ ਸਿਫਤਾਂ ਕਰਨੀਆਂ ਹੀ ਹੋਈਆਂ ਕਿਉਂਕਿ ਉਹ ਉਸਦੀ ਫਿਲਮ 'ਨੌਕਰ ਬੀਵੀ ਕਾ' ਵਿਚ ਹੀਰੋਇਨ ਆ ਰਹੀ ਹੈ ਪਰ ਧਰਮਿੰਦਰ ਅਨੀਤਾ ਰਾਜ ਦੀ ਖੂਬਸੂਰਤੀ ਤੇ ਟੇਲੈਂਟ ਤੋਂ ਵਾਧੂ ਹੀ ਪ੍ਰਭਾਵਤ ਹੋਇਆ ਫਿਰਦਾ ਹੈ। ਧਰਮਿੰਦਰ ਕਹਿੰਦਾ ਹੈ ਜਿਵੇਂ 'ਨਾਗਿਨ' ਰੀਨਾ ਰਾਇ ਲਈ ਵਰਦਾਨ ਸਾਬਤ ਹੋਈ ਸੀ ਉਸੇ ਤਰ੍ਹਾਂ 'ਨੌਕਰ ਬੀਵੀ ਕਾ' ਵਿਚ ਅਨੀਤਾ ਰਾਜ ਵੀ ਆਪਣੇ ਕੈਰੀਅਰ ਦੀਆਂ ਸਿਖਰਾਂ ਛੋਹ ਲਵੇਗੀ। ਕਿਹੜੀਆਂ ਸਿਖਰਾਂ ਛੂਹੇਗੀ? ਮਜ਼ੇ ਇੰਤਜ਼ਾਰ ਕਰੋ!

× ×

ਟੀਟੋ ਨੇ ਆਪਣੀ ਫਿਲਮ 'ਇਤਿਹਾਸ' 'ਚ ਦਲੀਪ ਕੁਮਾਰ ਦੀਆਂ ਮੰਗਾਂ ਨੂੰ ਨਾ ਮੰਨਦਿਆਂ ਉਸ ਦੀ ਥਾਂ ਰਾਜਕੁਮਾਰ ਨੂੰ ਸਾਈਨ ਕਰ ਲਿਆ ਸੀ। ਫਿਲਮ ਦੇ ਮਹੂਰਤ ਸਮੇਂ ਜਦੋਂ ਰਾਜ ਕੁਮਾਰ ਨੇ ਸਾਥੀ ਕਲਾਕਾਰਾਂ ਅਨਿਲ ਕਪੂਰ ਤੇ ਮੋਹਨੀਸ਼ ਬਹਿਲ (ਨੂਤਨ ਦਾ ਲੜਕਾ) ਦੀ ਲੰਬਾਈ ਦੇਖੀ ਤਾਂ ਰਾਜਕੁਮਾਰ ਅਗ-ਭਬੂਕਾ ਹੋ ਗਿਆ ਤੇ ਨਿਰਮਾਤਾ ਨੂੰ ਕਹਿਣ ਲਗਾ ਕਿ ਉਸ ਨਾਲੋਂ ਲੰਬੇ ਅਭਿਨੇਤਾ ਫਿਲਮ ਲਈ ਸਾਈਨ ਕਿਉਂ ਕੀਤੇ ਹਨ। ਇਸੇ ਕਰਕੇ ਰਾਜਕੁਮਾਰ ਨੇ ਵੀ ਫਿਲਮ ਵਿਚ ਕੰਮ ਕਰਨ ਲਈ ਨਖਰੇ ਕਰਨੇ ਸ਼ੁਰੂ ਕਰ ਦਿਤੇ ਹਨ। ਉਸ ਨੂੰ ਇਹ ਨਹੀਂ ਪਤਾ ਕਿ ਇਹ ਨਵੇਂ ਨੌਜਵਾਨ ਲੰਬਾਈ ਵਿਚ ਉਸ ਨਾਲੋਂ ਵਡੇ ਜ਼ਰੂਰ ਹਨ ਪਰ ਟੇਲੈਂਟ ਵਿਚ ਬਿਲਕੁਲ ਨਹੀਂ।

× ×

ਦੀਪਤੀ ਨਵਲ ਨੇ ਵਿਦੇਸ਼ੀ ਮਾਰਕਿਟ ਵਿਚ ਆਪਣੀ ਬੱਲੇ-ਬੱਲੇ ਕਰਾਉਣ ਲਈ ਲੰਦਨ ਤੇ ਨਿਊਯਾਰਕ ਵਿਚ ਆਪਣੀ ਨਵੀਂ ਸ਼ੇਪ ਨਾਲ ਚਕਰ ਮਾਰਨੇ ਆਰੰਭ ਕਰ ਦਿਤੇ ਹਨ। ਉਸ ਨੇ ਵਾਲ ਕਟਾ ਕੇ ਛੋਟੇ ਕਰ ਲਏ ਹਨ ਤੇ ਜਿਸਮ ਤੇ ਘੱਟ ਤੋਂ ਘਟ ਕਪੜੇ ਪਾ ਕੇ ਵਿਦੇਸ਼ ਦੇ ਫਿਲਮੀ ਬਾਜ਼ਾਰਾਂ ਦੇ ਕਈ ਚੱਕਰ ਲਾ ਵੀ ਦਿਤੇ ਹਨ ਤੇ ਅਗੋਂ ਤੋਂ ਵੀ ਇਸੇ ਮਕਸਦ ਨਾਲ ਛੁਟੀਆਂ 'ਬਾਹਰ' ਹੀ ਬਿਤਾਉਣ ਦਾ ਇਰਾਦਾ ਹੈ। ਪਰ ਮਾਰਕ ਜ਼ੁਬੇਰ ਉਸਦੀ ਇਸ ਹਰਕਤ ਤੇ ਬੇਹੱਦ ਪ੍ਰੇਸ਼ਾਨ ਹੈ। ਉਸ ਦੀ ਇਹ ਪ੍ਰੇਸ਼ਾਨੀ ਸ਼ਬਾਨਾ ਆਜ਼ਮੀ ਦੂਰ ਕਰਨ ਦੀ ਲਗਾਤਾਰ ਕੋਸ਼ਿਸ਼ ਕਰ ਰਹੀ ਹੈ।

× ×

ਕਿਮ ਦਾ ਪੀਲਾ ਪਿਆ ਚੇਹਰਾ ਦੇਖ ਕੇ ਇਹ ਗੱਲ ਦਾ ਅੰਦਾਜ਼ਾ ਲਗਾਉਣਾ ਕੋਈ ਔਖਾ ਨਹੀਂ ਕਿ ਉਸ ਤੋਂ ਪਹਿਲਾਂ ਸ਼ੈਨੀ ਤੇ ਹੁਣ ਕੇਤਨ ਦੇਸਾਈ ਦਾ ਵਿਛੋੜਾ ਸਹਿਆ ਨਹੀਂ ਗਿਆ। ਪਰ ਉਸ ਨੂੰ ਇਹ ਧਰਵਾਸ ਕੌਣ ਦਿਵਾਏ ਕਿ ਭਾਰਤ ਵਿਚ ਸ਼ੈਨੀ ਵਾਂਗ ਹਿੰਦੀ ਬੋਲਣ ਵਾਲੇ ਨਿਪਾਲੀਆਂ ਦੀ ਘਾਟ ਨਹੀਂ।

× ×

ਪਦਮਿਨੀ ਕੋਲ੍ਹਾਪੁਰੀ ਨੇ ਆਪਣੇ ਡਿਗਦੇ ਕੈਰੀਅਰ ਨੂੰ ਬਚਾਉਣ ਲਈ ਹੁਣ ਵਧੀਆ ਐਕਟਰਾਂ ਦੀਆਂ ਸਿਫਤਾਂ ਕਰਨੀਆਂ ਸ਼ੁਰੂ ਕਰ ਦਿਤੀਆਂ ਹਨ। ਨਸੀਰੂਦੀਨ ਸ਼ਾਹ ਨਾਲ ਉਸਦੀ 'ਵੋਹ ਸਾਤ ਦਿਨ' ਫਿਲਮ ਬਣ ਰਹੀ ਹੈ। ਨਸੀਰੂਦੀਨ ਹੀ ਪਦਮਿਨੀ ਨੂੰ ਇਕੋ ਇਕ ਮਸੀਹਾ ਦਿਸ ਰਿਹਾ ਹੈ ਜੋ ਕਿ ਉਸ ਦੇ ਡੁਬਦੇ ਕੈਰੀਅਰ ਨੂੰ ਬਚਾ ਸਕੇ। ਇਸ ਲਈ ਪਦਮਿਨੀ ਜਿਸ ਕਿਸੇ ਨੂੰ ਵੀ ਮਿਲਦੀ ਹੈ ਉਸ ਕੋਲ ਨਸੀਰੂਦੀਨ ਦੀਆਂ ਸਿਫਤਾਂ ਹੀ ਕਰਦੀ ਹੈ। ਉਹ ਕਹਿੰਦੀ ਹੈ ਕਿ ਨਸੀਰੂਦੀਨ ਮੇਰੇ ਲਈ ਪ੍ਰਿੰਸ ਚਾਰਲਿਸ ਨਾਲੋਂ ਘਟ ਨਹੀਂ। ਇਹ ਵੀ ਹੋ ਸਕਦਾ ਹੈ ਕਿ ਉਹ ਪਿਛਲੇ ਜਨਮ ਵਿਚ ਰਾਜਾ (ਕਿੰਗ) ਜ਼ਰੂਰ ਹੋਵੇਗਾ।


**PAL'S COLLISION LTD.**




ALL TYPES OF BODY REPAIRS
- CARS • BOATS • TRUCKS
- FIBREGLASSING
- RESTORING
- PROFESSIONAL PAINTING

FREE COURTESY CARS AVAILABLE
(I.C.B.C.) CLAIMS HANDLED PROMPTLY
— FREE ESTIMATES —
ALL WORK CONDITIONALLY GUARANTEED

- ਪੂਰੀ ਬਾਡੀ ਦਾ ਕੰਮ
- ਮਾਡਰਨ ਫਰੇਮਾਂ ਦੀ ਮੁਰੰਮਤ
- ਫਾਈਬਰ ਗਲਾਸ ਦੀ ਮੁਰੰਮਤ
- ਕਾਰ ਵਿਚ ਸ਼ੀਸ਼ੇ ਲਾਉਣੇ
- ਮਾਡਰਨ ਕੁਆਲਿਟੀ ਪੇਂਟਿੰਗ
- ICBC ਦੇ ਕਲੇਮ ਜਲਦੀ ਹੈਂਡਲ ਕੀਤੇ ਜਾਂਦੇ ਹਨ
- ਮੁਫਤ ਐਸਟੀਮੇਟ
- ਪ੍ਰਾਈਵੇਟ ਕਲੇਮ.....ਵਾਜਬ ਰੇਟਾਂ ਤੇ
- ਮੁਫਤ ਕਾਰ ਟੋਅ ਕਰਨੀ

**I.C.B.C. Claims**
**50% Deductible**

270-1754 BUS
273-3270 RES.

**270-1754**

SUCHA BANSAL
#5 - 12880 BATHGATEWAY
RICHMOND, B.C. V6V 1Z4



# GOYAL : THE VIDEO KING

**4160 FRASER ST.**
**VANCOUVER, B.C. V5V 4E8**

## Proudly Announce a Grand Sale On Panasonic Video Machines

**WE SELL PANASONIC, TOSHIBA, SANYO, FISHER & SALVANIA VIDEO MACHINES**

**We have the biggest selection of Hindi/Punjabi old and new video films.**



PV — 1265 K $649.95



PV — 1310 K $849.95




PV — 5500 K $1375.00

**Released or Releasing**

**CHATPATEE**

Dev Anand in SWAMI DADA
&
Pyaar Mottabbat
&
MAYA
Pyaar Mohabbat
Rajshri's
Jiyo To Aise Jiyo
Kamal Hassan in
Zara Si Zindagi

**MASSOM**

KAVICOS
APRADHI KAUN
&
GANGA MERI MAA
&
GIRL FROM INDIA
SHAMMI KAPOOR in
PRINCE
SUNIL DUTT &
JEETENDRA in
UMAR QAID



ਰਾਜਿੰਦਰ ਗੋਇਲ

Very Soon— SINDOOR BANE
JWALA & GANGADHAM
VIDHAATA TAQDEER KA BADSHAH,
MAHAAN etc.

And Many Other New/Old Movies

MAIL ORDERS ACCEPTED

**FOR MORE INFORMATION PLEASE PHONE: (604)873-8308**